@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 26 August 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 26 ਅਗਸਤ 2026, 11 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 292, qpatrika@gmail.com ਫੋਨ : 9971359517 www.qaumipatrika.org

## 'ਵੰਦੇ ਮਾਤਰਮ' 'ਤੇ ਸਿਆਸੀ ਘਮਸਾਨ, ਕਾਂਗਰਸ ਦੇ ਫ਼ੈਸਲੇ 'ਤੇ ਭੜਕੀ ਭਾਜਪਾ, ਪਾਸ ਕੀਤਾ 10 ਨੁਕਾਤੀ ਪ੍ਰਸਤਾਵ

ਕੌਮੀ ਪਤ੍ਰਿਕਾ
ਸਿਮੀ ਕੌਰ ਬੱਬਰ

ਨਵੀਂ ਦਿੱਲੀ 25 ਅਗਸਤ। ਨਵੀਂ ਦਿੱਲੀ 'ਚ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਪ੍ਰਧਾਨਗੀ ਹੇਠ ਹੋਈ ਇਸ ਬੈਠਕ ਦੀ ਸ਼ੁਰੂਆਤ 'ਵੰਦੇ ਮਾਤਰਮ' ਦੀਆਂ ਸਾਰੀਆਂ ਛੇ ਲਾਈਨਾਂ ਦੇ ਪੂਰੇ ਗਾਇਨ ਨਾਲ ਹੋਈ। ਭਾਜਪਾ ਦੀ ਨਵੀਂ ਰਾਸ਼ਟਰੀ ਟੀਮ ਦੀ ਪਹਿਲੀ ਬੈਠਕ 'ਚ ਪਾਰਟੀ ਦੀਆਂ ਆਉਣ ਵਾਲੀਆਂ ਰਣਨੀਤੀਆਂ ਨੂੰ ਲੈ ਕੇ ਚਰਚਾ ਹੋਈ। ਉੱਥੇ ਹੀ ਪਹਿਲੀ ਬੈਠਕ 'ਚ ਰਾਸ਼ਟਰ ਗੀਤ 'ਵੰਦੇ ਮਾਤਰਮ' ਦੇ ਅਪਮਾਨ ਨੂੰ ਲੈ ਕੇ ਕਾਂਗਰਸ ਨੂੰ ਘੇਰਨ ਦੀ ਤਿਆਰੀ ਵੀ ਕੀਤੀ ਗਈ। ਬੈਠਕ 'ਚ ਭਾਜਪਾ ਨੇ ਕਾਂਗਰਸ ਵਰਕਿੰਗ ਕਮੇਟੀ (3➡3) ਦੇ 'ਵੰਦੇ ਮਾਤਰਮ' ਸਬੰਧੀ ਫ਼ੈਸਲੇ ਖ਼?ਲਾਫ਼ 10 ਨੁਕਾਤੀ ਸਖ਼ਤ ਨਿੰਦਾ ਪ੍ਰਸਤਾਵ ਪਾਸ ਕੀਤਾ। ਭਾਜਪਾ ਨੇ ਇਸ ਮੁੱਦੇ 'ਤੇ ਹਮਲਾਵਰ ਰੁਖ ਅਪਣਾਉਂਦਿਆਂ ਪੂਰੇ ਦੇਸ਼ 'ਚ ਸਿਆਸੀ ਪ੍ਰਦਰਸ਼ਨ ਅਤੇ ਜਨ-ਸੰਪਰਕ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਭਾਜਪਾ ਦੇ ਰਾਸ਼ਟਰੀ



ਪ੍ਰਧਾਨ ਨਿਤਿਨ ਨਬੀਨ ਤੇ ਕੇਂਦਰੀ ਗ੍ਰਿਹਿ ਮੰਤਰੀ ਅਮਿਤ ਸ਼ਾਹ ਸਮੇਤ ਸਿਖਰਲੇ ਆਗੂਆਂ ਨੇ ਕਾਂਗਰਸ ਦੇ 'ਵੰਦੇ ਮਾਤਰਮ' ਨੂੰ ਲੈ ਕੇ ਪਾਰਟੀ ਦੇ ਰੁਖ ਦੀ ਤਿੱਖੀ ਆਲੋਚਨਾ ਕੀਤੀ ਹੈ। ਭਾਜਪਾ ਨੇ ਕਾਂਗਰਸ ਦੇ ਕਦਮ ਨੂੰ ਰਾਸ਼ਟਰ ਗੀਤ, ਰਾਸ਼ਟਰੀ ਸਵੈ-ਮਾਣ ਤੇ ਦੇਸ਼ ਦੇ ਆਜ਼ਾਦੀ ਘੁਲਾਟੀਆਂ ਦੀ ਕੁਰਬਾਨੀ ਦਾ ਸਿੱਧਾ ਅਪਮਾਨ ਕਰਾਰ ਦਿੱਤਾ ਹੈ। ਬੈਠਕ 'ਚ ਭਾਜਪਾ ਵੱਲੋਂ ਪਾਸ ਕੀਤੇ ਪ੍ਰਸਤਾਵ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਸਿਆਸੀ ਫ਼ਾਇਦੇ ਜਾਂ ਵੋਟ ਬੈਂਕ ਦੇ ਤੁਸ਼ਟੀਕਰਨ ਲਈ 'ਵੰਦੇ ਮਾਤਰਮ' ਦੇ ਸਨਮਾਨ ਤੇ ਇਸ ਦੀ ਇਤਿਹਾਸਕ ਵਿਰਾਸਤ ਨਾਲ ਕੋਈ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾਵੇਗਾ। ਪਾਰਟੀ ਨੇ ਮਹਾਤਮਾ ਗਾਂਧੀ ਦੇ ਉਸ ਇਤਿਹਾਸਕ ਕਥਨ ਨੂੰ ਵੀ ਦੇਸ਼ ਭਰ 'ਚ ਪ੍ਰਚਾਰਿਤ ਕਰਨ ਦਾ ਸੰਕਲਪ ਲਿਆ ਹੈ, ਜਿਸ ਵਿਚ ਉਨ੍ਹਾਂ ਨੇ 'ਵੰਦੇ ਮਾਤਰਮ' ਨੂੰ ਸਾਮਰਾਜਵਾਦ ਵਿਰੋਧੀ ਨਾਅਰਾ ਅਤੇ ਸ਼ੁੱਧ ਰਾਸ਼ਟਰੀ ਭਾਵਨਾ ਨਾਲ ਭਰਪੂਰ ਉਦਘੋਸ਼ ਦੱਸਿਆ ਸੀ। ਭਾਜਪਾ ਦਾ ਟੀਚਾ ਇਸ ਦੇਸ਼-ਵਿਆਪੀ ਮੁਹਿੰਮ ਰਾਹੀਂ ਰਾਸ਼ਟਰ ਗੀਤ ਦੇ ਪੂਰੇ ਸਰੂਪ ਦੇ ਇਤਿਹਾਸ, ਮਹੱਤਵ ਅਤੇ ਮਾਣਮੱਤੀ ਵਿਰਾਸਤ ਨੂੰ ਭਾਰਤ ਦੇ ਹਰ ਕੋਨੇ ਤੱਕ ਪਹੁੰਚਾਉਣਾ ਹੈ। ਕਾਂਗਰਸ ਵਰਕਿੰਗ ਕਮੇਟੀ (3➡3) ਨੇ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਪਾਰਟੀ ਆਪਣੇ ਪ੍ਰੋਗਰਾਮਾਂ 'ਚ ਸਿਰਫ਼ ਸ਼ੁਰੂਆਤੀ ਦੋ ਲਾਈਨ ਹੀ ਗਾਏਗੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਹੋਰ ਸੀਨੀਅਰ ਆਗੂਆਂ ਦਾ ਤਰਕ ਹੈ ਕਿ ਪਾਰਟੀ 1937 ਦੇ ਉਸ ਇਤਿਹਾਸਕ ਪ੍ਰਸਤਾਵ ਤੇ ਪਰੰਪਰਾ ਦਾ ਪਾਲਣ ਕਰ ਰਹੀ ਹੈ, ਜਿਸ ਨੂੰ ਆਜ਼ਾਦੀ ਸੰਗਰਾਮ ਦੌਰਾਨ ਅਪਣਾਇਆ ਗਿਆ ਸੀ। ਕਾਂਗਰਸ ਮੁਤਾਬਕ, ਇਹ ਫ਼ੈਸਲਾ ਅਕਤੂਬਰ 1937 'ਚ ਮਹਾਤਮਾ ਗਾਂਧੀ, ਪੰਡਿਤ ਜਵਾਹਰਲਾਲ ਨਹਿਰੂ, ਸਰਦਾਰ ਵੱਲਭਭਾਈ ਪਟੇਲ, ਨੇਤਾਜੀ ਸੁਭਾਸ਼ ਚੰਦਰ ਬੋਸ ਅਤੇ ਰਬਿੰਦਰਨਾਥ ਟੈਗੋਰ ਵਰਗੇ ਮਹਾਨ ਆਜ਼ਾਦੀ ਘੁਲਾਟੀਆਂ ਅਤੇ ਰਾਸ਼ਟਰ ਘਾੜਿਆਂ ਦੀ ਆਪਸੀ ਸਹਿਮਤੀ ਨਾਲ ਲਿਆ ਗਿਆ ਸੀ। ਕਾਂਗਰਸ ਲੀਡਰਸ਼ਿਪ ਦਾ ਕਹਿਣਾ ਹੈ ਕਿ ਉਹ ਉਸੇ ਪਰੰਪਰਾ ਦਾ ਸਨਮਾਨ ਕਰ ਰਹੀ ਹੈ, ਜਿਸ ਨੂੰ ਦੇਸ਼ ਦੇ ਸੰਸਥਾਪਕਾਂ ਨੇ ਤੈਅ ਕੀਤਾ ਸੀ। 'ਵੰਦੇ ਮਾਤਰਮ' ਨੂੰ ਲੈ ਕੇ ਸਿਆਸੀ ਘਮਸਾਨ ਜਾਰੀ ਹੈ। ਹਾਲ ਹੀ ਵਿੱਚ 'ਵੰਦੇ ਮਾਤਰਮ' ਨੂੰ ਕਾਨੂੰਨੀ ਸੁਰੱਖਿਆ ਦੇਣ ਵਾਲਾ ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ (ਸੋਧ) ਕਾਨੂੰਨ ਪਹਿਲਾਂ ਹੀ ਦੇਸ਼ ਵਿਚ ਲਾਗੂ ਹੋ ਚੁੱਕਾ ਹੈ।

## ਕਾਂਗਰਸ 1984 ਦੇ ਦੋਸ਼ੀ ਨੂੰ ਦੱਸ ਰਹੀ ਹੈ 'ਰੋਲ ਮਾਡਲ' : ਆਰ.ਪੀ. ਸਿੰਘ

ਕੌਮੀ ਪਤ੍ਰਿਕਾ

ਨਵੀਂ ਦਿੱਲੀ 25 ਅਗਸਤ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਹੈ ਕਿ ਜਿਸ ਪਾਰਟੀ ਲਈ ਇਕ ਕਾਤਲ ਰੋਲ ਮਾਡਲ ਹੋ ਸਕਦਾ ਹੈ, ਉਸ ਪਾਰਟੀ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਅੱਜ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀ ਸੱਜਨ ਕੁਮਾਰ ਨੂੰ ਰੋਲ ਮਾਡਲ ਅਤੇ ਨਾ-ਪੂਰਾ ਹੋਣ ਵਾਲਾ ਘਾਟਾ ਦੱਸ ਰਹੀ ਹੈ, ਜੋ ਇਹ ਸਾਫ਼ ਕਰਦਾ ਹੈ ਕਿ ਕਾਂਗਰਸ 1984 ਦੇ ਦੁਖਾਂਤ ਨੂੰ ਕਿਸ ਨਜ਼ਰੀਏ ਨਾਲ ਦੇਖਦੀ ਹੈ। ਆਰ.ਪੀ. ਸਿੰਘ ਨੇ 'ਐਕਸ' ਪੋਸਟ ਕਰਦੇ ਹੋਏ ਕਿਹਾ,"ਕਾਂਗਰਸ ਲਈ ਇਕ ਕਾਤਲ 'ਰੋਲ ਮਾਡਲ' ਹੋ ਸਕਦਾ ਹੈ ਤਾਂ ਫਿਰ ਉਸ ਪਾਰਟੀ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ, ਜਿਸ ਦੇ ਆਪਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦਿੱਲੀ 'ਚ ਕਰੀਬ 3,000 ਨਿਰਦੋਸ਼ ਸਿੱਖਾਂ ਦੇ ਕਤਲ ਨੂੰ ਇਹ ਕਹਿ ਕੇ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ



"ਜਦੋਂ ਵੱਡਾ ਦਰੱਖਤ ਡਿੱਗਦਾ ਹੈ, ਧਰਤੀ ਹਿਲਦੀ ਹੈ।" ਉਨ੍ਹਾਂ ਨੇ ਅੱਗੇ ਲਿਖਿਆ,"ਜਿਹੜੇ ਪਰਿਵਾਰਾਂ ਨੇ ਆਪਣੇ ਬੇਟੇ, ਪਤੀ, ਪਿਤਾ ਅਤੇ ਭਰਾ ਗੁਆਏ, ਜਿਨ੍ਹਾਂ ਦੇ ਆਪਣਿਆਂ ਨੂੰ ਜਿਊਂਦੇ ਸਾੜ ਦਿੱਤਾ ਗਿਆ। ਉਨ੍ਹਾਂ ਲਈ ਇਹ 'ਧਰਤੀ ਦਾ ਥੋੜ੍ਹਾ ਜਿਹਾ ਹਿਲਣਾ' ਨਹੀਂ ਸੀ, ਇਹ ਉਨ੍ਹਾਂ ਦੀ ਪੂਰੀ ਜ਼ਿੰਦਗੀ ਦਾ ਉਜੜ ਜਾਣਾ ਸੀ ਅਤੇ ਅੱਜ ਜਦੋਂ ਕਾਂਗਰਸ ਦੇ ਨੇਤਾ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ 'ਰੋਲ ਮਾਡਲ ਅਤੇ 'ਕਦੇ ਨਾ ਪੂਰਾ ਹੋਣ ਵਾਲਾ ਘਾਟਾ' ਦੱਸਦੇ ਹਨ ਤਾਂ ਉਹ ਸਾਫ਼ ਦਿਖਾ ਰਹੇ ਹਨ ਕਿ ਕਾਂਗਰਸ 1984 ਨੂੰ ਕਿਸ ਨਜ਼ਰ ਨਾਲ ਦੇਖਦੀ ਹੈ।" ਉਨ੍ਹਾਂ ਕਿਹਾ,"1984 ਨੂੰ ਕਦੇ ਨਹੀਂ ਭੁੱਲਾਂਗੇ। ਦਿੱਲੀ 'ਚ ਕਰੀਬ 3000 ਨਿਰਦੋਸ਼ ਸਿੱਖਾਂ ਦਾ ਕਤਲ ਹੋਇਆ ਸੀ। ਉਨ੍ਹਾਂ ਦਾ ਖ਼ੂਨ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਕਿਸੇ ਰਾਜਨੀਤਕ ਸ਼ਰਧਾਂਜਲੀ ਨਾਲ ਮਿਟਾਇਆ ਨਹੀਂ ਜਾ ਸਕਦਾ। 1984 ਦੇ ਦੋਸ਼ੀਆਂ ਦੀ ਵਡਿਆਈ ਕਰਕੇ ਕਾਂਗਰਸ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਛਿੜਕ ਲੂਣ ਰਹੀ ਹੈ।"

## ਭਾਰਤ ਤੇ ਮਾਰੀਸ਼ਸ ਵਿਚਾਲੇ ਊਰਜਾ ਖੇਤਰ 'ਚ ਇਤਿਹਾਸਕ ਸਮਝੌਤਾ

ਪੋਰਟ ਲੂਈਸ 25 ਅਗਸਤ। ਭਾਰਤ ਅਤੇ ਮਾਰੀਸ਼ਸ ਨੇ ਆਪਣੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਦਿਆਂ ਤੇਲ ਅਤੇ ਗੈਸ ਖੇਤਰ ਵਿੱਚ ਸਹਿਯੋਗ ਲਈ ਇੱਕ ਮਹੱਤਵਪੂਰਨ ਸਮਝੌਤੇ 'ਤੇ ਹਸਤਾਖਰ ਕੀਤੇ। ਇਸ ਦੇ ਨਾਲ ਹੀ ਇੰਡੀਅਨ ਆਇਲ ਅਤੇ ਮਾਰੀਸ਼ਸ ਦੇ ਸਟੇਟ ਟਰੇਡਿੰਗ ਕਾਰਪੋਰੇਸ਼ਨ ਵਿਚਕਾਰ ਅਗਲੇ 5 ਸਾਲਾ ਲਈ ਪੋਰਟ ਲੂਈਸ ਨੂੰ ਪੈਟਰੋਲੀਅਮ ਉਤਪਾਦਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਇੱਕ ਸਮਝੌਤਾ ਵੀ ਹੋਇਆ। ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਮਾਰੀਸ਼ਸ ਦੇ ਵਣਜ ਅਤੇ ਖਪਤਕਾਰ ਸੁਰੱਖਿਆ ਮੰਤਰੀ ਜੌਨ ਮਾਈਕਲ ਤਜ਼ੌਨ ਸਾਓ ਯੇਂਗ ਸਿਕ ਯੂਏਨ ਨਾਲ ਇਸ ਸਮਝੌਤੇ 'ਤੇ ਹਸਤਾਖਰ ਕੀਤੇ। ਪੰਜ-ਸਾਲਾ ਸਮਝੌਤੇ ਦੇ ਤਹਿਤ, ਇੰਡੀਅਨ ਆਇਲ ਮਾਰੀਸ਼ਸ ਨੂੰ ਪੈਟਰੋਲ, ਡੀਜ਼ਲ, ਮਰੀਨ ਗੈਸ ਆਇਲ ਅਤੇ ਏਵੀਏਸ਼ਨ ਟਰਬਾਈਨ ਫਿਊਲ ਸਪਲਾਈ ਕਰੇਗਾ, ਜਿਸ ਨਾਲ ਮਾਰੀਸ਼ਸ ਨੂੰ ਲੰਬੇ ਸਮੇਂ ਦੀ ਸਪਲਾਈ ਨਿਸ਼ਚਤਤਾ, ਕੀਮਤਾਂ ਵਿੱਚ ਵਧੇਰੇ ਸਥਿਰਤਾ ਅਤੇ ਬਿਹਤਰ ਊਰਜਾ ਸੁਰੱਖਿਆ ਮਿਲੇਗੀ। ਪੁਰੀ ਨੇ ਕਿਹਾ ਕਿ ਇਹ ਸਮਝੌਤਾ ਮਾਰੀਸ਼ਸ ਦੀ ਗਤੀਸ਼ੀਲਤਾ, ਸੰਪਰਕ ਅਤੇ ਆਰਥਿਕ ਵਿਕਾਸ ਵਿੱਚ ਮਦਦ ਕਰੇਗਾ ਅਤੇ ਇਸਨੂੰ ਸਥਾਈ ਭਾਰਤ-ਮਾਰੀਸ਼ਸ ਭਾਈਵਾਲੀ ਵਿੱਚ ਇੱਕ ਨਵਾਂ ਮੀਲ ਪੱਥਰ ਦੱਸਿਆ।

## 'ਜੱਜ ਕੋਈ ਰੱਬ ਨਹੀਂ ਹੁੰਦਾ, ਉਸ ਤੋਂ ਵੀ ਗਲਤੀਆਂ ਹੋ ਸਕਦੀਆਂ ਹਨ', ਆਪਣੇ ਵਿਦਾਇਗੀ ਸਮਾਰੋਹ 'ਚ ਬੋਲੇ ਜਸਟਿਸ ਸੰਜੇ ਕਰੋਲ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 25 ਅਗਸਤ। ਸੇਵਾਮੁਕਤ ਸੁਪਰੀਮ ਕੋਰਟ ਦੇ ਜੱਜ ਜਸਟਿਸ ਸੰਜੇ ਕਰੋਲ ਆਪਣੇ ਵਿਦਾਇਗੀ ਸਮਾਰੋਹ ਦੌਰਾਨ ਭਾਵੁਕ ਦਿਖਾਈ ਦਿੱਤੇ। ਆਪਣੇ ਚਾਰ ਦਹਾਕੇ ਲੰਬੇ ਕਾਨੂੰਨੀ ਕਰੀਅਰ ਨੂੰ ਯਾਦ ਕਰਦਿਆਂ, ਉਨ੍ਹਾਂ ਕਿਹਾ ਕਿ ਜੱਜ ਦੇਵਤਾ ਨਹੀਂ ਹਨ; ਉਹ ਵੀ ਗਲਤੀਆਂ ਕਰ ਸਕਦੇ ਹਨ, ਅਤੇ ਉਨ੍ਹਾਂ ਦੁਆਰਾ ਲਿਆ ਗਿਆ ਹਰ ਫੈਸਲਾ ਸਹੀ ਨਹੀਂ ਹੋ ਸਕਦਾ। ਹਾਲਾਂਕਿ, ਨਿਆਂ ਦੇਣ ਲਈ ਨਿਮਰਤਾ ਅਤੇ ਮਨੁੱਖੀ ਹਮਦਰਦੀ ਜ਼ਰੂਰੀ ਹੈ। ਉਨ੍ਹਾਂ ਕਿਹਾ, ਸੰਵਿਧਾਨ ਸਾਨੂੰ ਸਿਰਫ਼ ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਨਹੀਂ ਕਹਿੰਦਾ, ਇਹ ਸਾਨੂੰ ਇਸਨੂੰ ਨਿਆਂਪੂਰਨ ਢੰਗ ਨਾਲ ਲਾਗੂ ਕਰਨ ਲਈ ਕਹਿੰਦਾ ਹੈ। ਸ਼ਾਇਦ ਇਸੇ ਲਈ ਮੈਨੂੰ ਹਮੇਸ਼ਾ ਇਹ ਫੈਸਲਾ ਕਰਨ ਨਾਲੋਂ ਕਿਤੇ ਜ਼ਿਆਦਾ ਵੱਡਾ ਲੱਗਦਾ ਹੈ ਕਿ ਕੌਣ ਕਾਨੂੰਨੀ ਤੌਰ 'ਤੇ ਸਹੀ ਹੈ। ਆਪਣੇ ਵਿਦਾਇਗੀ ਭਾਸ਼ਣ ਵਿੱਚ, ਜਸਟਿਸ ਕੈਰੋਲ ਨੇ ਜ਼ੋਰ ਦੇ ਕੇ ਕਿਹਾ ਕਿ ਜੱਜਾਂ ਨੂੰ ਆਪਣੇ ਆਪ ਨੂੰ ਕਾਨੂੰਨੀ ਦਸਤਾਵੇਜ਼ਾਂ ਅਤੇ ਬਹਿਸਾਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਮੁਕੱਦਮੇਬਾਜ਼ ਦੇ ਦਰਦ ਨੂੰ ਵੀ



ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ, ਅਸੀਂ ਜੱਜ ਹਾਂ, ਰੱਬ ਨਹੀਂ। ਅਸੀਂ ਵੀ ਹਰ ਫੈਸਲਾ ਸਹੀ ਢੰਗ ਨਾਲ ਨਹੀਂ ਲੈ ਸਕਦੇ। ਉਨ੍ਹਾਂ ਅੱਗੇ ਕਿਹਾ ਕਿ ਇੱਕ ਅਦਾਲਤੀ ਫਾਈਲ ਜਾਂ ਪਟੀਸ਼ਨ ਸਿਰਫ਼ ਇੱਕ ਮਾਮਲੇ ਦੇ ਤੱਥ ਹੀ ਦੱਸ ਸਕਦੀ ਹੈ, ਪਰ ਇਹ ਕਦੇ ਵੀ ਇਹ ਨਹੀਂ ਦੱਸ ਸਕਦੀ ਕਿ ਇੱਕ ਵਿਅਕਤੀ ਨੇ ਕੀ ਗੁਆ ਦਿੱਤਾ ਹੈ ਜਾਂ ਉਹ ਅਦਾਲਤ ਵਿੱਚ ਕਿਹੜੀ ਉਮੀਦ ਲੈ ਕੇ ਆਇਆ ਹੈ। ਨਿਆਂ ਸਿਰਫ਼ ਸ਼ਬਦਾਂ ਜਾਂ ਦਲੀਲਾਂ ਦਾ ਖੇਡ ਨਹੀਂ ਹੈ, ਸਗੋਂ ਨਿਆਂ ਦੀ ਪੁਕਾਰ ਦੀ ਸੁਣਵਾਈ ਹੈ ਜੋ ਅਕਸਰ ਸ਼ਬਦਾਂ ਦੇ ਵਿਚਕਾਰ ਦੀ ਚੁੱਪ ਵਿੱਚ ਛੁਪੀ ਹੁੰਦੀ ਹੈ। ਜਸਟਿਸ ਕਰੋਲ ਨੇ ਅੱਗੇ ਕਿਹਾ ਕਿ ਸ਼ਾਇਦ ਇਸੇ ਲਈ ਮੈਂ ਹਮੇਸ਼ਾ ਕਿਹਾ ਹੈ ਕਿ ਫੈਸਲਾ ਸੁਣਾਉਂਦੇ ਸਮੇਂ ਇੱਕ ਖਾਸ ਹੱਦ ਤੱਕ ਨਿਮਰਤਾ ਦੀ ਲੋੜ ਹੁੰਦੀ ਹੈ। ਜਸਟਿਸ ਕਰੋਲ ਨੇ ਆਪਣੇ 40 ਸਾਲਾਂ ਦੇ ਲੰਬੇ ਕਰੀਅਰ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਇੱਕ ਵਕੀਲ ਵਜੋਂ ਸ਼ੁਰੂਆਤ ਕੀਤੀ ਅਤੇ ਪਿਛਲੇ 19 ਸਾਲਾਂ ਤੋਂ ਜੱਜ ਵਜੋਂ ਸੇਵਾ ਨਿਭਾਈ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਹਾਈ ਕੋਰਟ, ਤ੍ਰਿਪੁਰਾ ਅਤੇ ਪਟਨਾ ਹਾਈ ਕੋਰਟਾਂ ਦੇ ਮੁੱਖ ਜੱਜ ਵਜੋਂ ਸੇਵਾ ਨਿਭਾਉਣ ਤੋਂ ਬਾਅਦ 6 ਫਰਵਰੀ, 2023 ਨੂੰ ਸੁਪਰੀਮ ਕੋਰਟ ਦਾ ਅਹੁਦਾ ਸੰਭਾਲਿਆ। ਸਮਾਰੋਹ ਦੌਰਾਨ, ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰਿਆ ਕਾਂਤ, ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਅਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਦੀਪ ਰੇਅ ਨੇ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਅੰਤ ਵਿੱਚ, ਭਾਵੁਕ ਹੋਏ ਜਸਟਿਸ ਕਰੋਲ ਨੇ ਕਿਹਾ ਕਿ ਉਹ ਇੱਕ ਆਮ ਨਾਗਰਿਕ ਵਜੋਂ ਸਭ ਤੋਂ ਉੱਚੇ ਅਤੇ ਸਭ ਤੋਂ ਵੱਕਾਰੀ ਸੰਵਿਧਾਨਕ ਅਹੁਦੇ 'ਤੇ ਵਾਪਸ ਆ ਰਹੇ ਹਨ।

## ਬੀਬਾ ਬਾਦਲ ਦੀ ਰੁਕਦੀ ਜ਼ੁਬਾਨ ਨੇ ਦਿੱਤੇ ਗੱਠਜੋੜ ਦੇ ਸੰਕੇਤ

ਲੌਂਗੋਵਾਲ 25 ਅਗਸਤ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਗੱਠਜੋੜ ਅਤੇ ਕੇਂਦਰ ਸਰਕਾਰ 'ਚ ਅਕਾਲੀ ਦਲ ਦੀ ਨੁਮਾਇੰਦਗੀ ਨੂੰ ਲੈ ਕੇ ਅੱਜ ਉਸ ਵੇਲੇ ਸੰਕੇਤ ਸਾਹਮਣੇ ਆਏ ਜਦੋਂ ਅੱਜ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਪਹੁੰਚੇ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਦੀ ਜ਼ੁਬਾਨ ਕੁਝ ਕਹਿੰਦੇ-ਕਹਿੰਦੇ ਰੁਕ ਗਈ। ਹਲਕਾ ਇੰਚਾਰਜ ਵਿਨਰਜੀਤ ਗੋਲਡੀ ਵੱਲੋਂ ਸਰਕਾਰ ਆਉਣ 'ਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰ ਐਂਡ ਟੈਕਨਾਲੋਜੀ ਨੂੰ ਸਕਿੱਲ ਯੂਨੀਵਰਸਟੀ ਬਣਾਉਣ ਸਬੰਧੀ ਰੱਖੀ ਮੰਗ 'ਤੇ ਬੀਬਾ ਬਾਦਲ ਨੇ ਕਿਹਾ ਕਿ ਇਹ ਤਾਂ ਬਹੁਤ ਛੋਟੀ ਮੰਗ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੀ ਜ਼ੁਬਾਨ 'ਚੋਂ ਕੁਝ ਕਹਿੰਦੇ-ਕਹਿੰਦੇ ਰੁਕ ਗਈ ਹਾਂ, ਜਿਸ ਦਾ ਤੁਹਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ। ਉਨ੍ਹਾਂ ਗੁਰੂ ਸਾਹਿਬ ਕਿਰਪਾ ਕਰਨ ਆਜਿਹੇ ਸਮਝੌਤੇ ਹੋਣ, ਜਿਵੇਂ ਦਿੱਲੀ ਤੋਂ ਸਾਡੇ ਵਿਕਾਸ ਦੇ ਕੰਮ ਹੁੰਦੇ ਸੀ ਇਕ ਵਾਰ ਫਿਰ ਉਹੀ ਵਿਕਾਸ ਤੇ ਤਰੱਕੀ ਦੀ ਪੰਜਾਬ 'ਚ ਨੀਂਹ ਰੱਖੀ ਜਾਵੇ।

## ਮੁੱਖ ਮੰਤਰੀ ਮਾਨ ਦੀ ਪਤਨੀ ਨੇ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਭੇਜਿਆ ਲੀਗਲ ਨੋਟਿਸ

ਚੰਡੀਗੜ੍ਹ 25 ਅਗਸਤ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਵੱਲੋਂ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਇਕ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਮੁੱਖ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਅਨੁਸਾਰ ਇਸ ਨੋਟਿਸ ਰਾਹੀਂ ਰਣਜੀਤ ਸਿੰਘ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ, ਜਵਾਬ ਨਾ ਦੇਣ ਦੀ ਸੂਰਤ ਵਿਚ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਸੇਵਾਮੁਕਤ ਜੱਜ ਨੇ ਜਨਤਕ ਤੌਰ 'ਤੇ



ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਨੇ ਇਕ ਕੇਸ ਦੇ ਸਬੰਧ ਵਿਚ ਕਥਿਤ ਤੌਰ 'ਤੇ 5 ਕਰੋੜ ਰੁਪਏ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਸਿਰਫ ਦੋਸ਼ ਹੀ ਨਹੀਂ ਲਗਾਏ ਸਗੋਂ ਇਸ ਸਾਰੇ ਮਾਮਲੇ 'ਤੇ ਸੀ. ਬੀ. ਆਈ. ਜਾਂਚ ਦੀ ਮੰਗ ਵੀ ਕੀਤੀ ਸੀ। ਇਸ ਦੋਸ਼ ਨੂੰ ਲੈ ਕੇ ਡਾ. ਗੁਰਪ੍ਰੀਤ ਕੌਰ ਵੱਲੋਂ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਨੋਟਿਸ ਭੇਜ ਕੇ 24 ਘੰਟਿਆਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ। ਜਵਾਬ ਨਾ ਦੇਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋਣਾ ਪਵੇਗਾ।

## ਗੁਜਰਾਤ ਦੇ ਮੁੱਖ ਮੰਤਰੀ ਨੇ ਅਮਰੀਕਾ 'ਚ ਵਪਾਰ ਜਗਤ ਦੇ ਦਿੱਗਜਾਂ ਤੇ ਪ੍ਰਵਾਸੀ ਭਾਰਤੀਆਂ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਿਊਯਾਰਕ 25 ਅਗਸਤ। ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਨਿਊਯਾਰਕ 'ਚ ਉਦਯੋਗ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਭਾਰਤੀ ਪ੍ਰਵਾਸੀਆਂ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ, ਗੁਜਰਾਤ ਅਤੇ ਅਮਰੀਕਾ ਵਿਚਕਾਰ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਮੌਕਿਆਂ 'ਤੇ ਚਰਚਾ ਕੀਤੀ ਗਈ। ਬੁੱਧਵਾਰ ਨੂੰ ਵਾਸ਼ਿੰਗਟਨ ਤੋਂ ਨਿਊਯਾਰਕ ਪਹੁੰਚੇ ਪਟੇਲ ਨੇ ਨਿਊ ਜਰਸੀ 'ਚ ਉਦਯੋਗ ਪ੍ਰਤੀਨਿਧੀਆਂ ਅਤੇ ਸੀਨੀਅਰ ਕਾਰਪੋਰੇਟ ਕਾਰਜਕਾਰੀਆਂ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਨਿਊਯਾਰਕ 'ਚ ਭਾਰਤੀ ਕੌਂਸਲੇਟ ਜਨਰਲ ਨੇ ✓ 'ਤੇ ਇਕ ਪੋਸਟ 'ਚ ਕਿਹਾ ਕਿ ਉਸ ਨੇ ਪਟੇਲ ਲਈ ਨਿਊਯਾਰਕ ਅਤੇ ਨਿਊ ਜਰਸੀ 'ਚ ਰਤਨ ਅਤੇ ਗਹਿਣੇ ਖੇਤਰ ਦੇ ਪ੍ਰਤੀਨਿਧੀਆਂ ਨਾਲ ਇਕ ਮੀਟਿੰਗ ਦਾ ਆਯੋਜਨ ਕੀਤਾ। ਦੂਤਘਰ ਨੇ ਕਿਹਾ ਕਿ ਸੌਰਾਸ਼ਟਰ ਡਾਇਮੰਡ ਐਸੋਸੀਏਸ਼ਨ ਸਮੇਤ ਭਾਗੀਦਾਰਾਂ ਨੇ ਵਪਾਰ



ਅਤੇ ਨਿਵੇਸ਼ ਨੂੰ ਵਧਾਉਣ ਦੇ ਮੌਕਿਆਂ ਦੇ ਨਾਲ-ਨਾਲ ਖੇਤਰ ਦੇ ਵਿਕਾਸ ਅਤੇ ਭਾਰਤ-ਅਮਰੀਕਾ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ। ਨਿਊ ਜਰਸੀ 'ਚ ਨੌਜਵਾਨ ਉੱਦਮੀਆਂ ਅਤੇ ਕਾਰੋਬਾਰੀ ਆਗੂਆਂ ਨਾਲ ਇਕ ਮੀਟਿੰਗ ਵੀ ਕੀਤੀ ਗਈ। ਐਡੀਸਨ ਦੇ ਮੇਅਰ ਸੈਮ ਜੋਸ਼ੀ ਅਤੇ ਪਾਰਸਿਪਨੀ-ਟ?ਰੌਏ ਹਿਲਜ਼ ਦੇ ਮੇਅਰ ਪੁਲਕਿਤ ਦੇਸਾਈ ਨੇ ਪਟੇਲ ਨਾਲ ਮੁਲਾਕਾਤ ਕੀਤੀ। ਗੁਜਰਾਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਪਾਰ, ਨਿਵੇਸ਼ ਅਤੇ ਉੱਦਮਤਾ ਸਬੰਧਾਂ ਨੂੰ ਵਧਾਉਣ ਦੇ ਮੌਕਿਆਂ 'ਤੇ ਚਰਚਾ ਕੀਤੀ ਗਈ। ਵੱਖ-ਵੱਖ ਖੇਤਰਾਂ ਦੇ ਨੌਜਵਾਨ ਉੱਦਮੀਆਂ ਨੇ ਇਸ ਵਿੱਚ ਹਿੱਸਾ ਲਿਆ। ਇਸ ਦੌਰਾਨ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਨੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਦੇ ਸਹਿਯੋਗ ਨਾਲ, ਪਟੇਲ ਦੀ ਸੰਸਥਾਗਤ ਨਿਵੇਸ਼ਕਾਂ, ਵਿੱਤੀ ਸੰਸਥਾਵਾਂ ਅਤੇ ਨਿਰਮਾਣ ਨੇਤਾਵਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ।



# ਵਿਦੇਸ਼ 'ਚ ਖਾਨ ਬਾਬਾ ਗੈਂਗ ਨੇ ਅਗਵਾ ਕੀਤਾ ਫਿਲੌਰ ਦਾ ਨੌਜਵਾਨ, ਛੱਡਣ ਲਈ ਮੰਗੇ 70 ਹਜ਼ਾਰ ਡਾਲਰ

**ਕੌਮੀ ਪਤ੍ਰਿਕਾ**

ਜਲੰਧਰ 25 ਅਗਸਤ। ਫਿਲੌਰ ਦੇ ਰਹਿਣ ਵਾਲੇ ਰਾਕੇਸ਼ ਕੁਮਾਰ (30) ਨੂੰ ਵਿਦੇਸ਼ ਦੀ ਧਰਤੀ 'ਤੇ ਅਗਵਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਰਾਕੇਸ਼ ਕੁਮਾਰ ਚੰਗੇ ਭਵਿੱਖ ਖਾਤਿਰ ਏਜੰਟ ਜ਼ਰੀਏ ਲੱਖਾਂ ਰੁਪਏ ਖ਼ਰਚ ਕਰਕੇ ਵਿਦੇਸ਼ ਦੀ ਧਰਤੀ 'ਤੇ ਪਹੁੰਚਿਆ ਸੀ, ਜਿਸ ਨੂੰ ਉਥੇ ਅਗਵਾ ਕਰ ਲਿਆ ਗਿਆ। ਉਸ ਨੂੰ ਛੱਡਣ ਲਈ 70 ਹਜ਼ਾਰ ਡਾਲਰ (58 ਲੱਖ ਰੁਪਏ) ਦੀ ਮੰਗ ਕੀਤੀ ਗਈ ਹੈ। ਪਰਿਵਾਰ ਨੇ ਆਪਣੇ ਪੁੱਤਰ ਨੂੰ ਘਰ ਵਾਪਸ ਲਿਆਉਣ ਲਈ ਸਰਕਾਰ ਨੂੰ ਗੁਹਾਰ ਲਗਾਈ ਹੈ। ਪੀੜਤ ਪਰਿਵਾਰ ਨੇ ਲਿਖਤੀ ਸ਼ਿਕਾਇਤ ਦਰਜ ਕਰਵਾ ਕੇ ਲੱਖਾਂ ਰੁਪਏ ਲੈ ਕੇ ਵਿਦੇਸ਼ ਭੇਜਣ ਵਾਲੇ ਟ?ਰੈਵਲ ਏਜੰਟ ਅਤੇ ਉਸ ਦੇ ਸਾਥੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਅਤੇ ਆਪਣੇ ਪੁੱਤਰ ਨੂੰ ਭਾਰਤ ਵਾਪਸ ਲਿਆਉਣ ਦੀ ਮੰਗ ਕੀਤੀ ਹੈ। ਪੁਲਸ ਨੇ ਟ?ਰੈਵਲ ਏਜੰਟ ਵਿਰੁੱਧ ਕੇਸ ਦਰਜ ਕਰ ਲਿਆ ਹੈ। ਇਸ ਘਟਨਾ ਦੀ ਖ਼ਬਰ ਮਿਲਦੇ ਹੀ ਆਮ ਆਦਮੀ ਪਾਰਟੀ ਦੇ ਫਿਲੌਰ ਹਲਕੇ ਦੇ ਸਾਬਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਪੀੜਤ ਦੇ ਘਰ ਪਹੁੰਚੇ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੇ ਪੁੱਤਰ ਨੂੰ ਸੁਰੱਖਿਅਤ ਭਾਰਤ



ਵਾਪਸ ਲਿਆਉਣਗੇ ਅਤੇ ਏਜੰਟ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨਗੇ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਰਾਕੇਸ਼ ਕੁਮਾਰ ਦੇ ਪਿਤਾ ਕਸ਼ਮੀਰ ਲਾਲ ਵਾਸੀ ਪਿੰਡ ਭੈਣੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ 30 ਸਾਲਾ ਪੁੱਤਰ ਰਾਕੇਸ਼ ਕੁਮਾਰ ਨੂੰ ਚੰਗੇ ਭਵਿੱਖ ਲਈ ਵਿਦੇਸ਼ ਭੇਜਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਨੇ ਇਟਲੀ ਦੇ ਰਹਿਣ ਵਾਲੇ ਪਰਮਜੀਤ ਸਿੰਘ ਅਤੇ ਭਾਰਸਿੰਘਪੁਰ ਪਿੰਡ ਦੀ ਇਕ ਔਰਤ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਉਨ੍ਹਾਂ ਦੇ ਪੁੱਤਰ ਰਾਕੇਸ਼ ਨੂੰ 9 ਲੱਖ 50 ਹਜ਼ਾਰ ਰੁਪਏ 'ਚ ਇਟਲੀ ਭੇਜਣ ਦਾ ਸੌਦਾ ਕੀਤਾ। ਏਜੰਟਾਂ ਨੇ ਪਹਿਲਾਂ ਰਾਕੇਸ਼ ਨੂੰ ਕੀਨੀਆ ਭੇਜਣ ਦਾ ਵਾਅਦਾ ਕੀਤਾ ਅਤੇ ਕੀਨੀਆ ਤੋਂ ਇਟਲੀ ਲਈ ਉਡਾਣ ਦਾ ਪ੍ਰਬੰਧ ਕੀਤਾ। ਗੱਲਬਾਤ ਦੌਰਾਨ 2 ਲੱਖ ਦੀ ਰਕਮ ਪਿੰਡ ਭਾਰਸਿੰਘਪੁਰ ਦੀ ਰਹਿਣ ਵਾਲੀ ਮਹਿਲਾ ਨੇ ਭਰਾ ਨੂੰ ਉਨ੍ਹਾਂ ਦੇ ਪਿੰਡ ਜਾ ਕੇ ਦੇ ਦਿੱਤੀ ਗਈ ਅਤੇ ਬਾਕੀ ਦੀ ਰਕਮ ਇਟਲੀ ਪਹੁੰਚਣ ਦੇ ਬਾਅਦ ਅਦਾ ਕਰਨ ਦੀ ਗੱਲ ਤੈਅ ਹੋਈ। ਉਸ ਦੇ ਬਾਅਦ ਏਜੰਟਾਂ ਨੇ 5 ਅਗਸਤ ਨੂੰ ਜੈਪੁਰ ਤੋਂ ਰਾਕੇਸ਼ ਦੀ ਫਲਾਈਟ ਕੀਨੀਆ ਦੀ ਕਰਵਾਈ, ਜਿਸ ਦਾ ਦੁਬਈ ਵਿਚ ਸਟੇਅ ਸੀ। ਕੀਨੀਆ ਪਹੁੰਚਣ 'ਤੇ ਇਕ ਸਥਾਨਕ ਗਿਰੋਹ ਨੇ ਰਾਕੇਸ਼ ਸਮੇਤ ਅਤੇ ਦੋ ਹੋਰ ਪੰਜਾਬੀ ਸਾਥੀਆਂ ਨੂੰ ਬੰਧਕ ਬਣਾ ਲਿਆ। ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਉਨ੍ਹਾਂ ਨੇ 6 ਅਗਸਤ ਨੂੰ ਵਟਸਐਪ ਰਾਹੀਂ ਕੁੱਟਮਾਰ ਦੀਆਂ ਵੀਡੀਓ ਭੇਜੀਆਂ। ਉਨ੍ਹਾਂ ਨੇ ਰਾਕੇਸ਼ ਦੀ ਰਿਹਾਈ ਲਈ ਪੰਜ ਘੰਟਿਆਂ ਦੇ ਅੰਦਰ £70,000 ਦੀ ਮੰਗ ਕਰਦੇ ਹੋਏ ਇਕ ਫੋਨ ਕਾਲ ਕੀਤੀ। ਉਨ੍ਹਾਂ ਦੱਸਿਆ ਕਿ ਉਕਤ ਅਗਵਾਕਾਰ ਆਪਣੇ ਆਪ ਨੂੰ ਖਾਨ ਬਾਬਾ ਦੱਸ ਰਹੇ ਸਨ ਅਤੇ ਪੰਜਾਬੀ ਭਾਸ਼ਾ ਵਿਚ ਗੱਲਬਾਤ ਕਰ ਰਹੇ ਸਨ। ਫਿਰ ਲਗਾਤਾਰ ਉਕਤ ਖਾਨ ਬਾਬਾ ਵੱਲੋਂ ਅੰਗਰੇਜ਼ੀ ਭਾਸ਼ਾ ਵਿਚ ਮੈਜੇਸ ਭੇਜਣੇ ਸ਼ੁਰੂ ਕਰ ਦਿੱਤੇ ਗਏ ਅਤੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਰਾਕੇਸ਼ ਇਸ ਸਮੇਂ ਯੁਗਾਂਡਾ ਵਿਚ ਹੈ, ਜਿਸ ਨੂੰ ਛੁਡਾਉਣ ਲਈ 70 ਹਜ਼ਾਰ ਡਾਲਰ 5 ਘੰਟੇ ਦੇ ਅੰਦਰ ਭੇਜੇ ਜਾਣ। ਕਸ਼ਮੀਰ ਲਾਲ ਨੇ ਦੱਸਿਆ ਕਿ ਉਕਤ ਖਾਨ ਬਾਬਾ ਨਾਲ ਉਨ੍ਹਾਂ ਦੀ 7 ਅਗਸਤ ਤੱਕ ਗੱਲ ਹੋਈ ਸੀ, ਜਿਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਪਰਮਜੀਤ ਸਿੰਘ ਤੋਂ ਪੈਸੇ ਲੈਣੇ ਹਨ, ਇਸੇ ਕਰਕੇ ਉਨ੍ਹਾਂ ਨੇ ਰਾਕੇਸ਼ ਨੂੰ ਅਗਵਾ ਕੀਤਾ ਹੈ। ਜੇਕਰ ਪਰਮਜੀਤ ਉਸ ਦੇ ਪੈਸੇ ਦੇ ਦਿੰਦਾ ਹੈ ਤਾਂ ਉਹ ਰਾਕੇਸ਼ ਨੂੰ ਛੱਡ ਦੇਣਗੇ। ਉਨ੍ਹਾਂ ਨੇ ਦੱਸਿਆ ਕਿ ਉਕਤ ਖਾਨ ਬਾਬਾ ਦੇ ਅਜੇ ਤੱਕ ਮੈਜੇਸ ਉਨ੍ਹਾਂ ਦੇ ਵਟਸਐਪ 'ਤੇ ਆ ਰਹੇ ਹਨ। ਇਸ ਮਾਮਲੇ ਸਬੰਧੀ ਜਦੋਂ ਉਨ੍ਹਾਂ ਨੇ ਪਰਮਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਖਾਨ ਬਾਬਾ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਬੇਟੇ ਰਾਕੇਸ਼ ਨੂੰ ਛੁਡਵਾ ਦੇਣਗੇ। ਜੇਕਰ ਉਹ ਰਾਕੇਸ਼ ਨੂੰ ਇਟਲੀ ਨਹੀਂ ਪਹੁੰਚਾ ਸਕੇ ਤਾਂ ਉਹ ਆਪਣੇ ਪੈਸੇ ਵਾਪਸ ਕਰ ਦੇਵੇਗਾ ਪਰ ਹੁਣ ਏਜੰਟ ਪਰਮਜੀਤ ਸਿੰਘ ਵੱਲੋਂ ਉਸ ਦੇ ਫੋਨਾਂ ਦਾ ਜਵਾਬ ਨਹੀਂ ਦੇ ਰਿਹਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਮੰਗ ਕੀਤੀ ਹੈ ਕਿ ਪੁਲਸ ਏਜੰਟਾਂ ਵਿਰੁੱਧ ਕਾਨੂੰਨੀ ਕਾਰਵਾਈ ਕਰੇ ਅਤੇ ਰਾਕੇਸ਼ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਵੇ।

# ਬਿਜਲੀ ਬਿੱਲਾਂ ਦੇ ਬਕਾਏ ਨੂੰ ਲੈ ਕੇ ਹੋਣ ਜਾ ਰਹੀ ਵੱਡੀ ਕਾਰਵਾਈ, ਜਾਰੀ ਹੋਏ ਸਖ਼ਤ ਹੁਕਮ

**ਕੌਮੀ ਪਤ੍ਰਿਕਾ**

ਸੁਲਤਾਨਪੁਰ ਲੋਧੀ 25 ਅਗਸਤ। ਪਾਵਰਕਾਮ ਸਬ ਡਵੀਜ਼ਨ ਸੁਲਤਾਨਪੁਰ ਲੋਧੀ ਵਿਖੇ ਬਕਾਇਆ ਬਿਜਲੀ ਬਿੱਲਾਂ ਦੀ ਵਸੂਲੀ ਨੂੰ ਲੈ ਕੇ ਐੱਸ. ਡੀ. ਓ. ਜਸਵਿੰਦਰ ਸਿੰਘ ਦੀ ਅਗਵਾਈ



ਹੇਠ ਇਕ ਅਹਿਮ ਮੀਟਿੰਗ ਕੀਤੀ ਗਈ, ਜਿਸ 'ਚ ਯਾਦਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਐੱਸ. ਡੀ. ਓ. ਜਸਵਿੰਦਰ ਸਿੰਘ ਨੇ ਕਿਹਾ ਕਿ ਕਈ ਖਪਤਕਾਰ ਲੰਬੇ ਸਮੇਂ ਤੋਂ ਆਪਣੇ ਬਿਜਲੀ ਬਿੱਲਾਂ ਦੀ ਬਕਾਇਆ ਰਕਮ ਅਦਾ ਨਹੀਂ ਕਰ ਰਹੇ, ਜਿਸ ਕਾਰਨ ਪਾਵਰਕਾਮ ਨੂੰ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਵਿਭਾਗ ਦੇ ਕੰਮਕਾਜ 'ਤੇ ਵੀ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੇਂ ਸਿਰ ਬਿਜਲੀ ਬਿੱਲ ਜਮ?ਹਾ ਕਰਵਾਉਣਾ ਹਰ ਖਪਤਕਾਰ ਦੀ ਜ਼ਿੰਮੇਵਾਰੀ ਹੈ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸਮੂਹ ਖਪਤਕਾਰਾਂ ਨੂੰ ਸਖ਼ਤ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬਕਾਇਆ ਬਿਜਲੀ ਬਿੱਲ ਤੁਰੰਤ ਨਜ਼ਦੀਕੀ ਪਾਵਰਕਾਮ ਦਫ਼ਤਰ ਜਾਂ ਆਨਲਾਈਨ ਮਾਧਿਅਮ ਰਾਹੀਂ ਜਮ?ਹਾ ਕਰਵਾਉਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਿਹੜੇ ਖਪਤਕਾਰ ਨਿਰਧਾਰਿਤ ਸਮੇਂ ਅੰਦਰ ਬਕਾਇਆ ਰਕਮ ਜਮ?ਹਾ ਨਹੀਂ ਕਰਵਾਉਣਗੇ, ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਵਿਭਾਗੀ ਨਿਯਮਾਂ ਅਨੁਸਾਰ ਕੱਟੇ ਜਾ ਸਕਦੇ ਹਨ ਅਤੇ ਬਣਦੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੇਂ ਸਿਰ ਬਿੱਲ ਅਦਾ ਕਰਕੇ ਖਪਤਕਾਰ ਨਾ ਸਿਰਫ਼ ਆਪਣੀ ਬਿਜਲੀ ਸੇਵਾ ਨਿਰਵਿਘਨ ਜਾਰੀ ਰੱਖ ਸਕਦੇ ਹਨ, ਸਗੋਂ ਪਾਵਰਕਾਮ ਨੂੰ ਵੀ ਬਿਹਤਰ ਅਤੇਨਿਰਧਾਰਿਤ ਸਮੇਂ ਅੰਦਰ ਬਕਾਇਆ ਰਕਮ ਜਮ?ਹਾ ਨਹੀਂ ਕਰਵਾਉਣਗੇ, ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਵਿਭਾਗੀ ਨਿਯਮਾਂ ਅਨੁਸਾਰ ਕੱਟੇ ਜਾ ਸਕਦੇ ਹਨ ਅਤੇ ਬਣਦੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੇਂ ਸਿਰ ਬਿੱਲ ਅਦਾ ਕਰਕ ਨਿਰੰਤਰ ਸੇਵਾਵਾਂ ਪ੍ਰਦਾਨ ਕਰਨ ਵਿਚ ਸਹਿਯੋਗ ਦੇ ਸਕਦੇ ਹਨ। ਉਨ੍ਹਾਂ ਸਮੂਹ ਖੇਤਰ ਦੇ ਖਪਤਕਾਰਾਂ ਨੂੰ ਵਿਭਾਗ ਦੀ ਇਸ ਅਪੀਲ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਆਪਣੇ ਬਕਾਇਆ ਬਿਜਲੀ ਬਿੱਲ ਜਮ?ਹਾ ਕਰਵਾਉਣ ਦੀ ਅਪੀਲ ਕੀਤੀ।

# ਦੇਸ਼ 'ਚ ਸਾਈਬਰ ਹਮਲੇ 9 ਗੁਣਾ ਵਧੇ, ਕੇਂਦਰ ਨੇ ਜਾਰੀ ਕੀਤੇ ਅੰਕੜੇ

ਨਵੀਂ ਦਿੱਲੀ 25 ਅਗਸਤ। ਭਾਰਤ ਡਿਜੀਟਲ ਤੌਰ 'ਤੇ ਕਾਫ਼ੀ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ ਪਰ ਸਾਈਬਰ ਸੁਰੱਖਿਆ ਦੀਆਂ ਚੁਣੌਤੀਆਂ ਵੀ ਵਧ ਰਹੀਆਂ ਹਨ। ਪੈਸੇ ਅਤੇ ਡਾਟਾ ਚੋਰੀ, ਫਿਰੌਤੀ ਮੰਗਣ, ਜਾਸੂਸੀ, ਸਿਸਟਮ ਨੂੰ ਠੱਪ ਕਰਨ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਕੀਤੇ ਜਾ ਰਹੇ ਹਨ। ਸਾਲ 2022



ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਚਾਰ ਸਾਲਾਂ 'ਚ ਦੇਸ਼ 'ਚ ਸਾਈਬਰ ਹਮਲੇ ਸਾਢੇ 9 ਗੁਣਾ ਵਧ ਗਏ ਹਨ। ਇਲੈਕਟ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਅਨੁਸਾਰ, ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ ਨੂੰ 2022 ਤੋਂ ਜੂਨ 2026 ਤੱਕ ਕੇਂਦਰ ਅਤੇ ਰਾਜ ਸਰਕਾਰਾਂ ਨਾਲ ਸਬੰਧਤ ਕੁੱਲ 52.68 ਲੱਖ ਤੋਂ ਵੱਧ ਸਾਈਬਰ ਹਮਲਿਆਂ ਦੀ ਜਾਣਕਾਰੀ ਮਿਲੀ ਹੈ। ਇਹ ਹਮਲੇ 'ਚ 1.92 ਲੱਖ ਹਮਲੇ ਹੋਏ ਸਨ, ਜੋ 2025 'ਚ ਵਧ ਕੇ 18.21 ਲੱਖ ਤੱਕ ਪਹੁੰਚ ਗਏ। ਸਾਲ 2026 'ਚ ਜੂਨ ਮਹੀਨੇ ਤੱਕ ਹੀ 10.75 ਲੱਖ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਏਆਈ ਅਤੇ ਸਾਈਬਰ ਮਾਹਿਰ ਪ੍ਰਵੀਨ ਕੌਸ਼ਲ ਅਨੁਸਾਰ, ਭਾਰਤ ਵਿਰੁੱਧ ਰਾਜ ਸਮਰਥਿਤ ਗਤੀਵਿਧੀਆਂ 'ਚੋਂ 60 ਫੀਸਦੀ ਤੋਂ ਵੱਧ ਸਾਈਬਰ ਹਮਲੇ ਚੀਨ ਅਤੇ ਪਾਕਿਸਤਾਨ ਵਲੋਂ ਕੀਤੇ ਜਾਂਦੇ ਹਨ। ਇਨ੍ਹਾਂ ਹਮਲਿਆਂ ਕਾਰਨ ਦੇਸ਼ ਦੀ ਆਰਥਿਕਤਾ ਅਤੇ ਵਿੱਤੀ ਸੰਸਥਾਵਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਸਾਲ 2024 'ਚ ਦੇਸ਼ ਦੇ ਲਗਭਗ 300 ਛੋਟੇ ਬੈਂਕਾਂ 'ਤੇ ਇਕ ਵੱਡਾ ਰੈਨਸਮਵੇਅਰ ਹਮਲਾ ਹੋਇਆ, ਜਿਸ ਕਾਰਨ ਬੈਂਕਾਂ ਦਾ ਡਿਜੀਟਲ ਅਤੇ ਭੁਗਤਾਨ ਕੰਮਕਾਜ 48 ਤੋਂ 72 ਘੰਟਿਆਂ ਤੱਕ ਠੱਪ ਰਿਹਾ। ਦਸੰਬਰ 2022 'ਚ ਦਿੱਲੀ ਏਮਜ਼ ਦੀਆਂ ਸੇਵਾਵਾਂ ਕਈ ਦਿਨਾਂ ਤੱਕ ਪ੍ਰਭਾਵਿਤ ਰਹੀਆਂ। ਅਕਤੂਬਰ 2020 'ਚ ਮੁੰਬਈ 'ਚ ਹੋਈ ਭਾਰੀ ਬਿਜਲੀ ਗੁਲ ਹੋਣ ਪਿੱਛੇ ਵੀ ਚੀਨੀ ਸਾਈਬਰ ਹਮਲੇ ਦਾ ਸ਼ੱਕ ਜਤਾਇਆ ਗਿਆ ਸੀ। ਜੁਲਾਈ 2026 'ਚ ਤਾਮਿਲਨਾਡੂ ਦੇ ਕੁਡਨਕੁਲਮ ਪ੍ਰਮਾਣੂ ਊਰਜਾ ਪਲਾਂਟ ਦੇ ਠੇਕੇਦਾਰ ਦੇ ਸਰਵਰ 'ਚ ਸੰਨ੍ਹ ਲਗਾ ਕੇ 19,000 ਦਸਤਾਵੇਜ਼ ਲੀਕ ਹੋਣ ਦੀ ਸ਼ੰਕਾ ਜਤਾਈ ਗਈ ਹੈ।

# ਕਪੂਰਥਲਾ 'ਚ ਗੋਲੀਆਂ ਮਾਰ ਕਤਲ ਕੀਤੇ ਨੌਜਵਾਨ ਦੇ ਮਾਮਲੇ 'ਚ 2 ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਕਪੂਰਥਲਾ 25 ਅਗਸਤ। ਕਪੂਰਥਲਾ ਦੇ ਪਿੰਡ ਬਿਸ਼ਨਪੁਰ ਜੱਟਾ 'ਚ 24 ਸਾਲਾ ਨੌਜਵਾਨ ਦੇ ਕਤਲ ਮਾਮਲੇ 'ਚ ਪੁਲਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਮੁਤਾਬਕ ਦੋਵਾਂ ਧਿਰਾਂ ਵਿਚਕਾਰ ਲੰਬੇ ਸਮੇਂ ਤੋਂ ਪਰਿਵਾਰਕ ਝਗੜਾ ਚੱਲ ਰਿਹਾ ਸੀ ਅਤੇ ਇਸ ਘਟਨਾ ਨੂੰ ਇਸੇ ਝਗੜੇ ਕਾਰਨ ਅੰਜਾਮ ਦਿੱਤਾ ਗਿਆ। ਦੋਵੇਂ ਧਿਰਾਂ ਰਿਸ਼ਤੇਦਾਰ ਦੱਸੀਆਂ ਜਾਂਦੀਆਂ ਹਨ ਅਤੇ ਪਹਿਲਾਂ ਵੀ ਕਈ ਗੰਭੀਰ ਝਗੜੇ ਹੋਏ ਹਨ। ਮ੍ਰਿਤਕ ਨੌਜਵਾਨ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਲੱਬਾ (24) ਪੁੱਤਰ ਸੋਢੀ ਵਾਸੀ ਬਿਸ਼ਨਪੁਰ ਜੱਟਾਂ ਵਜੋਂ ਹੋਈ ਸੀ। ਪੁਲਸ ਮੁਤਾਬਕ ਕੁਝ ਸਾਲ ਪਹਿਲਾਂ ਮ੍ਰਿਤਕ ਦੀ ਭੈਣ ਦੇ ਨਾਲ ਜਬਰ-ਜ਼ਿਨਾਹ ਦੀ ਘਟਨਾ ਵਾਪਸੀ ਸੀ, ਜਿਸ ਵਿਚ ਕਤਲ ਦੇ ਦੋਸ਼ੀਆਂ ਵਿਚ ਸ਼ਾਮਲ ਇਕ ਨੌਜਵਾਨ ਖ਼?ਲਾਫ਼ ਮਾਮਲਾ ਦਰਜ ਹੋਇਆ ਸੀ। ਪੁਲਸ ਮੁਤਾਬਕ ਇਸ ਮਾਮਲੇ ਵਿਚ ਨੌਜਵਾਨ ਆਪਣੀ ਸਜ਼ਾ ਭੁਗਤਣ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਹੋ ਗਿਆ ਸੀ। ਇਸ ਨਾਲ ਦੋਵਾਂ ਧਿਰਾਂ ਵਿਚਕਾਰ ਦੁਸ਼ਮਣੀ ਹੋਰ ਵੀ ਵਧ ਗਈ। ਪੁਲਸ ਅਨੁਸਾਰ ਜਬਕ-ਜ਼ਿਨਾਹ ਦੀ ਘਟਨਾ ਮਗਰੋਂ ਮ੍ਰਿਤਕ ਨੇ ਦੂਜੇ ਪਾਸੇ ਦੇ ਇਕ ਵਿਅਕਤੀ ਦਾ ਵੀ ਕਤਲ ਕਰ ਦਿੱਤਾ ਸੀ, ਉਸ ਨੂੰ ਇਸ ਮਾਮਲੇ ਵਿੱਚ ਵੀ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਹ ਆਪਣੀ ਸਜ਼ਾ ਭੁਗਤਣ ਮਗਰੋਂ ਵਾਪਸ ਆਇਆ ਸੀ। ਪੁਲਸ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਵਿਚਕਾਰ ਇਹ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਕਤਲ ਦਾ ਮੁੱਖ ਕਾਰਨ ਬਣੀ। ਪੁਲਸ ਨੇ ਦੋ ਗ੍ਰਿਫ਼ਤਾਰ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਦੋ ਪਿਸਤੌਲ, ਤਿੰਨ ਮੈਗਜ਼ੀਨ ਅਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਸ ਮੁਤਾਬਕ ਘਟਨਾ ਦੌਰਾਨ



ਲਗਭਗ ਚਾਰ ਗੋਲ?ਿਆਂ ਚਲਾਈਆਂ ਗਈਆਂ ਸਨ। ਹਥਿਆਰਾਂ ਤੋਂ ਇਲਾਵਾ ਪੁਲਸ ਕਤਲ ਵਿੱਚ ਵਰਤੇ ਗਏ ਵਾਹਨ ਅਤੇ ਹੋਰ ਸਾਮਾਨ ਦੀ ਬਰਾਮਦਗੀ ਦੀ ਵੀ ਜਾਂਚ ਕਰ ਰਹੀ ਹੈ। ਦੋਵੇਂ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਚਾਰ ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਰਿਮਾਂਡ ਦੌਰਾਨ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ ਅਤੇ ਵਾਰਦਾਤ ਵਿੱਚ ਵਰਤੀ ਗਈ ਗੱਡੀ ਅਤੇ ਹੋਰ ਸਾਮਾਨ ਬਰਾਮਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਮ੍ਰਿਤਕ ਦਾ ਭਰਾ ਹਰਸ਼ਦੀਪ ਵੀ ਘਟਨਾ ਵਿੱਚ ਜ਼ਖ਼ਮੀ ਹੋ ਗਿਆ ਸੀ ਅਤੇ ਉਸ ਨੂੰ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਪੁਲਸ ਅਨੁਸਾਰ ਉਸ ਦੀ ਹਾਲਤ ਇਸ ਸਮੇਂ ਸਥਿਰ ਹੈ। ਪੁਲਸ ਬਾਕੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਮਨੁੱਖੀ ਖ਼ੁਫ਼ੀਆ ਜਾਣਕਾਰੀ ਅਤੇ ਤਕਨੀਕੀ ਸਹਾਇਤਾ ਦੀ ਵਰਤੋਂ ਕਰਕੇ ਛਾਪੇਮਾਰੀ ਕਰ ਰਹੀ ਹੈ।

## 12 ਤੋਂ ਵੱਧ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਈਮੇਲ ਨੇ ਨਾਗਪੁਰ ਪੁਲਸ ਨੂੰ ਪੁਆ 'ਤੀਆਂ ਭਾਜੜਾਂ

ਨਾਗਪੁਰ 25 ਅਗਸਤ। ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਦੇ 12 ਤੋਂ ਵੱਧ ਸਕੂਲਾਂ ਨੂੰ ਮੰਗਲਵਾਰ ਸਵੇਰੇ ਬੰਬ ਨਾਲ ਸਬੰਧਤ ਧਮਕੀ ਭਰੇ ਈਮੇਲ ਮਿਲਣ ਦੀ ਸੂਚਨਾ ਮਿਲੀ। ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਨੇ ਸਕੂਲ ਦੇ ਅਹਾਤੇ ਦੀ ਤਲਾਸ਼ੀ ਲਈ ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ। ਅਧਿਕਾਰੀਆਂ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਦੇ ਅਨੁਸਾਰ, ਈਮੇਲਾਂ ਇੱਕ ਜੀਮੇਲ ਅਕਾਊਂਟ ਤੋਂ ਭੇਜੀਆਂ ਗਈਆਂ ਸਨ ਅਤੇ 31 ਅਗਸਤ ਨੂੰ ਸਕੂਲਾਂ ਵਿੱਚ ਬੰਬ ਧਮਾਕੇ ਕਰਨ ਦੀ ਧਮਕੀ ਦਿੱਤੀ ਗਈ ਸੀ। ਇਸ ਦੌਰਾਨ ਪੁਲਸ ਵਲੋਂ ਇਮਾਰਤਾਂ ਦੀ ਤਲਾਸ਼ੀ ਲਈ ਪਰ ਕੁਝ ਨਹੀਂ ਮਿਲਿਆ। ਪੁਲਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਸਕੂਲਾਂ ਵਿੱਚ ਜਾਂਚ ਲਈ ਕਈ ਟੀਮਾਂ ਭੇਜੀਆਂ। ਅਧਿਕਾਰੀਆਂ ਨੇ ਦੱਸਿਆ ਕਿ ਪੂਰੀ ਤਲਾਸ਼ੀ ਤੋਂ ਬਾਅਦ ਸਾਰੇ ਸਕੂਲਾਂ ਨੂੰ ਦਿੱਤੀਆਂ ਗਈਆਂ ਧਮਕੀਆਂ ਜਾਅਲੀ ਪਾਈਆਂ ਗਈਆਂ, ਕਿਉਂਕਿ ਕਿਸੇ ਵੀ ਇਮਾਰਤ ਤੋਂ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਬਰਾਮਦ ਨਹੀਂ ਹੋਇਆ। ਪੁਲਸ ਦੇ ਅਨੁਸਾਰ, ਧਮਕੀ ਭਰੇ ਈਮੇਲ ਵਿੱਚ ਕਿਹਾ ਗਿਆ ਸੀ ਕਿ 31 ਅਗਸਤ ਨੂੰ ਦੁਪਹਿਰ 1:11 ਵਜੇ ਸਕੂਲਾਂ ਵਿੱਚ, ਦੁਪਹਿਰ 2:11 ਵਜੇ ਅਦਾਲਤਾਂ ਵਿੱਚ ਅਤੇ ਦੁਪਹਿਰ 3 ਵਜੇ ਦਫਤਰਾਂ ਵਿੱਚ ਧਮਾਕੇ ਕੀਤੇ ਜਾਣਗੇ। ਈਮੇਲ ਵਿੱਚ ਖਾਲਿਸਤਾਨ, ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ), ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਈ ਰਾਜਨੀਤਿਕ ਨੇਤਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਸੀ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਈਮੇਲ ਦੇ ਸਰੋਤ ਅਤੇ ਇਸਨੂੰ ਭੇਜਣ ਵਾਲੇ ਵਿਅਕਤੀ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸਬੰਧ ਵਿੱਚ ਮਾਮਲਾ ਦਰਜ ਕੀਤਾ ਜਾਵੇਗਾ।

## ਐਕਟਿਵਾ ਸਵਾਰ ਕੁੜੀ ਦੀ ਸੜਕ ਹਾਦਸੇ 'ਚ ਹੋਈ ਮੌਤ

ਹਰਿਆਣਾ 25 ਅਗਸਤ। ਹੁਸ਼ਿਆਰਪੁਰ ਦਸੂਹਾ ਮੁੱਖ ਮਾਰਗ 'ਤੇ ਪਿੰਡ ਘਾਸੀਪੁਰ ਨੇੜੇ ਜੀਓ ਪੈਟਰੋਲ ਪੰਪ ਨਜ਼ਦੀਕ ਇਕ ਮਹਿੰਦਰਾ ਗੱਡੀ ਅਤੇ ਐਕਟਿਵਾ ਦੀ ਆਹਮੋ-ਸਾਹਮਣੇ ਟੱਕਰ ਵਿਚ ਐਕਟਿਵਾ ਸਵਾਰ ਮਹਿਲਾ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਮੁਤਬਕ ਰਾਹਗੀਰਾਂ ਦੀ ਮਦਦ ਨਾਲ ਜ਼ਖਮੀ ਮਹਿਲਾ ਨੂੰ ਤੁਰੰਤ ਇਲਾਜ ਲਈ ਹੁਸ਼ਿਆਰਪੁਰ ਦੇ ਨਿਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਮਹਿੰਦਰਾ ਗੱਡੀ (ਪੀ.ਬੀ.-07-ਸੀ.ਐਚ.-7437) ਹੁਸ਼ਿਆਰਪੁਰ ਤੋਂ ਮੁਕੇਰੀਆਂ ਵੱਲ ਜਾ ਰਹੀ ਸੀ, ਅਤੇ ਉਕਤ ਐਕਟਿਵਾ (ਪੀ.ਬੀ.-07-ਬੀ.ਐਮ.-6535) 'ਤੇ ਸਵਾਰ ਚੇਤਨਾ (23) ਆਪਣੇ ਪਿੰਡ ਸਤੋਰ ਵੱਲ ਜਾ ਰਹੀ ਸੀ। ਘਾਸੀਪੁਰ ਨੇੜੇ ਜੀਓ ਪੈਟਰੋਲ ਪੰਪ ਕੋਲ ਦੋਵਾਂ ਵਾਹਨਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਐਕਟਿਵਾ ਦਾ ਅਗਲਾ ਹਿੱਸਾ ਮਹਿੰਦਰਾ ਗੱਡੀ ਦੇ ਹੇਠਾਂ ਜਾ ਵੜਿਆ, ਜਿਸ ਕਾਰਨ ਚੇਤਨਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ ਅਤੇ ਬਾਦ ਵਿਚ ਉਸਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਹਰਿਆਣਾ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਹੋਣਗੇ ਹੋਰ ਸੁਖਾਲੇ, ਰੇਲਵੇ ਨੇ ਲਿਆ ਅਹਿਮ ਫੈਸਲਾ

ਪਠਾਨਕੋਟ 25 ਅਗਸਤ। ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਰੇਲਵੇ ਵੱਲੋਂ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਗੁਜਰਾਤ, ਰਾਜਸਥਾਨ ਅਤੇ ਪੰਜਾਬ ਸਮੇਤ ਪੱਛਮੀ ਭਾਰਤ ਤੋਂ ਜੰਮੂ-ਕਸ਼ਮੀਰ ਦੇ ਮਾਤਾ ਵੈਸ਼ਨੋ ਦੇਵੀ ਕਟੜਾ ਜਾਣ ਵਾਲੇ ਯਾਤਰੀਆਂ ਲਈ ਰੇਲ ਸਫ਼ਰ ਹੋਰ ਸੁਖਾਲਾ ਹੋਣ ਜਾ ਰਿਹਾ ਹੈ। ਰੇਲਵੇ ਬੋਰਡ ਵੱਲੋਂ ਸਾਬਰਮਤੀ-ਜੰਮੂ ਤਵੀ ਐਕਸਪ੍ਰੈੱਸ ਦਾ ਮਾਤਾ ਵੈਸ਼ਨੋ ਦੇਵੀ ਕਟੜਾ ਤੱਕ ਵਿਸਥਾਰ ਕਰਨ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਜਾਣਕਾਰੀ ਸਾਹਮਣੇ



ਆਈ ਹੈ। ਇਸ ਫੈਸਲੇ ਨਾਲ ਗੁਜਰਾਤ ਅਤੇ ਰਾਜਸਥਾਨ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਕਟੜਾ ਤੱਕ ਸਿੱਧੀ ਰੇਲ ਸਹੂਲਤ ਮਿਲਣ ਦੀ ਉਮੀਦ ਹੈ। ਹੁਣ ਤੱਕ ਕਈ ਯਾਤਰੀਆਂ ਨੂੰ ਜੰਮੂ ਤਵੀ ਜਾਂ ਹੋਰ ਸਟੇਸ਼ਨਾਂ 'ਤੇ ਉਤਰ ਕੇ ਕਟੜਾ ਪਹੁੰਚਣ ਲਈ ਵੱਖਰੇ ਸਾਧਨਾਂ ਦੀ ਵਰਤੋਂ ਕਰਨੀ ਪੈਂਦੀ ਸੀ। ਟਰੇਨ ਦੇ ਕਟੜਾ ਤੱਕ ਵਿਸਥਾਰ ਨਾਲ ਯਾਤਰੀਆਂ ਦਾ ਸਮਾਂ ਅਤੇ ਵਾਧੂ ਖਰਚਾ ਬਚੇਗਾ। ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਵਿੱਚ ਹਰ ਸਾਲ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਇਸ ਰੇਲ ਸੇਵਾ ਦੇ ਵਿਸਥਾਰ ਨੂੰ ਧਾਰਮਿਕ ਯਾਤਰਾ ਦੇ ਨਾਲ-ਨਾਲ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਰੇਲ ਯਾਤਰੀਆਂ ਲਈ ਵੀ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਹਾਲਾਂਕਿ ਟਰੇਨ ਦੇ ਨਵੇਂ ਰੂਟ, ਸਮਾਂ-ਸਾਰਣੀ ਅਤੇ ਸੇਵਾ ਸ਼ੁਰੂ ਹੋਣ ਦੀ ਤਾਰੀਖ ਸਬੰਧੀ ਅਧਿਕਾਰਤ ਵੇਰਵਿਆਂ ਦੀ ਉਡੀਕ ਰਹੇਗੀ।

## ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਹੋਣਗੇ ਹੋਰ ਸੁਖਾਲੇ, ਰੇਲਵੇ ਨੇ ਲਿਆ ਅਹਿਮ ਫੈਸਲਾ

ਪਠਾਨਕੋਟ 25 ਅਗਸਤ। ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਰੇਲਵੇ ਵੱਲੋਂ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਗੁਜਰਾਤ, ਰਾਜਸਥਾਨ ਅਤੇ ਪੰਜਾਬ ਸਮੇਤ ਪੱਛਮੀ ਭਾਰਤ ਤੋਂ ਜੰਮੂ-ਕਸ਼ਮੀਰ ਦੇ ਮਾਤਾ ਵੈਸ਼ਨੋ ਦੇਵੀ ਕਟੜਾ ਜਾਣ ਵਾਲੇ ਯਾਤਰੀਆਂ ਲਈ ਰੇਲ ਸਫ਼ਰ ਹੋਰ ਸੁਖਾਲਾ ਹੋਣ ਜਾ ਰਿਹਾ ਹੈ। ਰੇਲਵੇ ਬੋਰਡ ਵੱਲੋਂ ਸਾਬਰਮਤੀ-ਜੰਮੂ ਤਵੀ ਐਕਸਪ੍ਰੈੱਸ ਦਾ ਮਾਤਾ ਵੈਸ਼ਨੋ ਦੇਵੀ ਕਟੜਾ ਤੱਕ ਵਿਸਥਾਰ ਕਰਨ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸ ਫੈਸਲੇ ਨਾਲ ਗੁਜਰਾਤ ਅਤੇ ਰਾਜਸਥਾਨ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਕਟੜਾ ਤੱਕ ਸਿੱਧੀ ਰੇਲ ਸਹੂਲਤ ਮਿਲਣ ਦੀ ਉਮੀਦ ਹੈ। ਹੁਣ ਤੱਕ ਕਈ ਯਾਤਰੀਆਂ ਨੂੰ ਜੰਮੂ ਤਵੀ ਜਾਂ ਹੋਰ ਸਟੇਸ਼ਨਾਂ 'ਤੇ ਉਤਰ ਕੇ ਕਟੜਾ ਪਹੁੰਚਣ ਲਈ ਵੱਖਰੇ ਸਾਧਨਾਂ ਦੀ ਵਰਤੋਂ ਕਰਨੀ ਪੈਂਦੀ ਸੀ। ਟਰੇਨ ਦੇ ਕਟੜਾ ਤੱਕ ਵਿਸਥਾਰ ਨਾਲ ਯਾਤਰੀਆਂ ਦਾ ਸਮਾਂ ਅਤੇ ਵਾਧੂ ਖਰਚਾ ਬਚੇਗਾ। ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਵਿੱਚ ਹਰ ਸਾਲ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਇਸ ਰੇਲ ਸੇਵਾ ਦੇ ਵਿਸਥਾਰ ਨੂੰ ਧਾਰਮਿਕ ਯਾਤਰਾ ਦੇ ਨਾਲ-ਨਾਲ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਰੇਲ ਯਾਤਰੀਆਂ ਲਈ ਵੀ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਹਾਲਾਂਕਿ ਟਰੇਨ ਦੇ ਨਵੇਂ ਰੂਟ, ਸਮਾਂ-ਸਾਰਣੀ ਅਤੇ ਸੇਵਾ ਸ਼ੁਰੂ ਹੋਣ ਦੀ ਤਾਰੀਖ ਸਬੰਧੀ ਅਧਿਕਾਰਤ ਵੇਰਵਿਆਂ ਦੀ ਉਡੀਕ ਰਹੇਗੀ।

# ਸਟੇਅਰਿੰਗ ਲਾਕ ਹੋਣ ਕਾਰਨ ਬੇਕਾਬੂ ਹੋਈ ਕਾਰ, ਸੜਕ ਤੋਂ ਹੇਠਾਂ ਉਤਰ ਕੇ ਹਾਦਸੇ ਦਾ ਸ਼ਿਕਾਰ

**ਕੌਮੀ ਪਤ੍ਰਿਕਾ**

ਸੁਲਤਾਨਪੁਰ ਲੋਧੀ 25 ਅਗਸਤ। ਕਪੂਰਥਲਾ-ਸੁਲਤਾਨਪੁਰ ਲੋਧੀ ਮਾਰਗ 'ਤੇ ਪਿੰਡ ਝੱਲ ਲੇਈ ਵਾਲਾ ਦੇ ਨੇੜੇ ਇਕ ਕਾਰ ਅਚਾਨਕ ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਉਤਰ ਗਈ ਅਤੇ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਦੀ ਪੂਰੀ ਘਟਨਾ ਪਿੱਛੋਂ ਆ ਰਹੀ ਇਕ ਗੱਡੀ ਵਿਚ ਲੱਗੇ ਕੈਮਰੇ ਵਿਚ ਕੈਦ ਹੋ ਗਈ, ਜਿਸ ਦੀ ਵੀਡੀਓ ਹੁਣ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਕਾਰ ਚਾਲਕ ਸਰਬਜੀਤ ਸਿੰਘ ਮਾਛੀਜੋਆ ਕਪੂਰਥਲਾ ਤੋਂ ਸੁਲਤਾਨਪੁਰ ਲੋਧੀ ਵੱਲ ਜਾ ਰਿਹਾ ਸੀ। ਉਸ ਨੇ ਦੱਸਿਆ ਕਿ ਰਸਤੇ ਵਿੱਚ ਅਚਾਨਕ ਕਾਰ ਦਾ ਸਟੇਰਿੰਗ ਲੌਕ ਹੋ ਗਿਆ, ਜਿਸ ਕਾਰਨ ਉਸ ਦਾ ਵਾਹਨ 'ਤੇ ਕਾਬੂ ਨਹੀਂ ਰਿਹਾ ਅਤੇ ਕਾਰ ਤੇਜ਼ੀ ਨਾਲ




ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਉਤਰ ਗਈ। ਵੀਡੀਓ ਵਿਚ ਵੀ ਦਿਖਾਈ ਦੇ ਰਿਹਾ ਹੈ ਕਿ ਕਾਰ ਅਚਾਨਕ ਆਪਣੀ ਦਿਸ਼ਾ ਤੋਂ ਬਾਹਰ ਹੋ ਕੇ ਸੜਕ ਤੋਂ ਹੇਠਾਂ ਚਲੀ ਜਾਂਦੀ ਹੈ ਅਤੇ ਕੁਝ ਹੀ ਪਲਾਂ ਵਿੱਚ ਹਾਦਸੇ ਦਾ ਸ਼ਿਕਾਰ ਹੋ ਜਾਂਦੀ ਹੈ। ਹਾਦਸੇ ਦੀ ਤੀਬਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕਾਰ ਨੂੰ ਭਾਰੀ ਨੁਕਸਾਨ ਪਹੁੰਚਿਆ ਅਤੇ ਉਹ ਪੂਰੀ ਤਰ੍ਹਾਂ ਨੁਕਸਾਨੀ ਗਈ। ਹਾਲਾਂਕਿ ਇਸ ਹਾਦਸੇ ਵਿਚ ਸਭ ਤੋਂ ਵੱਡੀ ਰਾਹਤ ਦੀ ਗੱਲ ਇਹ ਰਹੀ ਕਿ ਕਾਰ ਚਾਲਕ ਸਰਬਜੀਤ ਸਿੰਘ ਵਾਲ-ਵਾਲ ਬਚ ਗਿਆ। ਅਚਾਨਕ ਵਾਪਰੇ ਇਸ ਹਾਦਸੇ ਨੇ ਇਕ ਵਾਰ ਫਿਰ ਵਾਹਨ ਦੀ ਤਕਨੀਕੀ ਜਾਂਚ ਅਤੇ ਸੜਕ 'ਤੇ ਸੁਰੱਖਿਅਤ ਡਰਾਈਵਿੰਗ ਦੀ ਅਹਿਮੀਅਤ ਨੂੰ ਉਜਾਗਰ ਕੀਤਾ ਹੈ। ਹਾਦਸੇ ਦੀ ਸਾਹਮਣੇ ਆਈ ਵੀਡੀਓ ਇਸ ਵੇਲੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਜਿਸ ਵਿਚ ਕੁਝ ਸਕਿੰਟਾਂ ਵਿਚ ਵਾਪਰੀ ਪੂਰੀ ਘਟਨਾ ਸਾਫ਼ ਤੌਰ 'ਤੇ ਕੈਦ ਹੋਈ ਹੈ।

## 48 ਲੱਖ 52 ਹਜ਼ਾਰ 100 ਰੁਪਏ ਦੀ ਧੋਖਾਦੇਹੀ ਕਰਨ ਵਾਲੇ ਸੁਨਿਆਰਿਆਂ ਵਿਰੁੱਧ ਕੇਸ ਦਰਜ

ਦਸੂਹਾ 25 ਅਗਸਤ। ਦਸੂਹਾ ਪੁਲਸ ਨੇ ਧੋਖਾਦੇਹੀ ਕਰਨ ਵਾਲੇ ਲੁਧਿਆਣੇ ਦੇ ਸੁਨਿਆਰਿਆਂ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਮੁਖੀ ਦਲਜੀਤ ਸਿੰਘ ਨੇ ਦੱਸਿਆ ਕਿ 14 ਨਵੰਬਰ 2025 ਨੂੰ ਵਿਨੋਦ ਕੁਮਾਰ ਨਿਕੂ ਜਿਊਲਰ ਲਾਇਬਰੇਰੀ ਚੌਕ ਦਸੂਹਾ ਵੱਲੋਂ ਚਾਂਦੀ ਦੀ ਖ਼ਰੀਦ ਕਰਨ ਲਈ 1 ਕਰੋੜ 11 ਲੱਖ 29 ਹਜ਼ਾਰ ਰੁਪਏ ਦੀ ਰਕਮ ਲੁਧਿਆਣੇ ਦੇ ਸੁਨਿਆਰਿਆਂ ਨੂੰ ਦਿੱਤੀ ਸੀ। ਲੁਧਿਆਣੇ ਦੇ ਸੁਨਿਆਰਿਆਂ ਨੇ 62 ਲੱਖ 76 ਹਜ਼ਾਰ 900 ਰੁਪਏ ਦੀ ਚਾਂਦੀ ਭੇਜ ਕੇ ਬਾਕੀ ਬਚਦੀ ਰਕਮ 48 ਲੱਖ 52 ਹਜ਼ਾਰ 100 ਰੁਪਏ ਦੀ ਚਾਂਦੀ ਨਹੀਂ ਦਿੱਤੀ। ਪੈਸੇ ਲੈ ਕੇ ਚਾਂਦੀ ਨਾ ਦੇਣ ਸਬੰਧੀ ਵਿਨੋਦ ਕੁਮਾਰ ਨਿਕੂ ਜਿਊਲਰ ਲਾਇਬਰੇਰੀ ਚੌਕ ਦਸੂਹਾ ਵੱਲੋਂ ਮੁਖ ਅਫਸਰ ਥਾਣਾ ਨੂੰ ਆਪਣੇ ਨਾਲ ਹੋਈ ਧੋਖਾਦੇਹੀ ਦੇ ਸਬੰਧ 'ਚ ਦਰਖਾਸਤ ਦਿੱਤੀ ਗਈ ਸੀ, ਜਿਸ




ਦੀ ਜਾਂਚ ਉਪਰੰਤ ਗੋਰਵ ਵਰਮਾਂ ਪੁੱਤਰ ਕੇਵਲ ਕ੍ਰਿਸ਼ਨ ਐਂਡ ਸੰਨਜ ਸਰਾਫਾ ਬਾਜ਼ਾਰ ਲੁਧਿਆਣਾ ਅਤੇ ਅਤੇ ਰਵਿੰਦਰ ਕੁਮਾਰ ਪੁੱਤਰ ਜਗਦੀਸ ਚੰਦ ਵਾਸੀ ਬਸਤੀ ਜੋਧੇਵਾਲ ਸੁਭਾਸ਼ ਨਗਰ ਥਾਣਾ ਟਿੱਬਾ ਲੁਧਿਆਣਾ ਵਿਰੁੱਧ ਧੋਖਾਦੇਹੀ ਦਾ ਕੇਸ ਦਰਜ ਕੀਤਾ ਗਿਆ।

# ਦੁਕਾਨ 'ਤੇ ਬੈਠੇ ਸਾਲੇ ਦਾ ਜੀਜੇ ਨੇ ਗੋਲੀਆਂ ਮਾਰ ਕਰ 'ਤਾ ਕਤਲ

**ਕੌਮੀ ਪਤ੍ਰਿਕਾ**

ਪ੍ਰਤਾਪਗੜ੍ਹ 25 ਅਗਸਤ। ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ 'ਚ ਉਸ ਸਮੇਂ ਖ਼ੂਨੀ ਵਾਰਦਾਤ ਵਾਪਰ ਗਈ, ਜਦੋਂ ਇਕ ਜੀਜੇ ਨੇ ਆਪਣੇ ਹੀ ਸਾਲੇ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪਰਿਵਾਰਕ ਝਗੜੇ ਕਾਰਨ ਜੀਜੇ ਨੇ ਇਸ ਵਾਰਦਾਤ ਨੂੰ ਉਸ ਸਮੇਂ ਅੰਜ਼ਾਮ ਦਿੱਤਾ, ਜਦੋਂ ਉਸ ਦਾ ਸਾਲਾ ਦੁਕਾਨ 'ਤੇ ਬੈਠਾ ਹੋਇਆ ਸੀ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਮ੍ਰਿਤਕ ਸਾਲੇ ਦੀ ਪਛਾਣ ਦੇਵੇਂਦਰ ਯਾਦਵ ਵਜੋਂ ਹੋਈ ਹੈ। ਇਹ ਘਟਨਾ ਕੋਹਦੌਰ ਥਾਣਾ ਖੇਤਰ ਦੇ ਮਦਫਰਪੁਰ ਬਾਜ਼ਾਰ ਵਿੱਚ ਵਾਪਰੀ ਹੈ, ਜਿੱਥੇ ਮਦੱਫਰਪੁਰ ਦਾ ਰਹਿਣ ਵਾਲਾ ਦੇਵੇਂਦਰ ਯਾਦਵ ਆਪਣੇ ਮੈਡੀਕਲ ਸਟੋਰ 'ਤੇ ਆਮ ਵਾਂਗ ਦਵਾਈਆਂ ਵੇਚ ਰਿਹਾ ਸੀ। ਉਸੇ ਵੇਲੇ ਉਸਦਾ ਜੀਜਾ ਕਪਿਲ ਉਥੇ ਆ ਗਿਆ। ਦੱਸਿਆ ਜਾ ਰਿਹਾ ਹੈ ਕਿ ਕਪਿਲ ਪੂਰੀ ਤਿਆਰੀ ਨਾਲ ਆਇਆ ਸੀ ਅਤੇ ਉਸ ਨੇ ਬੁਲੇਟਪਰੂਫ ਜੈਕੇਟ ਪਾਈ ਹੋਈ ਸੀ। ਦੁਕਾਨ ਵਿੱਚ ਦਾਖਲ ਹੁੰਦੇ ਹੀ, ਉਸਨੇ ਬਿਨਾਂ ਕੁਝ ਸੋਚ-ਵਿਚਾਰ ਕੀਤੇ ਆਪਣੀ ਲਾਇਸੈਂਸੀ ਪਿਸਤੌਲ ਨਾਲ ਦੇਵੇਂਦਰ 'ਤੇ ਕਈ ਗੋਲੀਆਂ ਚਲਾ ਦਿੱਤੀਆਂ। ਦਿਨ-ਦਿਹਾੜੇ ਹੋਈ ਇਸ ਗੋਲੀਬਾਰੀ ਨੇ ਪੂਰੇ ਬਾਜ਼ਾਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਗੋਲੀ ਲੱਗਦੇ ਹੀ ਦੇਵੇਂਦਰ ਖ਼ੂਨ ਨਾਲ ਲੱਥਪੱਥ ਹੋ ਕੇ ਜ਼ਮੀਨ 'ਤੇ ਡਿੱਗ ਪਿਆ। ਇਸ ਅਚਾਨਕ ਵਾਪਰੀ ਘਟਨਾ ਤੋਂ ਬਾਅਦ ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਨੇ ਹਿੰਮਤ ਜੁਟਾ ਲਈ ਅਤੇ ਭੱਜ ਰਹੇ ਦੋਸ਼ੀ ਕਪਿਲ ਨੂੰ ਫੜ ਲਿਆ। ਗੁੱਸੇ ਵਿੱਚ ਆ ਕੇ ਭੀੜ ਨੇ ਉਸਨੂੰ ਕੁੱਟਿਆ ਅਤੇ ਫਿਰ ਪੁਲਸ ਦੇ ਹਵਾਲੇ ਕਰ ਦਿੱਤਾ। ਦੂਜੇ ਪਾਸੇ ਗੰਭੀਰ ਰੂਪ ਵਿੱਚ ਜ਼ਖਮੀ ਦੇਵੇਂਦਰ ਨੂੰ ਤੁਰੰਤ ਮੈਡੀਕਲ ਕਾਲਜ ਲਿਜਾਇਆ ਗਿਆ ਪਰ ਡਾਕਟਰਾਂ ਦੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਵਾਰਦਾਤ ਦਾ ਕਾਰਨ ਘਰੇਲੂ ਝਗੜਾ ਦੱਸਿਆ ਜਾ ਰਿਹਾ ਹੈ। ਦੋਸ਼ੀ ਕਪਿਲ ਦਾ ਕੁਝ ਸਮੇਂ ਤੋਂ ਆਪਣੀ ਪਤਨੀ ਨਾਲ ਝਗੜਾ ਚੱਲ ਰਿਹਾ ਸੀ, ਜਿਸ ਕਾਰਨ ਉਸਦੇ ਸਾਲੇ ਦੇਵੇਂਦਰ ਨਾਲ ਵੀ ਅਕਸਰ ਝਗੜੇ ਹੁੰਦੇ ਰਹਿੰਦੇ ਸਨ। ਇਸ ਗੁੱਸੇ ਕਾਰਨ ਉਸਨੇ ਆਪਣੇ ਸਾਲੇ ਦਾ ਕਤਲ ਕਰਨ ਦੀ ਸਾਜ਼ਿਸ਼ ਰਚੀ। ਪੁਲਸ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਕਪਿਲ ਇੱਕ ਸੇਵਾਮੁਕਤ ਸਿਪਾਹੀ ਹੈ। ਇਸ ਸਮੇਂ ਸੁਲਤਾਨਪੁਰ ਜ਼ਿਲ੍ਹਾ ਹਸਪਤਾਲ ਵਿੱਚ ਗਾਰਡ ਵਜੋਂ ਤਾਇਨਾਤ ਹੈ। ਉਸਨੇ ਅਪਰਾਧ ਵਿੱਚ ਉਹੀ ਲਾਇਸੈਂਸੀ ਪਿਸਤੌਲ ਵਰਤਿਆ, ਜੋ ਉਸਨੂੰ ਗਾਰਡ ਦੀ ਨੌਕਰੀ ਦੇ ਸੰਬੰਧ ਵਿੱਚ ਮਿਲਿਆ ਸੀ। ਕਤਲ ਦੀ ਖ਼ਬਰ ਮਿਲਦੇ ਹੀ ਪ੍ਰਤਾਪਗੜ੍ਹ ਦੇ ਪੁਲਸ ਸੁਪਰਡੈਂਟ ਦੀਪਕ ਭੂਕਰ ਭਾਰੀ ਪੁਲਸ ਫੋਰਸ ਨਾਲ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਘਟਨਾ ਸਥਾਨ ਦਾ ਬਾਰੀਕੀ ਨਾਲ ਮੁਆਇਨਾ ਕੀਤਾ ਅਤੇ ਚਸ਼ਮਦੀਦਾਂ ਤੋਂ ਪੁੱਛਗਿੱਛ ਕੀਤੀ। ਐਸਪੀ ਨੇ ਦੱਸਿਆ ਕਿ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਅਪਰਾਧ ਵਿੱਚ ਵਰਤੀ ਗਈ ਪਿਸਤੌਲ ਬਰਾਮਦ ਕਰ ਲਈ ਗਈ ਹੈ। ਪਰਿਵਾਰਕ ਝਗੜੇ ਦੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਨਿੱਜੀ ਪੈਲੇਸ ਨੇੜੇ ਪੰਜਾਬ ਰੋਡਵੇਜ਼ ਬੱਸ ਤੇ ਕਾਰ ਵਿਚਾਲੇ ਜ਼ਬਰਦਸਤ ਟੱਕਰ, ਪਿਆ ਚੀਕ-ਚਿਹਾੜਾ

ਗੜ੍ਹਸ਼ੰਕਰ 25 ਅਗਸਤ। ਗੜ੍ਹਸ਼ੰਕਰ-ਹੁਸ਼ਿਆਰਪੁਰ ਮੁੱਖ ਮਾਰਗ 'ਤੇ ਪੈਂਦੇ ਅੱਡਾ ਗੋਲੀਆਂ ਨੇੜੇ ਇਕ ਨਿੱਜੀ ਪੈਲੇਸ ਦੇ ਕੋਲ ਕਾਰ ਅਤੇ ਬੱਸ ਦੀ ਟੱਕਰ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਰੋਡਵੇਜ਼ ਡੀਪੂ ਦੀ ਬੱਸ ਚੰਡੀਗੜ੍ਹ ਤੋਂ ਪਠਾਨਕੋਟ ਨੂੰ ਜਾ ਰਹੀ ਸੀ ਅਤੇ ਕਾਰ ਹੁਸ਼ਿਆਰਪੁਰ ਵਾਲੇ ਪਾਸਿਓਂ ਗੜ੍ਹਸ਼ੰਕਰ ਨੂੰ ਜਾ ਰਹੀ ਸੀ। ਜਦੋਂ ਇਹ ਦੋਵੇਂ ਵਾਹਨ ਉਕਤ ਅਸਥਾਨ 'ਤੇ ਪੁੱਜੇ ਤਾਂ ਇਨ੍ਹਾਂ ਦੋਹਾਂ ਦੀ ਭਿਆਨਕ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਤੱਕ ਉੱਡ ਗਏ ਅਤੇ ਕਾਰ ਚਾਲਕ ਨੂੰ ਬੜੀ ਮੁਸ਼ੱਕਤ ਮਗਰੋਂ ਬਾਹਰ ਕੱਢਿਆ ਗਿਆ। ਹਾਦਸੇ 'ਚ ਕਾਰ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ ਅਤੇ ਬੱਸ ਦੇ ਡਰਾਈਵਰ ਦੀ ਸਮਝਦਾਰੀ ਕਾਰਨ ਬੱਸ ਦੀਆਂ ਸਵਾਰੀਆਂ ਦਾ ਬਚਾਅ ਕਰਦੇ ਹੋਏ ਬੱਸ ਨੂੰ ਸਾਈਡ 'ਤੇ ਟੋਇਆ ਵਾਲੀ ਜਗ?ਹਾ ਵਿੱਚ ਉਤਾਰ ਦਿੱਤਾ ਗਿਆ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਤਲਵਾੜਾ-ਊਨਾ ਰੋਡ 'ਤੇ ਭਿਆਨਕ ਸੜਕ ਹਾਦਸਾ, ਇਕ ਦੀ ਮੌਤ, ਇਕ ਗੰਭੀਰ ਜ਼ਖ਼ਮੀ

**ਕੌਮੀ ਪਤ੍ਰਿਕਾ**

ਤਲਵਾੜਾ 25 ਅਗਸਤ। ਤਲਵਾੜਾ-ਊਨਾ ਕੌਮੀ ਮਾਰਗ 'ਤੇ ਖੋਖਾ ਮਾਰਕੀਟ ਨੇੜੇ ਲੇਬਰ ਚੌਕ 'ਤੇ ਵੀਰਵਾਰ ਸਵੇਰੇ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ। ਪਿੱਛੇ ਤੋਂ ਆ ਰਹੇ ਇਕ ਅਣਪਛਾਤੇ ਟਿੱਪਰ ਟਰੱਕ ਨੇ ਇਕ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿਚ ਮੋਟਰਸਾਈਕਲ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਸ਼ਹਿਰਕ ਪਿੰਡ ਦਾ ਤ੍ਰਿਲੋਕ ਚੰਦ ਪੁੱਤਰ ਵਿਸ਼ੰਬਰ ਸਿੰਘ ਆਪਣੇ ਸਹੁਰੇ ਰਾਜਿੰਦਰ ਸਿੰਘ ਪੁੱਤਰ ਪਿਆਰੇ ਲਾਲ ਨਾਲ ਮੋਟਰਸਾਈਕਲ 'ਤੇ ਹਿਮਾਚਲ ਪ੍ਰਦੇਸ਼ ਦੇ ਸੰਸਾਰਪੁਰ ਟੈਰੇਸ ਵਿਖੇ ਆਪਣੇ ਰਿਸ਼ਤੇਦਾਰ ਦੇ ਘਰ ਜਾ ਰਿਹਾ ਸੀ। ਜਦੋਂ ਉਹ ਤਲਵਾੜਾ-ਊਨਾ ਮਾਰਗ ਤੋਂ ਲੰਘ ਰਹੇ ਸਨ ਤਾਂ ਖੋਖਾ ਮਾਰਕੀਟ ਨੇੜੇ ਪਿੱਛੇ ਤੋਂ ਆ ਰਹੇ ਇਕ ਅਣਪਛਾਤੇ



ਟਿੱਪਰ ਟਰੱਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਰਜਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਵਿਸ਼ੰਬਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲਈ ਤਲਵਾੜਾ ਦੇ ਬੀ. ਬੀ. ਐੱਮ. ਬੀ. ਹਸਪਤਾਲ ਲਿਜਾਇਆ ਗਿਆ। ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਦਸੂਹਾ ਦੇ ਸ਼ਿਵਲ ਹਸਪਤਾਲ ਰੈਫਰ ਕਰ ਦਿੱਤਾ। ਹਾਦਸੇ ਦੀ ਸੂਚਨਾ ਮਿਲਦੇ ਹੀ ਤਲਵਾੜਾ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਬੀ. ਬੀ. ਐੱਮ. ਬੀ. ਹਸਪਤਾਲ ਭੇਜ ਦਿੱਤਾ। ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਪੁਲਸ ਨੇ ਅਣਪਛਾਤੇ ਟਿੱਪਰ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਦੇਵ ਸਿੰਘ ਨੇ ਦੱਸਿਆ ਕਿ ਸਵੇਰੇ ਸਾਢੇ 10 ਵਜੇ ਦੇ ਕਰੀਬ ਹਸਪਤਾਲ ਨੂੰ ਦੋ ਸੜਕ ਹਾਦਸਿਆਂ ਦੇ ਮਾਮਲੇ ਆਏ ਸਨ। ਰਾਜਿੰਦਰ ਸਿੰਘ ਨੂੰ ਮ੍ਰਿਤਕ ਹਾਲਤ 'ਚ ਹਸਪਤਾਲ ਲਿਆਂਦਾ ਗਿਆ, ਜਦਕਿ ਵਿਸ਼ਵੰਬਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਜ਼ਖ਼ਮੀ ਨੂੰ ਅਗਲੇ ਇਲਾਜ ਲਈ ਸ਼ਿਵਲ ਹਸਪਤਾਲ ਦਸੂਹਾ ਰੈਫਰ ਕਰ ਦਿੱਤਾ ਗਿਆ। ਪੁਲਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ ਅਤੇ ਅਣਪਛਾਤੇ ਟਿੱਪਰ ਡਰਾਈਵਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਮਾਈਕ੍ਰੋਸਾਫਟ ਮੈਨੇਜਰ ਜੇਰੇਡ ਬ੍ਰਾਈਡੇਗਨ ਹੱਤਿਆ ਕਾਂਡ: ਮੁੱਖ ਦੋਸ਼ੀ ਮਾਰੀਓ ਫਰਨਾਂਡੀਜ਼ 'ਤੇ ਫਲੋਰਿਡਾ 'ਚ ਟਰਾਇਲ ਸ਼ੁਰੂ

ਵਾਸ਼ਿੰਗਟਨ 25 ਅਗਸਤ। ਮਾਈਕ੍ਰੋਸਾਫਟ ਦੇ ਇੱਕ ਡਿਜ਼ਾਈਨ ਮੈਨੇਜਰ ਦਾ ਕਤਲ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ੀ ਇੱਕ ਵਿਅਕਤੀ ਦਾ ਸੋਮਵਾਰ ਨੂੰ ਫਲੋਰਿਡਾ ਵਿਚ ਟ?ਰਾਇਲ ਸ਼ੁਰੂ ਹੋਣ ਜਾ ਰਿਹਾ ਹੈ। ਚਾਰ ਸਾਲ ਪਹਿਲਾਂ ਵਿਚ ਸੜਕ 'ਤੇ ਉਨ੍ਹਾਂ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਦੌਰਾਨ ਉਨ੍ਹਾਂ ਦਾ ਦੋ ਸਾਲ ਦਾ ਬੱਚਾ ਕਾਰ ਦੇ ਅੰਦਰ ਬੈਠਾ ਹੋਇਆ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ 2022 ਵਿਚ ਵਾਰਦਾਤ ਵਾਲੇ ਦਿਨ ਵਿਚ ਸੜਕ 'ਤੇ ਟਾਇਰ ਰੱਖਿਆ ਜਾਣਾ ਜੇਰੇਡ ਬ੍ਰਾਈਡੇਗਨ ਦੇ ਕਤਲ ਦੀ ਸਾਜ਼ਿਸ਼ ਤਹਿਤ ਚੁੱਕਿਆ ਗਿਆ ਕਦਮ ਸੀ। ਇਹ ਪੈਸੇ ਦੇ ਕੇ ਕਤਲ ਕਰਵਾਉਣ ਦੀ ਸਾਜ਼ਿਸ਼ ਸੀ, ਜਿਸ ਵਿਚ ਬ੍ਰਾਈਡੇਗਨ ਦੀ ਸਾਬਕਾ ਪਤਨੀ ਤੇ ਔਰਤ ਦਾ ਮੌਜੂਦਾ ਪਤੀ ਸ਼ਾਮਲ ਸਨ। ਪਤੀ, ਮਾਰੀਓ ਫਰਨਾਂਡੀਜ਼ ਸਾਲਡਾਨਾ 'ਤੇ ਡੁਵਲ ਕਾਉਂਟੀ ਕੋਰਟ ਵਿਚ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਬ੍ਰਾਈਡੇਗਨ ਦੀ ਸਾਬਕਾ ਪਤਨੀ ਸ਼ਾਨਾ ਗਾਰਡਨਰ 'ਤੇ ਵੀ ਕਤਲ ਦਾ ਦੋਸ਼ ਹੈ, ਹਾਲਾਂਕਿ ਟ?ਰਾਇਲ ਸਤੰਬਰ ਤੱਕ ਸ਼ੁਰੂ ਨਹੀਂ ਹੋਣਾ ਹੈ। ਬ੍ਰਾਈਡੇਗਨ ਤੇ ਗਾਰਡਨਰ ਦਾ 2015 ਵਿਚ ਤਲਾਕ ਹੋ ਗਿਆ ਸੀ, ਪਰ ਉਨ੍ਹਾਂ ਵਿਚ ਬੱਚਿਆਂ ਦੀ ਪਰਵਰਿਸ਼ ਨੂੰ ਲੈ ਕੇ ਸਾਲਾਂ ਤੱਕ ਕੁੜੱਤਣ ਬਣੀ ਰਹੀ। ਦੋਸ਼ੀ ਬੰਦੂਕਧਾਰੀ, ਹੈਨਰੀ ਟੇਨੇਨ ਨੇ 2023 ਵਿਚ ਕਤਲ ਦਾ ਜੁਰਮ ਕਬੂਲ ਕੀਤਾ ਸੀ ਤੇ ਫਰਨਾਂਡੀਜ਼ ਸਾਲਡਾਨਾ ਖ਼?ਲਾਫ਼ ਗਵਾਹੀ ਦੇਣ ਲਈ ਸਹਿਮਤ ਹੋਇਆ ਸੀ, ਪਰ ਉਸ ਨੇ ਇਸ ਸਾਲ ਦੀ ਸ਼ੁਰੂਆਤ ਵਿਚ ਆਪਣੀ ਦਲੀਲ ਵਾਪਸ ਲੈ ਲਈ ਅਤੇ 2027 ਵਿਚ ਉਸ ਦਾ ਟ?ਰਾਇਲ ਸ਼ੁਰੂ ਹੋਵੇਗਾ। ਅੰਮ੍ਰਿਤਸਰ ਦੇ ਮਜੀਠਾ ਥਾਣਾ ਖੇਤਰ ਵਿੱਚ ਪਨਗ੍ਰੇਨ ਗੋਦਾਮ ਤੋਂ ਬੰਦੂਕ ਦੀ ਨੋਕ 'ਤੇ 357 ਬੋਰੀਆਂ ਕਣਕ ਲੁੱਟੀ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦ ਕਿ ਉਸ ਦੇ ਹੋਰ ਸਾਥੀਆਂ ਦੀ ਭਾਲ ਜਾਰੀ ਹੈ। ਅੰਮ੍ਰਿਤਸਰ ਦੇ ਥਾਣਾ ਏ ਡਿਵੀਜ਼ਨ ਦੇ ਤਿਲਕ ਨਗਰ ਦੇ ਵਸਨੀਕ ਅਸੀਸ ਅਹਾਜਨ ਨੇ ਦੱਸਿਆ ਕਿ ਉਹ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵਿੱਚ ਇੰਸਪੈਕਟਰ ਵਜੋਂ ਤਾਇਨਾਤ ਹੈ ਅਤੇ ਮਜੀਠਾ ਸਰਕਲ ਲਈ ਜ਼ਿੰਮੇਵਾਰ ਹੈ। ਸਰਕਲ ਵਿੱਚ ਬੱਲ ਕਲਾਂ ਅਤੇ ਨਾਗ ਕਲਾਂ ਵਿੱਚ ਸਬ-ਗੋਦਾਮ ਅਤੇ ਸੋਹੀਆਂ ਕਲਾਂ ਵਿੱਚ ਪੰਕਜ ਐਗਰੋ ਵਾਇਰ ਸ਼ਾਮਲ ਹਨ।

# ਕਾਰ-ਮੋਟਰਸਾਇਕਲ ਦਰਮਿਆਨ ਸਿੱਧੀ ਟੱਕਰ, ਮੋਟਰਸਾਇਕਲ ਸਵਾਰ ਨੌਜਵਾਨ ਗੰਭੀਰ ਜ਼ਖ਼ਮੀ

ਜੈਤੋ 25 ਅਗਸਤ। ਚੜ੍ਹਦੀਕਲਾ ਵੈੱਲਫੇਅਰ ਸੇਵਾ ਸੁਸਾਇਟੀ ਜੈਤੋ ਦੇ ਐਮਰਜੈਂਸੀ ਫੋਨ ਨੰਬਰ 'ਤੇ ਕਿਸੇ ਰਾਹਗੀਰ ਨੇ ਫੋਨ ਕਰਕੇ ਸੂਚਨਾ ਦਿੱਤੀ ਕਿ ਇੱਕ ਮੋਟਰਸਾਇਕਲ 'ਤੇ ਪਤੀ, ਪਤਨੀ ਅਤੇ ਉਨ੍ਹਾਂ ਦਾ ਇੱਕ ਸਾਲ ਦਾ ਬੱਚਾ ਬਾਜਾਖਾਨਾ ਦੇ ਬਿਜਲੀ ਘਰ ਦੇ ਨਜ਼ਦੀਕ, ਬਾਜਾਖਾਨਾ ਤੋਂ ਭਗਤਾ ਭਾਈ ਵੱਲ ਜਾ ਰਹੇ ਸਨ । ਅਚਾਨਕ ਬਾਜਾਖਾਨਾ ਤੋਂ ਜੈਤੋ ਵੱਲ ਜਾ ਰਹੀ ਕਾਰ ਨੇ ਮੋਟਰਸਾਇਕਲ 'ਚ ਸਿੱਧੀ ਟੱਕਰ ਮਾਰ ਦਿੱਤੀ । ਜਿਸ ਕਾਰਨ ਮੋਟਰਸਾਇਕਲ ਸਵਾਰ ਨੌਜਵਾਨ ਗੰਭੀਰ ਜਖ਼ਮੀ ਹੋ ਗਿਆ। ਪਤਨੀ ਤੇ ਬੱਚਾ ਬਾਲ ਬਾਲ ਬੱਚ ਗਏ। ਉਨ੍ਹਾਂ ਦੇ ਮਾਮੂਲੀ ਸੱਟਾਂ ਵੀ ਲੱਗੀਆ ਸਨ। ਘਟਨਾ ਦੀ ਸੂਚਨਾ ਮਿਲਦਿਆਂ ਹੀ ਚੜ੍ਹਦੀਕਲਾ ਵੈੱਲਫੇਅਰ ਸੇਵਾ ਸੁਸਾਇਟੀ ਜੈਤੋ ਦੀ ਟੀਮ ਨੇ ਐਮਬੂਲੈਂਸ 108 ਦੀ ਮੱਦਦ ਨਾਲ, ਗੰਭੀਰ ਜਖ਼ਮੀ ਨੌਜਵਾਨ ਨੂੰ ਚੁੱਕ ਕੇ ਸਿਵਲ ਹਸਪਤਾਲ ਬਾਜਾਖਾਨਾ ਵਿਖੇ ਇਲਾਜ ਲਈ ਲਿਆਂਦਾ । ਜ਼ਖ਼ਮੀ ਵਿਅਕਤੀ ਦੀ ਹਾਲਤ ਗੰਭੀਰ ਦੇਖਦਿਆਂ, ਵਾਰਸਾਂ ਦੀ ਮਰਜ਼ੀ ਅਨੁਸਾਰ ਜ਼ਖ਼ਮੀ ਵਿਅਕਤੀ ਨੂੰ ਬਠਿੰਡਾ ਦੇ ਕਿਸੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਗੰਭੀਰ ਜਖ਼ਮੀ ਮੋਟਰਸਾਇਕਲ ਸਵਾਰ ਆਦਮੀ ਦੀ ਪਹਿਚਾਣ ਗੁਰਕਿਰਤ ਸਿੰਘ (30ਸਾਲ) ਸਪੁੱਤਰ ਗੁਰਦੇਵ ਸਿੰਘ ਪਿੰਡ ਭਾਗਸਰ (ਜ਼ਿਲ੍ਹਾ ਮੁਕਤਸਰ) ਵਜੋਂ ਹੋਈ । ਜੋ ਕਿ ਪਰਾਈਵੇਟ ਬੈਂਕ ਵਿੱਚ ਪੇਮੈਂਟ ਰਿਕਵਰੀ ਕਰਨ ਕੰਮ ਕਰਦਾ ਸੀ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI



## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਜਨਰਲ, ਉਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ/ ਸਥਾਨਾਂ ਤੇ ਖਾਨਪਾਨ ਇਕਾਈਆਂ ਲਈ ਸਾਧਾਰਨ ਲਘੂ ਇਕਾਈਆਂ (GMU) ਅਤੇ ਵਿਸ਼ੇਸ਼ ਲਘੂ ਇਕਾਈਆਂ (SMU) ਦੇ ਕਾਂਟਰੈਕਟਾਂ ਦੇ ਅਲਾਟਮੈਂਟ ਦੇ ਆਈਆਰਈਪੀਐਸ (https://ireps.gov.in/)'ਤੇ ਦੇ ਮਾਧਿਅਮ ਨਾਲ ਈ-ਨੀਲਾਮੀ ਮੰਗ ਕਰਦਾ ਹੈ:

| ਲ. ਨੰ. | ਨੀਲਾਮੀ ਕੈਟਲਾਗ ਨੰਬਰ | ਈ-ਨੀਲਾਮੀ ਦੇ ਲਈ ਮਿਤੀ ਅਤੇ ਸਮਾਂ | ਰੇਲਵੇ ਸਟੇਸ਼ਨ | ਲਾਟ ਨੰਬਰ | ਇਕਾਈ ਦਾ ਪ੍ਰਕਾਰ |
|---|---|---|---|---|---|
| 1 | | | ਸਮਾਖਲਾ | Catg-DLI-SMK-GMU-87-25-1 | |
| 2 | | | ਓਖਲਾ | Catg-DLI-OKA-GMU-170-25-1 | |
| 3 | | | ਤੁਗਲਕਾਬਾਦ | Catg-DLI-TKD-GMU-169-25-1 | |
| 4 | | | ਸਾਂਪਲਾ | Catg-DLI-SPZ-GMU-150-25-1 | |
| 5 | | | | Catg-DLI-SPZ-GMU-149-25-1 | |
| 6 | | | ਮੋਹਿਓਦੀਨਪੁਰ | Catg-DLI-MUZ-GMU-154-25-1 | |
| 7 | | | ਮੰਡਾਵਲੀ ਚਨਦੇਰ ਵਿਹਾਰ ਹਾਲਟ | Catg-DLI-MWC-GMU-113-25-1 | |
| 8 | | | ਸੁਜਰਾ ਹਾਲਟ | Catg-DLI-SUJR-GMU-112-25-1 | |
| 9 | | | ਤਿਲਕ ਬ੍ਰਿਜ | Catg-DLI-TKJ-GMU-111-25-1 | ਜਨਰਲ ਲਘੂ ਇਕਾਈ (GMU) |
| 10 | CTG-AUG-02-26 | 09.09.2026 ਨੂੰ 11:00 ਵਜੇ | ਤਾਜ ਨਗਰ | Catg-DLI-TNJR-GMU-176-25-1 | |
| 11 | | | ਪਟੇਲ ਨਗਰ | Catg-DLI-PTNR-GMU-142-25-1 | |
| 12 | | | ਸੁਨੇਹਰਾ | Catg-DLI-SFA-GMU-107-25-1 | |
| 13 | | | ਵਿਵੇਕ ਵਿਹਾਰ | Catg-DLI-VVB-GMU-109-25-1 | |
| 14 | | | ਸ਼ਾਹਬਾਦ ਮਾਰਕੰਡਾ | Catg-DLI-SHDM-GMU-131-25-1 | |
| 15 | | | ਰਾਹਧਨਾ | Catg-DLI-RDDE-GMU-155-25-1 | |
| 16 | | | ਮੁਰਾਦਨਗਰ | Catg-DLI-MUD-GMU-91-25-1 | |
| 17 | | | | Catg-DLI-MUD-GMU-128-25-1 | |
| 18 | | | ਉਚਾਨਾ | Catg-DLI-UCA-GMU-110-25-1 | |
| 19 | | | ਪਰਤਾਪੁਰ | Catg-DLI-PRTP-GMU-156-25-1 | |
| 20 | | | ਦਯਾਬਸਤੀ | Catg-DLI-DBSI-SMU-116-25-1 | |
| 21 | | | ਦਿੱਲੀ ਆਜਾਦਪੁਰ | Catg-DLI-DAZ-SMU-122-25-1 | ਵਿਸ਼ੇਸ਼ ਲਘੂ ਇਕਾਈ (SMU) |
| 22 | | | ਪਲਵਲ | Catg-DLI-PWL-SMU-166-25-1 | |
| 23 | | | ਤੁਗਲਕਾਬਾਦ | Catg-DLI-TKD-SMU-117-25-1 | |

**ਵੈਬਸਾਈਟ ਵੇਰਵਾ ਜਿਥੇ ਈ-ਨੀਲਾਮੀ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ** — **https://ireps.gov.in/(E-Auction-Leasing)**

ਆਈਆਰਈਪੀਐਸ ਦੇ ਈ-ਨੀਲਾਮੀ ਲੀਜਿੰਗ ਮਾਡਯੂਲ ਦੇ ਮਾਧਿਅਮ ਨਾਲ ਆਯੋਜਿਤ ਈ-ਨੀਲਾਮੀ ਵਿਚ ਭਾਗ ਲੈਣ ਦੇ ਇਛੁਕ ਸਾਰੇ ਠੇਕੇਦਾਰਾਂ ਨੂੰ ਆਪਣੀਆਂ ਬੋਲੀਆਂ ਜਮ੍ਹਾ ਕਰਨ ਤੋਂ ਪਹਿਲਾਂ ਹੇਠਾਂ ਲਿਖਤ ਲਾਜਮੀ ਜਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ:

- ਈ-ਨੀਲਾਮੀ ਲੀਜਿੰਗ ਮਾਡਯੂਲ ਦੇ ਲਈ ਆਈਆਰਈਪੀਐਸ ਤੇ ਪੰਜੀਕਰਨ – ਈ-ਨੀਲਾਮੀ ਲੀਜਿੰਗ ਮਾਡਯੂਲ ਦੇ ਲਈ ਸਰਗਰਮ ਆਈਆਰਈਪੀਐਸ ਉਪਯੋਗਕਰਤਾ ਖਾਤਾ:
- ਇਕਮੁਸ਼ਤ ਪੰਜੀਕਰਨ ਸ਼ੁਲਕ ਦਾ ਭੁਗਤਾਨ; ਭਾਰਤੀਯ ਸਟੇਟ ਬੈਂਕ ਵਿਚ ਚਾਲੂ ਖਾਤਾ: IREPS ਖਾਤੇ ਦੇ ਨਾਲ SBI ਬੈਂਕ ਖਾਤੇ ਦਾ ਏਕੀਕਰਨ; ਨਿਧੀਆਂ ਦਾ ਗ੍ਰਹਿਣਅਧਿਕਾਰ ਅੰਕਨ; ਟਰਨਓਵਰ ਵੇਰਵੇ ਦਾ ਅਧਤੀਕਰਨ।
- ਈ-ਆਕਸ਼ਨ ਲਿਜਿੰਗ ਮਾਡਯੂਲ ਦੇ ਲਈ ਹੁਣ ਵਰਚੂਅਲ ਅਕਾਊਂਟ ਨੰਬਰ (VAN) ਨਾਮਕ ਇਕ ਨਵਾਂ ਤੰਤਰ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਉਪਯੋਗ ਬੋਲੀਦਾਤਾਵਾਂ ਦੁਆਰਾ ਲਿਯਨ ਮਾਰਕਿੰਗ ਤੰਤਰ ਦੇ ਵਿਕਲਪ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ।
- ਬੋਲੀਦਾਤਾ ਕਿਸੇ ਵੀ ਸਮੇਂ ਲਿਯਨ ਮਾਰਕਿੰਗ ਮੈਕੇਨਿਜਮ (ਜੇਕਰ ਸਰਗਰਮ ਹੋਵੇ) ਅਤੇ ਵੈਨ ਮੈਕੇਨਿਜਮ ਦੇ ਵਿਚ ਸਵਿਚ ਕਰਨ ਦੇ ਲਈ ਸੁਤੰਤਰ ਹੈ। VAN ਤੰਤਰ ਦੇ ਲਈ ਬੋਲੀ ਲਗਾਉਣ ਵਾਲੇ ਭਾਰਤੀ ਸਟੇਟ ਬੈਂਕ ਵਿਚ ਚਾਲੂ ਖਾਤਾ ਹੋਣਾ ਜਰੂਰ ਨਹੀਂ ਹੈ। ਉਪਯੋਗਕਰਤਾ ਕਿਸੇ ਵੀ ਬੇਂਕ ਵਿਚ ਆਪਦੇ ਕਿਸੇ ਵੀ ਮੌਜੂਦਾ ਬੈਂਕ ਖਾਤੇ ਤੋਂ ਆਪਣੇ VAN ਖਾਤੇ ਵਿਚ ਧਨ ਟਰਾਂਸਫਰ ਕਰਨ ਦੇ ਲਈ ਆਜ਼ਾਦ ਹਨ, ਜੋ ਉਨ੍ਹਾਂ ਨੂੰ IREPS ਈ-ਨੀਲਾਮੀ ਵਿਚ ਭਾਗ ਲੈਣ ਵਿਚ ਸਮਰਥ ਬਨਾਉਂਦਾ ਹੈ।
- ਜਿਨ੍ਹਾਂ ਠੇਕੇਦਾਰਾਂ ਦੇ ਕੋਲ IREPS ਦੇ ਕਿਸੇ ਵੀ ਮਾਡਯੂਲ ਦੇ ਲਈ IREPS ਖਾਤਾ ਨਹੀਂ ਹੈ, ਇਹ IREPS ਹੋਮ ਪੇਜ ਤੇ ਨਵੇਂ ਵਿਕ੍ਰੇਤਾਵਾਂ/ ਠੇਕੇਦਾਰਾਂ (ਈ-ਨਿਵਿਦਾ/ਈ-ਨੀਲਾਮੀ ਪੱਟੇ) ਲਿੰਕ ਤੇ ਕਲਿਕ ਕਰਕੇ ਪੰਜੀਕਰਨ ਦੇ ਲਈ ਆਪਣਾ ਆਨਲਾਈਨ ਅਨੁਰੋਧ ਪੇਸ਼ ਕਰ ਸਕਦੇ ਹਨ।

**ਕਿਸੇ ਵੀ ਪ੍ਰਸ਼ਨ ਦੇ ਮਾਮਲੇ ਵਿਚ ਸੰਪਰਕ ਕਰਨ ਦੇ ਲਈ ਰੇਲਵੇ ਪ੍ਰਾਧੀਕਰਨ** — ਸੀਨੀਅਰ ਮੰਡਲ ਵਾਣਿਜਕ ਪ੍ਰਬੰਧਕ/ਪੀਐਸ ਡੀਆਰਐਮ ਦਫਤਰ, ਸਟੇਟ ਐਂਟਰੀ ਰੋਡ,ਨਵੀਂ ਦਿੱਲੀ-110055 **ਈ-ਮੇਲ:** catering.delhidivision@gmail.com, **ਟੈਲੀਫੋਨ** : 011–23743084

ਨੰ. **23 AC/Ctg./e-Auction/GMU & SMU/2026** ਤਾਰੀਕ : **24.08.2026** 2945/2026

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕਰਾਂਗੇ।*

## ਸੋਨ ਸੁਨਹਿਰੀ ਕਲਮਾਂ

# ਸੰਭਾਵਨਾਵਾਂ ਭਰਪੂਰ ਸ਼ਾਇਰ



**ਅਕਰਮ ਧੂਰਕੋਟ**
98156-07290

ਅਕਰਮ ਧੂਰਕੋਟ ਨਵੀਂ ਪੀੜ੍ਹੀ ਦਾ ਸੰਭਾਵਨਾਵਾਂ ਭਰਪੂਰ ਲੇਖਕ ਹੈ। ਭਾਵੇਂ ਉਹ ਮਿੰਨੀ ਕਹਾਣੀ ਤੇ ਲੇਖ ਵੀ ਲਿਖਦਾ ਹੈ ਪਰ ਜ਼ਿਆਦਾ ਤਵੱਜੋ ਕਵਿਤਾ ਵੱਲ ਹੈ। ਅਕਰਮ ਅਨੁਸਾਰ ਲਿਖਣ ਪੜ੍ਹਨ ਦੀ ਉਸ ਦੇ ਪਰਿਵਾਰ ਵਿਚ ਕੋਈ ਰਵਾਇਤ ਨਹੀਂ ਸੀ ਬਲਕਿ ਉਸ ਦੇ ਮਾਂ-ਬਾਪ ਪੜ੍ਹੇ ਲਿਖੇ ਵੀ ਨਹੀਂ ਸਨ। ਉਸ ਦਾ ਮੰਨਣਾ ਹੈ ਕਿ ਇਹ ਕੁਦਰਤ ਦੀ ਦੇਣ ਹੀ ਹੈ। ਵਿਚਾਰਧਾਰਕ ਪੱਖੋਂ ਪਾਸ਼ ਤੋਂ ਪ੍ਰਭਾਵਿਤ ਇਹ ਨੌਜਵਾਨ ਸ਼ਾਇਰ ਲੋਕਾਂ ਦੇ ਦੁੱਖਾਂ-ਦਰਦਾਂ, ਦੁਸ਼ਵਾਰੀਆਂ ਤੇ ਸਮਾਜ ਵਿਚ ਵਿਆਪਤ ਸਮੱਸਿਆਵਾਂ ਤੇ ਬੁਰਾਈਆਂ ਨੂੰ ਆਪਣੀ ਕਲਮ ਰਾਹੀਂ ਬਿਆਨ ਕਰਨ ਦੀ ਰੁਚੀ ਰੱਖਦਾ ਹੈ। ਉਸ ਦੀਆਂ ਕੁਝ ਰਚਨਾਵਾਂ ਦੋ ਸਾਂਝੀਆਂ ਕਾਵਿ ਪੁਸਤਕਾਂ ਵਿਚ ਸ਼ਾਮਲ ਹੋਈਆਂ ਹਨ। ਹੁਣ ਉਹ ਆਪਣੀ ਕਾਵਿ ਪੁਸਤਕ ਛਪਵਾਉਣ ਲਈ ਯਤਨਸ਼ੀਲ ਹੈ। ਉਸਾਰੂ ਸਾਹਿਤ ਵਿੱਚੋਂ ਉਸ ਨੇ ਵਰਤਾਰੇ ਨੂੰ ਸਮਝਣ ਦਾ ਸੁੱਚਜਾ ਦ੍ਰਿਸ਼ਟੀਕੋਣ ਧਾਰਨ ਕੀਤਾ ਹੈ। ਉਸ ਦੇ ਇਸੇ ਦ੍ਰਿਸ਼ਟੀਕੋਣ ਦਾ ਝਲਕਾਰਾ ਉਸ ਦੀਆਂ ਲਿਖਤਾਂ ਵਿੱਚੋਂ ਆਪ ਮੁਹਾਰੇ ਪੈਂਦਾ ਹੈ। ਅਕਰਮ ਖੁੱਲ੍ਹੀਆਂ ਕਵਿਤਾਵਾਂ ਲਿਖਦੈ ਤੇ ਛੰਦਬੱਧ ਵੀ। ਪੜ੍ਹਾਈ ਪੱਖੋਂ ਉਸ ਨੇ ਬੀਟੈੱਕ ਕੀਤੀ ਹੈ ਤੇ ਇਸ ਵੇਲੇ ਨਹਿਰੂ ਯੁਵਾ ਕੇਂਦਰ ਵਿਚ ਕਾਰਜਸ਼ੀਲ ਹੈ। ਪੇਸ਼ ਹਨ ਉਸ ਦੀਆਂ ਦੋ ਕਾਵਿ ਰਚਨਾਵਾਂ।

• **ਹਰਮੇਲ ਪਰੀਤ**
94173-33316

## ਕਵਿਤਾਵਾਂ

### ਮੁੱਕਦੀ ਗੱਲ

ਸੋਚਿਓ ਕਦੇ
ਆਉਣ ਵਾਲੀਆਂ ਨਸਲਾਂ ਨੂੰ
ਕੀ ਦਿਆਂਗੇ ਜਾਣ ਵੇਲੇ।
ਪੀਣ ਲਈ ਕਾਰਖ਼ਾਨਿਆਂ 'ਚੋਂ
ਨਿਕਲਦਾ ਤੇਜ਼ਾਬ।
ਚੱਬਣ ਲਈ ਲੋਹਾ
ਬੰਜ਼ਰ ਧਰਤੀ ਜਾਂ ਫਿਰ
ਪਲ-ਪਲ ਮੌਤ ਦਾ ਸਹਿਮ।
ਧਰਤੀ ਦੀ ਹਿੱਕ 'ਤੇ
ਧੜਾਧੜ ਸੁਰਾਖ਼ਾਂ ਦਾ ਇਜ਼ਾਫ਼ਾ
ਸਾਡੇ ਸਾਹਾਂ ਨੂੰ ਮਨਫ਼ੀ ਕਰ ਰਿਹੈ।
ਮੁਕਦੀ ਗੱਲ
ਸਾਡਾ ਜ਼ਮੀਰ ਡਿੱਗ ਚੁੱਕਿਐ
ਪਾਣੀ ਤੋਂ ਦੂੱਗਣਾ ਹੇਠਾਂ।



### ਮੌਤ ਦੇ ਅਰਥ

ਦੇਹਾਂ ਦਾ ਰਾਖ਼ ਹੋਣਾ ਜਾਂ
ਸਪੁਰਦ-ਇ-ਖ਼ਾਕ ਹੋਣਾ ਹੀ
ਮਨੁੱਖ ਦੀ ਮੌਤ ਨਹੀਂ।
ਕਾਮ ਦੀ ਲੋਰ ਵਿਚ
ਸੁਲਘਦੇ ਦੌਰ ਵਿਚ
ਧੀ ਦਾ ਅੰਗ-ਅੰਗ ਟੋਹਣਾ
ਬਾਪੂ ਤੋਂ ਦਰਿੰਦਾ ਹੋਣਾ।
ਇਹ ਕਿੰਨੀ ਭਿਆਨਕ ਦਰਿੰਦਗੀ ਏ
ਜੇ ਇਹ ਸਭ ਕੁਝ ਮੌਤ ਨਹੀਂ ਤਾਂ
ਮੌਤ ਲਈ ਸ਼ਰਮਿੰਦਗੀ ਏ।
ਏਡਜ਼ ਤੋਂ ਕਿਤੇ ਭਿਆਨਕ ਹੁੰਦੈ
ਥੋੜੀ ਗ਼ੈਰਤ ਦਾ ਸੌਣਾ
ਅਸੂਲਾਂ ਨਾਲ ਗੰਢ ਤੁਪ ਹੋਣਾ
ਹਰ ਕਿਸੇ ਲਈ
ਮੌਤ ਦੇ ਅਰਥ
ਅਰਥੀਆਂ ਤੱਕ ਸੀਮਿਤ ਨਹੀਂ ਹੁੰਦੇ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

**ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਘਰ ਉਦੋਂ ਘਰ ਨਹੀਂ ਰਹਿੰਦਾ ਜਦੋਂ ਕੋਈ ਪਤਨੀ ਖ਼ਾਤਿਰ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦਾ ਹੈ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ ਹਨ...**



# ਜਿੱਥੇ ਆ ਕੇ ਮਿਲੇ ਸਕੂਨ ਤੇ ਖ਼ੁਸ਼ੀ

**ਸਤਨਾਮ ਚੌਹਾਨ**

ਸੂਰਜ ਜਦੋਂ ਸ਼ਾਮਾਂ ਨੂੰ ਆਪਣੀਆਂ ਕਿਰਨਾਂ ਸਮੇਟ ਕਿਤੇ ਹੋਰ ਬਖੇਰਨ ਜਾ ਰਿਹਾ ਹੁੰਦਾ ਤਾਂ ਹਰ ਪਸ਼ੂ-ਪੰਛੀ, ਆਪਣੇ-ਆਪਣੇ ਟਿਕਾਣੇ ਜਾਣ ਲਈ ਤੁਰ ਪੈਂਦਾ ਹੈ। ਕੁਦਰਤ ਨੇ ਹਰ ਜੀਵ-ਜੰਤੂ ਨੂੰ ਆਪਣਾ ਟਿਕਾਣਾ ਬਣਾਉਣ ਦੀ ਸੋਝੀ ਜਾਂ ਅਕਲ ਦਿੱਤੀ ਹੋਈ ਹੈ। ਇਸ ਟਿਕਾਣੇ ਨੂੰ ਘਰ ਕਿਹਾ ਜਾਂਦਾ ਹੈ। ਪੰਛੀ ਆਲ੍ਹਣੇ ਬਣਾਉਂਦੇ ਹਨ, ਕੱਖਾਂ-ਕਾਨਿਆਂ ਨੂੰ ਜੋੜ ਕੇ। ਮਨੁੱਖ ਘਰ ਬਣਾਉਂਦਾ ਹੈ, ਮਿੱਟੀ, ਇੱਟਾਂ, ਲੱਕੜ ਤੇ ਸੀਮਿੰਟ ਦਾ।

### ਸਵੈ-ਸੁਰੱਖਿਆ

ਪੰਛੀ ਤੀਲਾ-ਤੀਲਾ ਇਕੱਠਾ ਕਰ ਕੇ ਦਰੱਖ਼ਤਾਂ ਦੀਆਂ ਟਾਹਣੀਆਂ ਅਤੇ ਹੋਰ ਕਈ ਥਾਵਾਂ 'ਤੇ, ਜਿੱਥੇ ਉਹ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਆਲ੍ਹਣਾ ਬਣਾਉਂਦੇ ਹਨ। ਮਨੁੱਖ ਆਪਣਾ ਘਰ, ਕਈ ਤਰ੍ਹਾਂ ਨਾਲ ਬਣਾਉਂਦਾ ਹੈ। ਸੋਹਣੀਆਂ-ਸੋਹਣੀਆਂ ਕੋਠੀਆਂ ਦੇ ਰੂਪ ਵਿਚ। ਪਰ ਅੱਜ ਤੋਂ ਕਈ ਵਰ੍ਹੇ ਪਹਿਲਾਂ ਜੋ ਘਰ ਹੁੰਦੇ ਸਨ ਉਹ ਸਿਰਫ਼ ਮਿੱਟੀ ਤੇ ਗਾਰੇ ਨਾਲ ਬਣਾਏ ਜਾਂਦੇ। ਬਾਲੇ ਲਟੈਣਾ ਦੀਆਂ ਛੱਤਾਂ ਹੁੰਦੀਆਂ ਸਨ। ਕੱਚੇ ਘਰਾਂ ਵਿਚ ਬਹੁਤ ਰੌਣਕਾਂ ਹੁੰਦੀਆਂ ਸਨ। ਲੋਕਾਂ ਵਿਚ ਅਪਣੱਤ ਤੇ ਪਿਆਰ ਹੁੰਦਾ ਸੀ। ਫਿਰ ਤਰੱਕੀ ਹੋਈ, ਪੱਕੇ ਘਰ ਬਣ ਗਏ, ਬਾਲਿਆਂ/ਸ਼ਤੀਰਾਂ ਦੀਆਂ ਛੱਤਾਂ ਲੈਂਟਰ ਵਿਚ ਤਬਦੀਲ ਹੋ ਗਈਆਂ। ਵੱਡੇ-ਵੱਡੇ ਮਹਿਲ/ਬੰਗਲੇ ਬਣਾ ਲਏ ਲੋਕਾਂ ਨੇ।

### ਅਪਣੱਤ

ਘਰ ਕੋਠੀ/ਬੰਗਲਾ, ਹਵੇਲੀ ਨੂੰ ਤਾਂ ਹੀ ਕਿਹਾ ਜਾ ਸਕਦਾ ਹੈ ਜੇਕਰ ਇਨ੍ਹਾਂ ਵਿਚ ਖ਼ੁਸ਼ੀਆਂ, ਚਾਅ, ਹਾਸੇ, ਡੁੱਲ੍ਹ-ਡੁੱਲ੍ਹ ਪੈਂਦੇ ਹਨ। ਉਸ ਵੇਲੇ ਅਪਣੱਤ ਸੀ, ਪਿਆਰ ਸੀ, ਇਕ-ਦੂਜੇ ਲਈ ਜਾਨ ਹਾਜ਼ਿਰ ਸੀ, ਓਦੋਂ। ਕੋਠਾ ਕੱਚਾ ਹੁੰਦਾ ਸੀ ਬੇਸ਼ੱਕ ਪਰ ਰਿਸ਼ਤੇ ਪੱਕੇ ਹੁੰਦੇ ਸਨ। ਉਸ ਸਮੇਂ ਦੇ ਕੋਠਿਆਂ ਦੇ ਬਨੇਰੇ ਵੀ ਨਹੀਂ ਸਨ ਹੁੰਦੇ। ਇਕ ਕੋਠੇ ਚੜ੍ਹਨਾ ਤੇ ਕਈ ਨਾਲ ਵਾਲੇ ਕੋਠੇ ਵੀ ਟੱਪ ਆਉਣੇ। ਅੱਜ ਕੱਲ੍ਹ ਇਹ ਵਰਤਾਰਾ ਲੋਪ ਹੀ ਹੋ ਗਿਆ ਹੈ। ਹੁਣ ਹਰ ਘਰ ਦੇ ਬਨੇਰੇ ਉੱਚੇ ਹੋ ਗਏ ਹਨ। ਘਰਾਂ ਦੇ ਬਾਹਰ ਘੰਟੀਆਂ ਲੱਗੀਆਂ ਹੋਈਆਂ। ਜੇ ਕਿਸੇ ਦੇ ਘਰ ਜਾਣਾ ਹੋਵੇ ਪਹਿਲਾਂ ਤਾਂ ਪੁੱਛਣਾ ਪੈਂਦਾ ਫੋਨ ਕਰ ਕੇ ਜਾਂ ਫਿਰ ਘੰਟੀ ਵਜਾ ਕੇ ਅਗਲੇ ਨੂੰ ਬੁਲਾਉਣਾ ਪੈਂਦਾ ਹੈ। ਪਹਿਲਾਂ ਘਰਾਂ ਦੇ ਦਰਵਾਜ਼ੇ ਸਦਾ ਆਏ-ਗਏ ਲਈ ਖੁੱਲ੍ਹੇ ਹੁੰਦੇ ਸਨ। ਕਾਂ ਬੋਲਣ 'ਤੇ ਸੋਚਿਆ ਜਾਂਦਾ ਕਿ ਅੱਜ ਕੋਈ ਪ੍ਰਾਹੁਣਾ ਆਏਗਾ। ਕਾਵਾਂ ਨੂੰ ਚੂਰੀਆਂ ਪਾਉਣੀਆਂ ਕਿ ਪ੍ਰਾਹੁਣਾ ਪਿਆਰਾ ਹੋਵੇ ਕੋਈ। ਇਹ ਅਪਣੱਤ ਨਾਲ ਭਰੇ ਘਰਾਂ ਦੀਆਂ ਨਿਸ਼ਾਨੀਆਂ ਸਨ।

### ਘਰ ਦਾ ਸੁਪਨਾ

ਘਰ ਇਕ ਸੁਪਨਾ ਹੁੰਦਾ ਹਰ ਵਿਅਕਤੀ ਦਾ। ਹਰ ਕੋਈ ਚਾਹੁੰਦਾ ਉਸ ਕੋਲ ਆਪਣਾ ਘਰ ਹੋਵੇ। ਜਿੱਥੇ ਉਹ ਸਕੂਨ ਤੇ ਖ਼ੁਸ਼ੀ ਨਾਲ ਰਹਿ ਸਕੇ। ਛੋਟੇ ਹੁੰਦੇ ਕੁੜੀਆਂ ਘਰ-ਘਰ ਖੇਡਦੀਆਂ। ਉਹ ਸੱਚੀ-ਮੁੱਚੀ ਘਰ ਚਿਤਵ ਕੇ, ਨਿੱਕੇ-ਨਿੱਕੇ ਭਾਂਡੇ, ਨਿੱਕ-ਸੁੱਕ ਸਾਰਾ ਘਰ ਵਰਗਾ ਬਣਾਉਂਦੀਆਂ ਆਪ ਹੀ ਖਿਲਾਰਾ ਪਾ ਕੇ ਫਿਰ ਆਪ ਹੀ ਸੁਆਣੀਆਂ ਦੀ ਤਰ੍ਹਾਂ ਉਸ ਖਿਲਾਰੇ ਨੂੰ ਸਮੇਟ ਲੈਂਦੀਆਂ। ਇਸ ਤਰਾਂ ਬਾਲ ਮਨ ਵਿਚ ਹੀ ਘਰ ਦੀ ਪ੍ਰਵਿਰਤੀ ਜਾਗ ਪੈਂਦੀ ਸੀ। ਇਨ੍ਹਾਂ ਘਰਾਂ ਵਿਚ ਜੋ ਕਲਪਨਾ ਦੇ ਬੀਜ ਹੁੰਦੇ, ਉਹ ਕੁਝ ਸਮੇਂ ਬਾਅਦ ਹਕੀਕਤ ਵਿਚ ਬਦਲ ਜਾਂਦੇ।

### ਬਰਕਤ

ਘਰ ਔਰਤ ਨਾਲ ਹੀ ਘਰ, ਘਰ ਬਣਦਾ ਹੈ। ਉਹ ਚਾਹੇ ਤਾਂ ਘਰ ਨੂੰ ਸਵਰਗ ਬਣਾ ਸਕਦੀ, ਜੇ ਚਾਹੇ ਤਾਂ ਸੂਈ ਨਾਲ ਵੀ ਢਾਹ ਸਕਦੀ। ਸਿਆਣੇ ਕਹਿੰਦੇ ਹਨ, ਜੇ ਔਰਤ ਸਿਆਣੀ ਹੋਵ ਤਾਂ ਸਾਰੇ ਘਰ ਨੂੰ ਜੋੜਕੇ ਰੱਖ ਸਕਦੀ ਹੈ। ਸਾਰੇ ਜੀਆਂ 'ਚ ਪਿਆਰ, ਅਪਣੱਤ ਭਰ ਸਕਦੀ ਹੈ ਪਰ ਕਈ ਘਰਾਂ ਵਿਚ ਔਰਤਾਂ ਦੇ ਕਾਰਨ ਘਰ, ਘਰ ਨਾ ਹੋ ਕੇ ਉਜਾੜ ਲੱਗਦੇ ਨੇ। ਕਹਿੰਦੇ ਹਨ ਜਿੱਥੇ ਲੜਾਈ-ਝਗੜਾ ਹੋਵੇ ਉੱਥੇ ਬਰਕਤ ਨਹੀਂ ਰਹਿੰਦੀ। ਕਿਸੇ ਜੀਅ ਦੇ ਚਿਹਰੇ 'ਤੇ ਰੌਣਕ ਨਹੀਂ ਰਹਿੰਦੀ। ਹਰ ਕੋਈ ਮੁਰਝਾਇਆ ਜਿਹਾ ਤੇ ਮੱਥੇ ਸੌ ਤਿਉੜੀਆਂ ਲੈ ਕੇ ਫਿਰਦਾ।ਜਿਸ ਘਰ ਵਿਚ ਇਕ-ਦੂਜੇ ਦਾ ਬੋਲ ਭੁੰਝੇ ਨਹੀਂ ਡਿੱਗਣ ਦਿੱਤਾ ਜਾਂਦਾ, ਉਹ ਘਰ ਅਸਲੀ ਘਰ ਹੁੰਦਾ, ਸਹੀ ਅਰਥਾਂ ਵਿਚ। ਘਰ ਹਰ ਬੰਦੇ ਦੀ ਮੁੱਢਲੀ ਲੋੜ ਹੈ। ਜਦੋਂ ਅਸੀਂ ਕਿਸੇ ਬਿਗਾਨੇ ਸ਼ਹਿਰ ਜਾਂਦੇ ਹਾਂ ਤਾਂ ਚਿਤਵ ਕੇ ਦੇਖੋ, ਜੇ ਕੋਈ ਟਿਕਾਣਾ ਨਾ ਹੋਵੇ ਤਾਂ ਤਾਂ ਕੀ ਗੁਜ਼ਰਦੀ ਹੈ ਦਿਲ 'ਤੇ।

### ਬੰਗਲੇ ਉਸਾਰਨ ਵਾਲੇ

ਘਰ ਤੇ ਹਵੇਲੀਆਂ ਤੇ ਬੰਗਲੇ ਉਸਾਰਨ ਵਾਲੇ ਮਜ਼ਦੂਰ, ਮਿਸਤਰੀਆਂ ਦੇ ਕਈ ਵਾਰ ਆਪਣੇ ਘਰ ਨਹੀਂ ਹੁੰਦੇ। ਉਹ ਵਿਚਾਰੇ ਸਾਰੀ ਉਮਰ ਲੋਕਾਂ ਦੇ ਘਰ ਹੀ ਬਣਾਉਂਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਆਪਣਾ ਘਰ ਕਦੇ ਨਹੀਂ ਬਣਦਾ। ਘਰ ਉਦੋਂ ਵੀ ਘਰ ਨਹੀਂ ਰਹਿੰਦੇ ਜਦੋਂ ਕੋਈ ਪਤਨੀ ਖ਼ਾਤਿਰ ਆਪਣੇ ਰੱਬ ਵਰਗੇ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦੇ ਹਨ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ। ਹਰ ਕਿਸੇ ਕੋਲ ਆਪਣਾ ਘਰ ਜ਼ਰੂਰ ਹੋਣਾ ਚਾਹੀਦਾ। ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਜਿੱਥੇ ਸ਼ਾਮ ਨੂੰ ਘਰ ਵਾਪਸ ਮੁੜਨ ਨੂੰ ਜੀਅ ਆਪ-ਮੁਹਾਰੇ ਕਰੇ। •

98886-15531

## ਪੱਤਰ ਹਰੇ ਕਚੂਰ

# ਲੋਕਾਂ ਦੀ ਗੱਲ ਕਰਨ ਵਾਲਾ ਸ਼ਾਇਰ



**ਦਿਲਜੀਤ ਬੰਗੀ**
95014-55994

ਮਨ ਦੀ ਗੱਲ ਨੂੰ ਲੈਅ ਬੱਧ ਢੰਗ ਨਾਲ ਕਹਿਣਾ ਅਤੇ ਤਾਲ ਨਾਲ ਤਾਲ ਮਿਲਾ ਕੇ ਲੋਕ ਮਨਾਂ ਵਿਚ ਵਸ ਜਾਣਾ ਇੰਨਾ ਸੌਖਾ ਕਾਰਜ ਨਹੀਂ ਹੁੰਦਾ ਜਿੰਨਾ ਕਿ ਸਾਨੂੰ ਵੇਖਣ ਨੂੰ ਲੱਗਦਾ ਹੈ ਪਰ ਦਿਲਜੀਤ ਬੰਗੀ ਨੂੰ ਇਹ ਕਾਰਜ ਕਰਨਾ ਅਤੇ ਨਿਭਾਉਣਾ ਬਾਖ਼ੂਬੀ ਆਉਂਦਾ ਹੈ। ਉਸ ਦੇ ਸਾਹਿਤਕ ਸਫ਼ਰ ਦੀ ਗੱਲ ਕਰੀਏ ਤਾਂ ਲਿਖਣ ਦਾ ਸ਼ੌਕ ਉਸ ਦਾ ਬਚਪਨ ਤੋਂ ਹੀ ਨਾਲ ਤੁਰਿਆ ਆ ਰਿਹਾ ਹੈ । ਦਿਲਜੀਤ ਸਾਹਿਤਿਕ ਸਭਾਵਾਂ ਦਾ ਵੀ ਸਰਗਰਮ ਮੈਂਬਰ ਹੈ। ਅੱਜ-ਕੱਲ੍ਹ ਉਹ ਗੀਤਕਾਰੀ ਦੇ ਨਾਲ-ਨਾਲ ਕਵਿਤਾਵਾਂ ਵੀ ਲਿਖ ਰਿਹਾ ਹੈ। ਉਹ ਪੰਜਾਬੀ ਦੇ ਸਾਰੇ ਹੀ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਲਗਾਤਾਰ ਆਪਣੀ ਹਾਜ਼ਰੀ ਲਵਾ ਰਿਹਾ ਹੈ। ਦਿਲਜੀਤ ਕਹਿੰਦਾ ਹੈ ਕਿ ਉਸ ਦੀ ਹਮੇਸ਼ਾਂ ਹੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਜੋ ਵੀ ਰਚਨਾ ਰਚੇ ਅਜਿਹੀ ਹੋਵੇ ਜੋ ਲੋਕ ਮਨਾਂ ਦੇ ਨੇੜੇ ਅਤੇ ਸਮਾਜ ਨੂੰ ਕੋਈ ਸੇਧ ਦੇਣ ਵਾਲਾ ਕੰਮ ਕਰੇ। ਅਓ ਮਾਣਦੇ ਹਾਂ ਉਸ ਦੀ ਰਚਨਾ ਦਾ ਆਨੰਦ :

• **ਕੁਲਦੀਪ ਸਿੰਘ ਬੰਗੀ**
79890-47757

## ਕਵਿਤਾ

### ਬਾਤ ਪੰਜਾਬ ਦੀ

ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ,
ਸਤਲੁਜ ਬਿਆਸ ਰਾਵੀ ਤੇ ਚਨਾਬ ਦੀ।

ਵੇਖੀਂ ਕਿਤੇ ਜੇਹਲਮ ਨਾ ਗੁੱਸਾ ਕਰ ਜੇ,
ਸਿੰਧ ਨਾ ਵਿਚਾਰਾ 'ਕੱਲਾ ਹਉਕਾ ਭਰ ਜੇ।

ਨਨਕਾਣਾ ਸਾਹਿਬ ਨਾਨਕ ਦੇ ਓਟ ਦੀ,
ਝੰਗ ਮੁਲਤਾਨ ਤੇ ਸਿਆਲਕੋਟ ਦੀ।

ਬੜੀ ਐ ਸਤਾਉਂਦੀ ਯਾਦ ਪੰਜਾ ਸਾਹਿਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।

ਸਤਲੁਜ ਬਿਆਸ ਰਾਵੀ ਤੇ ਚਨਾਬ ਦੀ,
ਦੁੱਲ੍ਹਾ ਭੱਟੀ ਲੂਣਾ ਰਾਜੇ ਸਲਵਾਨ ਦੀ।

ਜਤੀ-ਸਤੀ ਨਾਥ ਪੂਰਨ ਮਹਾਨ ਦੀ,
ਬੁੱਲ੍ਹਾ, ਬਾਹੂ, ਪੀਲੂ ਸਾਡੇ ਸਾਂਝੇ ਦੋਵਾਂ ਦੇ।

ਸੱਸੀ ਸਾਹਿਬਾਂ ਸੋਹਣੀ ਹੀਰ ਰਾਂਝੇ ਦੋਵਾਂ ਦੇ,
ਗੁੱਸੇ ਗਿਲੇ ਭੁੱਲ ਛੱਡੀਏ ਨਾਰਾਜ਼ਗੀ।

ਈਰਖਾ ਦਵੈਤ ਬੰਦੇ ਤਾਈਂ ਮਾਰਦੀ,
ਛੇੜ 'ਦਿਲਜੀਤ' ਕੋਈ ਸੁਰ ਪਿਆਰ ਦੀ।

ਨਫ਼ਰਤ ਨਾਲ ਦਿਲ ਸਾੜ ਲਾਉਂਗੇ,
ਵੱਸਦਿਆਂ ਘਰਾਂ ਨੂੰ ਉਜਾੜ ਲਾਉਂਗੇ।

ਲੱਗਦੀ ਨਾ ਯਾਰੋ ਗੱਲ ਇਹ ਹਿਸਾਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।



# ਰੁੱਤਾਂ ਨੇ ਜਿਨ੍ਹਾਂ ਦਾ ਸੁਭਾਅ ਘੜਿਆ

ਪੰਜਾਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪੰਜ ਪਾਣੀ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਹਨ : ਸਤਲੁਜ, ਬਿਆਸ, ਰਾਵੀ, ਚਨਾਬ ਤੇ ਜੇਹਲਮ।

ਇੱਥੋਂ ਦੀਆਂ ਰੁੱਤਾਂ ਨੇ ਇੱਥੋਂ ਦੇ ਵਸਨੀਕਾਂ ਦਾ ਸੁਭਾਅ ਘੜਿਆ ਹੈ। ਜਿੱਥੇ ਕੜਕਦੀ ਧੁੱਪ ਤੇ ਵਗਦੀਆਂ ਲੂਹਾਂ ਨੇ ਕਣਕਾਂ ਦੀ ਵਾਢੀ ਕਰਦੇ ਪੰਜਾਬੀਆਂ ਨੂੰ ਬਹੁਤ ਅਣਖੀਲਾ ਗਰਮ ਖ਼ੂਨ ਦਿੱਤਾ ਹੈ। ਪੋਹ ਮਾਘ ਦੇ ਕੱਕਰ-ਪਾਲੇ ਨੇ ਖੇਤਾ ਨੂੰ ਪਾਣੀ ਲਾਉਂਦੇ ਕਿਸਾਨਾਂ ਨੂੰ ਪਹਾੜ ਜਿੱਡਾ ਜੇਰਾ ਤੇ ਸਖ਼ਤ-ਜਾਨ ਬਣਾਇਆ ਹੈ। ਇੱਥੋਂ ਦੀ ਬਹਾਰ ਵਿਚ ਖਿੜ੍ਹਦੇ ਸਰ੍ਹੋਂ ਦੇ ਫੁੱਲ ਚਿਹਰੇ 'ਤੇ ਹੁਸਨ ਦਾ ਰੂਹਾਨੀ ਖੇੜਾ ਪੈਦਾ ਕਰਦੇ ਹਨ। ਭਾਦੋਂ ਦੀਆਂ ਘਟਾਵਾਂ ਅਤੇ ਗਰਮੀ ਦਾ ਉਤਰਾਅ-ਚੜ੍ਹਾਅ ਜ਼ਿੰਦਗੀ ਦੀਆਂ ਤਲਖ਼ ਸਚਾਈਆਂ ਵਿਚ ਜੂਝਦੇ ਰਹਿਣ ਦਾ ਨਿਸਚਾ ਪੈਦਾ ਕਰਦੇ ਹਨ। ਸੌਣ ਦੀਆਂ ਘਟਾਵਾਂ ਵਿਚ ਅਥਰੀ ਜਵਾਨੀ ਨੱਚ ਉੱਠਦੀ ਹੈ। ਜਦੋਂ ਪੱਤਝੜ ਦੀ ਰੁੱਤੇ ਰੁੱਖ ਰੁੰਡ-ਮਰੁੰਡ ਹੁੰਦੇ ਹਨ ਤਾਂ ਵਧਦੀਆਂ ਕਣਕਾਂ ਨਾਲ ਮਿਲ ਕੇ ਇਹ ਰੁੱਤ ਪੰਜਾਬੀਆਂ ਨੂੰ ਹਰ ਮੁਸ਼ਕਿਲ, ਕਹਿਰ ਵਿੱਚੋਂ ਜੇਤੂ ਹੋ ਕੇ ਨਿਕਲਣ ਦੀ ਤਾਕਤ ਦਿੰਦੀ ਹੈ। •

ਜਿਹੋ-ਜਿਹੀ ਧਰਤੀ ਹੋਵੇ ਉਹੋ ਜਿਹਾ ਖਾਣ-ਪੀਣ ਦਾ ਢੰਗ ਵੀ ਰਚਿਆ ਜਾਂਦਾ ਹੈ। ਪੰਜਾਬੀਆਂ ਨੂੰ ਮਾਣ ਹੈ ਇੱਥੇ ਵਰਗਾ ਕੁਦਰਤੀ ਵੰਨ-ਸੁਵੰਨਾ ਭੋਜਨ ਕਿਤੇ ਵੀ ਨਹੀਂ ਮਿਲਦਾ। ਇੱਥੋਂ ਦੇ ਦੁੱਧ, ਦਹੀਂ, ਲੱਸੀ, ਮੱਖਣ ਦੀ ਤਾਂ ਧਾਕ ਹੈ ਹੀ ਪਰ ਇੱਥੋਂ ਵਰਗੀ ਚਾਹ ਵੀ ਕੋਈ ਨਹੀਂ ਬਣਾ ਸਕਦਾ। ਪੰਜਾਬੀਆਂ ਦੀ ਭੋਜਨ ਬਣਾਉਣ ਦੀ ਕਲਾ ਵੀ ਕਮਾਲ ਦੀ ਹੈ। ਮੱਕੀ, ਬਾਜਰੇ, ਵੇਸਣ, ਕਣਕ ਦੀਆਂ ਰੋਟੀਆਂ, ਸਰ੍ਹੋਂ, ਪਾਲਕ ਦਾ ਸਾਗ, ਕਾਲੇ ਛੋਲੇ, ਕਾਬਲੀ ਛੋਲੇ, ਮੋਠ, ਅਰਹਰ, ਮੂੰਗੀ, ਮਸਰੀ, ਰਾਜਮਾਂਹ, ਮਾਂਹ ਕਾਲੇ ਅਦਿ ਦਾਲਾਂ ਵੀ ਇਸੇ ਧਰਤੀ ਦੀ ਪੈਦਾਇਸ਼ ਹਨ। ਘੀਆ ਕੱਦੂ, ਚੱਪਣ ਕੱਦੂ, ਟਿੰਡੇ, ਭਿੰਡੀਆਂ, ਤੋਰੀ, ਫਲੀਆਂ, ਆਲੂ, ਸ਼ਲਗਮ, ਸ਼ਿਮਲਾ ਮਿਰਚ, ਬੈਂਗਣ, ਟਮਾਟਰ, ਕਟਲ, ਹਰੀ ਮਿਰਚ, ਧਨੀਆਂ, ਪੁਦੀਨਾ, ਕਕੜੀਆਂ, ਖੀਰੇ ਆਦਿ ਵੀ ਇਹ ਧਰਤੀ ਮਾਣ ਨਾਲ ਪੈਦਾ ਕਰਦੀ ਹੈ। ਜਿੱਥੇ ਇੰਨਾ ਕੁਝ ਹੋਵੇ ਉੱਥੇ ਫੇਰ ਕੁਝ ਮਿੱਠਾ ਵੀ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਹੈ। ਇਸ ਧਰਤੀ ਤੇ ਤੂਤੀਆਂ, ਜਾਮਨਾਂ, ਬਿੱਲ, ਕੇਲੇ, ਖ਼ਰਬੂਜੇ, ਤਰਬੂਜ਼, ਅੰਬ, ਆੜੂ, ਸੰਤਰੇ, ਮਾਲਟੇ, ਚੀਕੂ, ਅੰਗੂਰ, ਲੀਚੀਆਂ, ਨਾਖਾਂ, ਅਮਰੂਦ, ਝਾੜ ਬੇਰ, ਲੀਲੂ ਬੇਰ, ਪਿਉਂਦੀ ਬੇਰ, ਕਰੀਰ ਆਦਿ ਮਿੱਠੇ ਫਲ ਪੈਦਾ ਹੁੰਦੇ ਹਨ। ਖਾਣ ਪੀਣ ਵਿਚ ਪੰਜਾਬੀਆਂ ਦੇ ਹੱਥਾਂ ਦੀ ਕਲਾਕਾਰੀ ਦਾ ਤਾਂ ਕੋਈ ਜਵਾਬ ਹੀ ਨਹੀਂ। ਖੋਆ ਮਾਰਨਾ, ਸ਼ਰਦਾਈ ਰਗੜਨੀ, ਜਰਦਾ (ਭੁੱਜੇ ਮਿੱਠੇ ਚੌਲ), ਗੁੱਲਗਲੇ, ਮਾਹਲ ਪੂੜੇ, ਖੀਰ, ਨਵੀਂ ਸੂਈ ਮੱਝ ਦੇ ਦੁੱਧ ਦੀ ਬੌਹਲੀ, ਕਲਾਕੰਦ, ਲੱਡੂ, ਬਾਲੋਸ਼ਾਹੀਆਂ, ਕਈ ਪ੍ਰਕਾਰ ਦੀ ਚੱਟਣੀ, ਪਕੌੜੇ, ਮੁਰਗੇ ਅਤੇ ਬੱਕਰੇ, ਕੋਈ ਵੀ ਪਕਵਾਨ ਹੋਵੇ ਇਨ੍ਹਾਂ ਵਰਗਾ ਕੋਈ ਨਹੀਂ ਬਣਾ ਸਕਦਾ। ਦੇਸੀ ਘਿਓ ਤਾਂ ਜਿਵੇਂ ਬਣਿਆ ਹੀ ਇਨ੍ਹਾਂ ਲਈ ਹੈ। •

## ਕਹਾਣੀ

# ਹਉਮੈ



**ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ, 'ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ...**

**ਗੁਰਜੰਟ ਸਿੰਘ**

ਦੋਵਾਂ ਪੁੱਤਰਾਂ ਪਿੱਛੋਂ ਜਦ ਰਾਜਵੰਤ ਦੇ ਘਰ ਧੀ ਨੇ ਜਨਮ ਲਿਆ ਤਾਂ ਉਹ ਬਹੁਤ ਖ਼ੁਸ਼ ਹੋਈ। ਰੱਬ ਨੇ ਦੋ-ਦੋ ਪੁੱਤਰ ਦੇ ਕੇ ਝੋਲੀ ਪਹਿਲਾਂ ਹੀ ਖ਼ੁਸ਼ੀਆਂ ਨਾਲ ਭਰੀ ਹੋਈ ਸੀ। ਹੁਣ ਘਾਟਾ ਸੀ ਤਾਂ ਮਾਂ ਨਾਲ ਦੁੱਖ-ਸੁੱਖ ਕਰਨ ਵਾਲੀ ਇਕ ਧੀ ਦਾ ਜੋ ਅੱਜ ਪੂਰਾ ਹੋ ਗਿਆ ਸੀ। ਸਾਰਾ ਪਰਿਵਾਰ ਵੀ ਬਹੁਤ ਖ਼ੁਸ਼ ਸੀ ਚੰਗੀ ਜ਼ਮੀਨ ਜਾਇਦਾਦ ਹੋਣ ਕਰਕੇ ਪੈਸੇ ਦੀ ਕੋਈ ਕਮੀ ਨਹੀ ਸੀ। ਦਾਦੇ ਨਾਜਰ ਦੀ ਭੂਆ ਤੋਂ ਬਾਅਦ ਅੱਜ ਕਿੰਨੇ ਅਰਸੇ ਬਾਅਦ ਕਿਸੇ ਲੜਕੀ ਨੇ ਇਸ ਪਰਿਵਾਰ 'ਚ ਜਨਮ ਲਿਆ ਸੀ। ਸੋ ਗੁੱਡੀ ਸ਼ੁਰੂ ਤੋਂ ਹੀ ਸਭ ਦੀ ਲਾਡਲੀ ਬਣ ਗਈ। ਗੁੱਡੀ ਦੇ ਭਰਾ ਉਸ ਨਾਲੋਂ ਉਮਰ 'ਚ ਕਾਫ਼ੀ ਵੱਡੇ ਸਨ। ਸੋ ਗੁੱਡੀ ਦੀ 12 ਵੀਂ ਦੀ ਪੜ੍ਹਾਈ ਹੋਣ ਤਕ ਦੋਵਾਂ ਦੇ ਵਿਆਹ ਹੋ ਚੁੱਕੇ ਸਨ।

12ਵੀ ਜਮਾਤ ਕਰ ਗੁੱਡੀ ਸ਼ਹਿਰ ਕਾਲਜ ਪੜਨ ਲੱਗ ਗਈ। ਭਾਵੇਂ ਗੁੱਡੀ ਕਿਸੇ ਪਿੰਡ 'ਚੋਂ ਪੜ੍ਹ ਕੇ ਆਈ ਸੀ ਪਰ ਫਿਰ ਵੀ ਪੜ੍ਹਾਈ ਵਿਚ ਚੰਗੀ ਰੁਚੀ ਹੋਣ ਕਰਕੇ ਕਾਫ਼ੀ ਹੁਸ਼ਿਆਰ ਸੀ। ਕਾਲਜ ਵਿਚ ਵੀ ਗੁੱਡੀ ਸਭ ਦੀ ਹਰਮਨ ਪਿਆਰੀ ਹੋ ਗਈ ਸੀ।

ਜਦ ਗੁੱਡੀ ਨੇ ਬਚਪਨ ਤੋਂ ਜਵਾਨੀ ਵੱਲ ਪੁਲਾਂਘ ਭਰੀ ਤਾਂ ਜਵਾਨੀ ਦੀ ਦਹਲੀਜ਼ 'ਤੇ ਉਸ ਦਾ ਮੇਲ ਮੋਹਿਤ ਨਾਲ ਹੋਇਆ। ਮੋਹਿਤ ਉਸ ਦੇ ਨਾਲ ਹੀ ਜਮਾਤ ਵਿਚ ਪੜ੍ਹਦਾ ਸੀ। ਦੋਵਾਂ ਜੀਣ ਮਰਨ ਦੀਆਂ ਕਸਮਾਂ ਪੈ ਲਈਆਂ।ਗੁੱਡੀ ਦੀ ਮਾਂ ਰਾਜਵੰਤ ਨੂੰ ਕਿਸੇ ਗੱਲੋਂ ਸ਼ੱਕ ਹੋਇਆ ਤਾਂ ਧੀ ਨੂੰ ਬੁਲਾ ਸਾਰੀ ਗੱਲ ਪੁੱਛ ਲਈ। ਧੀ ਦੇ ਮੂੰਹੋਂ ਮੋਹਿਤ ਦਾ ਨਾਂ ਸੁਣਕੇ ਸੋਚਣ ਲੱਗੀ, 'ਚਲੋ ਗੁੱਡੀ ਦੇ ਭਰਾ ਪੜ੍ਹੇ ਲਿਖੇ ਨੇ ਤੇ ਗੁੱਡੀ ਨੂੰ ਪਿਆਰ ਵੀ ਬਹੁਤ ਕਰਦੇ ਸਨ ਇਸ ਕਰਕੇ ਮੰਨ ਉਹ ਵੀ ਗਏ। ਪਰ ਗੁੱਡੀ ਦਾ ਪਿਉ ਤੇ ਦਾਦਾ, ਪਿਛਲੇ ਖ਼ਿਆਲਾ ਵਾਲੇ ਨੇ, ਕੀ ਉਹ ਇਸ ਅੰਤਰਜਾਤੀ ਵਿਆਹ ਲਈ ਮੰਨ ਜਾਣਗੇ?

ਮਾਂ ਨੇ ਗੁੱਡੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਧੀ ਦੀ ਜ਼ਿੱਦ ਨੂੰ ਵੇਖ ਮਾਂ ਨੂੰ ਅੰਦਾਜ਼ਾ ਹੋ ਗਿਆਂ ਕਿ ਸਾਰੇ ਪਰਿਵਾਰ ਦਾ ਲਾਡਾਇਆ ਲਾਡ ਧੀ ਦੇ ਪਿਆਰ ਅੱਗੇ ਫਿੱਕਾ ਪੈ ਗਿਆ ਹੈ। ਗੱਲ ਪਿਉ ਅਤੇ ਦਾਦੇ ਤਕ ਪਹੁੰਚੀ। ਗੁੱਡੀ ਦਾ ਕਾਲਜ ਜਾਣਾ ਕੁਝ ਦਿਨਾਂ ਲਈ ਬੰਦ ਹੋ ਗਿਆ। ਫਿਰ ਕਦੀ ਮਾਂ ਤੇ ਕਦੀ ਭਾਬੀਆਂ ਦੇ ਤਰਲੇ ਮਿਨਤਾਂ ਕਰ ਪਿਉ ਤੇ ਭਰਾਵਾਂ ਨੂੰ ਕਾਲਜ ਜਾਣ ਖ਼ਾਤਿਰ ਮੁੜ ਰਾਜ਼ੀ ਕਰ ਲਿਆ। ਗੁੱਡੀ ਅਤੇ ਮੋਹਿਤ ਨੇ ਆਈਲੈਟਸ ਦਾ ਟੈਸਟ ਪਾਸ ਕਰ ਕੇ ਵਿਦੇਸ਼ ਦਾ ਵੀਜ਼ਾ ਲਵਾ ਲਿਆ।

ਰੱਬ ਜਿੱਡਾ ਜਿਗਰਾ ਕਰ ਗੁੱਡੀ ਨੇ ਘਰਦਿਆਂ ਤੋਂ ਚੋਰੀ ਕੋਰਟ ਮੈਰਿਜ ਕਰਾਈ ਅਤੇ ਦੋਵੇਂ ਆਸਟਰੇਲੀਆ ਦਾ ਜਹਾਜ਼ ਚੜ੍ਹ ਗਏ। ਉੱਥੇ ਜਾ ਗੁੱਡੀ ਨੇ ਮੋਹਿਤ ਨਾਲ ਰਲ ਨਵੀਂ ਜ਼ਿੰਦਗੀ ਸ਼ੁਰੂ ਕਰ ਦਿੱਤੀ। ਦੋਵੇਂ ਕੰਮ 'ਤੇ ਜਾਣ ਲੱਗੇ ਉੱਧਰ ਧੀ ਦੇ ਧੋਖਾ ਦੇ ਜਾਣ ਦਾ ਇਲਜ਼ਾਮ ਮਾਂ 'ਤੇ ਲਗਾ ਦਿੱਤਾ ਗਿਆ। ਭਾਬੀਆਂ ਦੇ ਤਾਹਨੇ-ਮਿਹਣਿਆਂ ਦੀ ਅੱਗ ਵਿਚ ਸਾਰਾ ਪਰਿਵਾਰ ਮੱਚਣ ਲੱਗਾ। ਸੱਥ ਵਿਚ ਵੱਧ ਚੜ੍ਹ ਕੇ ਗੱਲ ਕਰਨ ਵਾਲੇ ਨਜਾਰ ਹੋਰੀਂ ਅਕਸਰ ਚੁੱਪ ਰਹਿਣ ਲੱਗੇ।

ਡੇਢ ਕੁ ਸਾਲ ਬਾਅਦ ਗੁੱਡੀ ਨੂੰ ਰੱਬ ਨੇ ਧੀ ਦੀ ਦਾਤ ਬਖ਼ਸ਼ੀ। ਮਾਂ ਬਣ ਗਈ ਗੁੱਡੀ ਦਾ ਚਿੱਤ ਮਾਂ ਨੂੰ ਮਿਲਣ ਨੂੰ ਕੀਤਾ। ਕੰਮ ਤੋਂ ਛੁੱਟੀ ਮਿਲਦੇ-ਮਿਲਦੇ ਡੇਢ ਕੁ ਸਾਲ ਹੋਰ ਲੰਘ ਗਿਆ।

ਤਿੰਨ, ਸਾਢੇ ਤਿੰਨ ਸਾਲ ਬਾਅਦ ਗੁੱਡੀ ਅਤੇ ਮੋਹਿਤ ਪੰਜਾਬ ਪਰਤੇ। ਦੋਵੇਂ ਮੋਹਿਤ ਦੇ ਘਰ ਉਸ ਦੇ ਮਾਤਾ ਪਿਤਾ ਨਾਲ ਰਹਿਣ ਲੱਗੇ। ਮੋਹਿਤ ਦੇ ਮਾਂ ਬਾਪ ਨੂੰ ਬੁੱਢੀ ਉਮਰੇ ਪੋਤਰੀ ਦੇ ਰੂਪ ਵਿਚ ਜਿਵੇਂ ਕੋਈ ਖੇਡਣ ਨੂੰ ਖਿਡਾਉਣਾ ਮਿਲ ਗਿਆ ਸੀ।

ਗੁੱਡੀ ਨੇ ਮਾਂ ਨਾਲ ਸੰਪਰਕ ਬਣਾਇਆ ਅਤੇ ਮਿਲਣ ਦੀ ਇੱਛਾ ਜਤਾਈ। ਮਾਂ ਰਾਜਵੰਤ ਨੇ ਜਦ ਘਰ ਦੇ ਮੈਂਬਰਾਂ ਨਾਲ ਗੱਲ ਕੀਤੀ ਤਾਂ ਕੋਰੀ ਨਾਂਹ ਹੋਈ। ਮਾਂ ਦਾ ਦਿਲ ਤਾਂ ਮਾਂ ਦਾ ਹੁੰਦਾ ਹੈ।

ਮਾਂ ਬਟੀ ਨੇ ਰਲ ਮਾਸੀ ਦੇ ਘਰ ਮਿਲਣ ਦਾ ਟਾਇਮ ਪੱਕਾ ਕਰ ਲਿਆ, ਜਿਸ ਦੀ ਸੂਹ ਘਰ ਦੇ ਨਾਜਰ ਨੂੰ ਲੱਗ ਗਈ। ਉਸ ਨੇ ਮੁੰਡੇ ਅਤੇ ਪੋਤਰੇ ਬੁਲਾ ਅਣਖ ਨੂੰ ਵੱਜੀ ਸੱਟ ਦਾ ਬਦਲਾ ਲੈਣ ਲਈ ਕਿਹਾ। ਅਗਲੇ ਦਿਨ ਰਾਜਵੰਤ ਨੇ ਸ਼ਹਿਰ ਵਾਲੀ ਬੱਸ ਫੜੀ ਅਤੇ ਆਪਣੀ ਭੈਣ ਦੇ ਘਰ ਵਾਲੀ ਸੜਕੇ ਜਾ ਪਈ। ਆਟੋ ਵਾਲੇ ਥੋੜ੍ਹੀ ਦੂਰ ਜਾ ਇਕ ਗਲ਼ੀ ਅੱਗੇ ਬਰੇਕ ਮਾਰੀ। ਰਾਜਵੰਤ ਜਲਦੀ-ਜਲਦੀ ਉਤਰੀ ਅਤੇ ਆਪਣੀ ਭੈਣ ਦੇ ਘਰ ਜਾ ਵੜੀ। ਪਿੱਛੇ ਹੀ ਇਕ ਗੱਡੀ ਵਿੱਚੋਂ ਨਾਜਰ ਸਿੰਘ ਉਹਦਾ ਪੁੱਤ ਤੇ ਪੋਤਰੇ ਹਥਿਆਰ ਲੈ ਉਸੇ ਘਰ ਵਿਚ ਦਾਖਲ ਹੋ ਗਏ।

ਲਗਾਤਾਰ ਦੋ ਗੋਲੀਆਂ ਚੱਲੀਆਂ ਮਗਰੋਂ ਚੀਕਾਂ ਦਾ ਰੌਲਾ ਅਸਮਾਨ ਛੂਹਣ ਲੱਗਾ। ਮੋਹਿਤ ਅਤੇ ਗੁੱਡੀ ਦੀਆਂ ਲਹੂ ਨਾਲ ਲੱਥ ਪੱਥ ਹੋਈਆਂ ਲਾਸਾਂ ਫ਼ਰਸ਼ ਉੱਤੇ ਪਈਆਂ ਸਨ। ਰਾਜਵੰਤ ਕੰਧ ਨਾਲ ਲੱਗੀ ਛੋਟੀ ਕੁੜੀ ਨੂੰ ਕੁੱਛੜ ਚੁੱਕੀ ਚੱਪ-ਚਾਪ ਲਾਸ਼ਾਂ ਨੂੰ ਦੇਖ ਰਹੀ ਸੀ। ਮੁਕੱਦਮੇ ਚੱਲੇ ਪੂਰੀ ਜ਼ਮੀਨ ਵਿਕ ਗਈ। ਕਣਕ ਦੇ ਭਰੇ ਡਰੰਮ ਖ਼ਾਲੀ ਹੋ ਗਏ ਅਤੇ ਚੁੱਲ੍ਹਿਆਂ ਵਿਚ ਘਾਹ ਉੱਗਣ ਲੱਗਾ। ਜਵਾਈ ਧੀ ਦੀ ਮੌਤ ਤੋਂ ਬਾਅਦ ਰਾਜਵੰਤ ਦੇ ਮੂੰਹੋ ਕਦੇ ਆਵਾਜ਼ ਨਾ ਨਿਕਲੀ ਤੇ ਉਹ ਜਿਉਂਦੀ ਲਾਸ਼ ਬਣ ਗਈ। ਆਖਿਰ ਦੋ ਸਾਲ ਬਾਅਦ ਗੁੱਡੀ ਦੇ ਪਿਉ ਅਤੇ ਦੋਵੇਂ ਭਰਾਵਾਂ ਨੂੰ ਉਮਰ ਕੈਦ ਹੋ ਗਈ ਪਰ ਨਾਜਰ ਸਿੰਘ ਕਿਸੇ ਤਰ੍ਹਾਂ ਬੱਚ ਨਿਕਲਿਆ।

ਘਰ ਦੀ ਗ਼ਰੀਬੀ ਕਾਰਨ ਨਿੱਕੀ ਬਹੂ ਦੇ ਪੇਕੇ ਪਹਿਲਾਂ ਹੀ ਉਸ ਨੂੰ ਆਪਣੇ ਘਰ ਵਾਪਸ ਲੈ ਗਏ ਸਨ। ਫ਼ੈਸਲੇ ਦੀ ਆਖ਼ਰੀ ਤਰੀਕ ਸੁਣ ਜਦ ਨਾਜਰ ਪਿੰਡ ਮੁੜਿਆ ਆ ਰਿਹਾ ਸੀ ਤਾਂ ਗੁੱਡੀ ਦੇ ਜਨਮ ਤੋਂ ਲੈ ਹੁਣ ਤਕ ਸਾਰੀ ਰੀਲ ਉਹਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਘਰ ਆ ਰਾਜਵੰਤ ਤੇ ਵੱਡੀ ਬਹੂ ਨੂੰ ਸਜ਼ਾ ਦੀ ਗੱਲ ਸੁਣਾ ਬਿਨਾਂ ਕੁਝ ਖਾਦੇ ਮੰਜੇ 'ਤੇ ਜਾ ਡਿੱਗਾ। ਸੋਚਾ-ਸੋਚਦੇ ਅੱਖ ਲੱਗ ਗਈ। ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ, ਮੁੜ ਆਈ ਤੇਰੀ ਇੱਜ਼ਤ ਮੇਰੇ ਪਿਓ ਅਤੇ ਭਰਾਵਾਂ ਨੂੰ ਜੇਲ੍ਹ ਦੇ ਹਨੇਰੇ ਵਿਚ ਭੇਜ ਕੇ। ਸਾਫ਼ ਹੋ ਗਿਆ ਤੇਰੀ ਚਾਦਰ 'ਤੇ ਲੱਗਾ ਦਾਗ਼। ਮੇਰੀ ਅਣਭੋਲ ਬੱਚੀ ਦੇ ਸਿਰ ਤੋਂ ਮਾਂ-ਪਿਉ ਦਾ ਸਾਇਆ ਖੋਹ ਕੇ। ਹੋ ਗਈ ਤੇਰੀ ਫਿਰ ਤੋਂ ਪਿੰਡ ਵਿਚ ਆਵਾਜ਼ ਉੱਚੀ ਮੇਰੀ ਮਾਂ ਦੇ ਬੋਲ ਖੋਹ ਕੇ।

ਨਾਜਰ ਮੱਛਲੀ ਵਾਂਗ ਤੜਫ਼ ਰਿਹਾ ਸੀ। ਸਿਰਹਾਣੇ ਪਿਆ ਪਰਨਾ ਥੱਲੇ ਜਾ ਡਿੱਗਾ। ਨਾਜ਼ਰ ਨੂੰ ਅਧਰੰਗ ਦਾ ਅਟੈਕ ਆਇਆ ਅਤੇ ਸੱਜਾ ਪਾਸਾ ਖਲ੍ਹੋ ਗਿਆ। ਫੋਕੀ ਅਣਖ ਖ਼ਾਤਿਰ ਹੋਏ ਕਤਲਾਂ ਨੇ ਘਰ ਉਜਾੜ ਦਿੱਤਾ। ਦੋਵੇਂ ਭਰਾਵਾਂ ਅਤੇ ਪਿਓ ਨੂੰ ਕਾਨੂੰਨ ਨੇ ਸਜ਼ਾ ਦੇ ਦਿੱਤੀ ਅਤੇ ਨਾਜਰ ਨੂੰ ਰੱਬ ਨੇ ਪਰ ਵਿਚ ਰੁਲ਼ ਗਈਆਂ ਕੁਝ ਅਣਭੋਲ ਜਿੰਦੜੀਆਂ। ਗੁੱਡੀ ਦੀ ਵੱਡੀ ਭਾਬੀ, ਉਸ ਦੇ ਬੱਚੇ, ਗੁੱਡੀ ਦੀ ਕੁੜੀ ਅਤੇ ਉਸ ਦੀ ਮਾਂ ਅਤੇ ਰੁਲ਼ ਗਏ ਮੋਹਿਤ ਦੇ ਬੁੱਢੇ ਮਾਂ ਪਿਓ, ਜਿਨ੍ਹਾਂ ਦਾ ਮੋਹਿਤ ਦੇ ਬਿਨਾਂ ਹੋਰ ਕੋਈ ਨਹੀ ਸੀ। •

99141-25223

# ਭੋਜਨ ਦੀ ਥੁੜ



ਇਕ ਵਾਰੀ ਯੂਨੈਸਕੋ ਨੇ ਸਰਵੇਖਣ ਲਈ ਸਾਰੇ ਮਹਾਂਦੀਪਾਂ ਦੇ ਲੋਕਾਂ ਨੂੰ ਸੰਸਾਰ 'ਚ ਭੋਜਨ ਦੀ ਥੁੜ ਬਾਰੇ ਆਪਣਾ ਮੱਤ ਪ੍ਰਗਟਾਉਣ ਲਈ ਕਿਹਾ ਤਾਂ ਬੜੇ ਹੈਰਾਨੀਜਨਕ ਪ੍ਰਤੀਕਰਮ ਪ੍ਰਾਪਤ ਹੋਏ। ਅਫ਼ਰੀਕਾ 'ਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਭੋਜਨ ਕੀ ਹੁੰਦਾ ਹੈ। ਯੋਰਪ 'ਚ ਕਿਸੇ ਨੂੰ ਜਾਣਕਾਰੀ ਹੀ ਨਹੀਂ ਸੀ ਕਿ ਥੁੜ੍ਹ ਕੀ ਹੁੰਦੀ ਹੈ। ਚੀਨ ਅਤੇ ਪੂਰਬੀ ਯੋਰਪ ਦੇ ਦੇਸ਼ਾਂ 'ਚ ਕਿਸੇ ਨੂੰ ਪਤਾ ਨਹੀਂ ਸੀ ਕਿ ਮਤ ਪ੍ਰਗਟਾਉਣ ਦਾ ਭਾਵ ਕੀ ਸੀ। ਦੱਖਣੀ ਅਮਰੀਕਾ 'ਚ ਕੋਈ ਨਹੀਂ ਸੀ ਜਾਣਦਾ ਕਿ ਕਿਰਪਾਲਤਾ ਕਿਵੇਂ ਕੀਤੀ ਜਾਂਦੀ ਹੈ। ਅਮਰੀਕਾ 'ਚ ਕਿਸੇ ਨੂੰ ਸੋਝੀ ਨਹੀਂ ਸੀ ਕਿ ਸੰਸਾਰ ਤੋਂ ਕੀ ਭਾਵ ਹੈ। ਭਾਰਤ 'ਚ ਕਿਸੇ ਨੂੰ ਸਰਵੇਖਣ ਦੀ ਕੋਈ ਜਾਣਕਾਰੀ ਨਹੀਂ ਸੀ

• **ਨਰਿੰਦਰ ਸਿੰਘ ਕਪੂਰ**
98158-80435

# ਭਾਲਿਆਂ ਨਹੀਂ ਲੱਭਦਾ ਹੁਣ ਉਹ ਵੇਲਾ

**ਮਨਪ੍ਰੀਤ ਜਲਪੋਤ**

ਪਹਿਲੀ ਪੀੜ੍ਹੀ ਦੇ ਲੋਕ ਆਪਣੇ ਵੇਲਿਆਂ ਨੂੰ ਝੂਰਦੇ ਹੋਏ ਅਜੋਕੇ ਯੁੱਗ ਦੀ ਤਿੱਖੀ ਆਲੋਚਨਾ ਹੀ ਨਹੀਂ ਕਰ ਰਹੇ ਸਗੋਂ ਆਪਣੇ ਵਿਸਰ ਰਹੇ ਵਿਰਸੇ ਨੂੰ ਮੁੜ ਹਾਸਿਲ ਕਰਨ ਲਈ ਤਾਂਘ ਵੀ ਰਹੇ ਹਨ। ਜੇਕਰ ਪਹਿਲੇ ਅਤੇ ਅੱਜ ਦੇ ਸਮੇਂ ਦੀ ਤੁਲਨਾ ਕਰੀਏ ਤਾਂ ਇਲੈਕਟ੍ਰੋਨਿਕ ਯੁੱਗ ਨੇ ਸਾਨੂੰ ਕਾਫ਼ੀ ਸਹੂਲਤਾਂ ਮੁਹੱਈਆਂ ਕਰਵਾਈਆਂ ਹਨ ਪਰ ਜੋ ਅਨੰਦ ਭਾਰਤੀ ਸੰਸਕ੍ਰਿਤੀ ਵਿਚ ਹੈ ਉਹ ਪੱਛਮੀ ਸੱਭਿਆਚਾਰ ਵਿੱਚੋਂ ਨਹੀਂ ਲੱਭਦਾ।

ਮੋਬਾਈਲ ਦੀ ਆਮਦ ਨਾਲ ਬੇਸ਼ੱਕ ਮਨੁੱਖ ਵਿਸ਼ਵ ਨੂੰ ਪਿੰਡ ਸਮਝਣ ਲੱਗ ਪਿਆ ਹੈ ਜੋ ਘਰ ਬੈਠੇ ਹੀ ਮੋਬਾਈਲ ਰਾਹੀਂ ਵਿਦੇਸ਼ਾ ਵਿਚ ਬੈਠੇ ਆਪਣੇ ਦੋਸਤਾਂ, ਸ਼ੁਭ ਚਿੰਤਕਾਂ ਅਤੇ ਰਿਸਤੇਦਾਰਾਂ ਨਾਲ ਗੱਲਾਂ ਕਰ ਲੈਂਦੇ ਹਨ ਜਿਵੇਂ ਉਹ ਉਸ ਦੇ ਸਾਹਮਣੇ ਹੀ ਬੈਠੇ ਹੋਣ। ਬੋਲ-ਚਾਲ ਦੀਆਂ ਗੱਲਾਂ ਵਿਚ ਉਸ ਦੇ ਚਿਹਰੇ ਅਤੇ ਹਰਕਤਾਂ ਦੀ ਜਾਣਕਾਰੀ ਵੀ ਮਿਲ ਜਾਂਦੀ ਹੈ। ਅਯੋਕੇ ਯੁੱਗ ਨੇ ਬਹੁਤੇ ਮਨੋਰੰਜਨ ਦੇ ਸਾਧਨ ਵੀ ਖੋਹ ਲਏ ਹਨ। ਹੁਣ ਨਾ ਤਾਂ ਰੇਡੀਓ ਦੀ ਲੋੜ ਹੈ ਅਤੇ ਨਾ ਗੁੱਟਾਂ 'ਤੇ ਘੜੀਆਂ ਸਜਦੀਆਂ ਹਨ। ਨਾ ਹੀ ਟੀਵੀ ਅਤੇ ਟੇਪ ਰਿਕਾਰਡਰਾਂ ਦੀ ਜ਼ਰੂਰਤ ਹੈ। ਵਿਸ਼ਵ ਵਿੱਚੋਂ ਇਹ ਸਭ ਸਾਧਨ ਲੋਪ ਹੋ ਰਹੇ ਹਨ। ਇਹ ਸਭ ਕੁਝ ਆਦਮੀ ਨੂੰ ਮੋਬਾਈਲ ਵਿੱਚੋਂ ਹੀ ਮਿਲ ਜਾਂਦਾ ਹੈ। ਆਧੁਨਿਕ ਯੁੱਗ ਦਾ ਇਹ ਨਕਾਰਾਤਮਿਕ ਪ੍ਰਭਾਵ ਹੈ ਕਿ ਸਾਡੇ ਖਾਣ-ਪੀਣ ਦੀਆਂ ਚੀਜ਼ਾਂ ਵਿਚ ਵੀ ਢੇਰ ਅੰਤਰ ਆ ਗਿਆ ਹੈ। ਹੁਣ ਸਾਨੂੰ ਨਾ ਦਾਣੇ ਭੁਨਾਉਣ ਲਈ ਭੱਠੀਆਂ ਲੱਭਦੀਆਂ ਹਨ ਤੇ ਨਾ ਹੀ ਛੋਲਿਆਂ ਦੀਆਂ ਹੋਲਾਂ ਮਿਲਦੀਆਂ ਹਨ। ਉਨ੍ਹਾਂ ਦੀ ਥਾਂ ਸਭ ਬਜ਼ਾਰੂ ਚੀਜ਼ਾਂ ਹਾਵੀ ਹੋ ਗਈਆਂ ਹਨ।

ਟਰੈਕਟਰ-ਟਰਾਲੀਆਂ, ਇੰਜਣ ਅਤੇ ਖੇਤੀ ਦੇ ਆਧੁਨਿਕ ਸੰਦਾਂ ਨੇ ਹਲ਼ਾਂ, ਪੰਜਾਲੀਆਂ, ਬਲਦਾਂ ਦੀਆਂ ਜੌੜੀਆਂ, ਗੱਡਿਆਂ ਅਤੇ ਛਕੜਿਆਂ ਦੇ ਨਾਂ ਵੀ ਨਵੀਂ ਪੀੜ੍ਹੀ ਨੂੰ ਭੁੱਲਾ ਦਿੱਤੇ। ਘਰਾਂ ਵਿਚ ਬਜ਼ੁਰਗ ਜਦੋਂ ਆਪਣੇ ਵੇਲੇ ਦੇ ਤਿਉਹਾਰਾਂ, ਮੇਲਿਆਂ ਅਤੇ ਛਿੰਜਾ ਦੀ ਗੱਲ ਕਰਦੇ ਹਨ ਤਾਂ ਅਜੋਕੀ ਪੀੜ੍ਹੀ ਉਸ ਨੂੰ ਸੁਣਨ ਲਈ ਤਿਆਰ ਨਹੀਂ ਹੁੰਦੀ ਸਗੋਂ ਉਹ ਤਾਂ ਟੀਵੀ ਅਤੇ ਮੋਬਾਈਲ ਵੇਖਣ ਤੋਂ ਬਿਨਾਂ ਹੋਰ ਕਿਸੇ ਕੰਮ ਵਿਚ ਰੁਚੀ ਨਹੀਂ ਲੈਂਦੇ। ਜਿਸ ਕਾਰਨ ਹੁਣ ਅਤੇ ਪਹਿਲਾਂ ਦੇ ਮਾਹੌਲ ਵਿਚ ਕਾਫ਼ੀ ਅੰਤਰ ਹੋ ਗਿਆ ਹੈ। ਸੁਆਣੀਆਂ ਵੱਲੋਂ ਚਰਖੇ ਕੱਤਣੇ, ਕੱਚੀਆਂ ਕੰਧਾ ਲਿਪਣੀਆਂ, ਇਕੱਠੇ ਬੈਠ ਦਰੀਆਂ ਬੁਣਾਉਣੀਆਂ ਅਤੇ ਘਰਾਂ ਵਿਚ ਪਿੱਤਲ ਦੇ ਭਾਂਡੇ ਸਭ ਕੁਝ ਇਕ ਮਿੱਠੀਆਂ ਯਾਦਾਂ ਵਿਚ ਸੀਮਤ ਹੋ ਕੇ ਰਹਿ ਗਏ ਹਨ। •

90417-06833



### ਹੱਥੀਂ ਕੰਮ ਕਰਨ ਦੀ ਲੋੜ

ਬੱਚੇ ਵੀ ਪਹਿਲੇ ਵਾਲੇ ਨਹੀ ਰਹੇ, ਉਹ ਨਿਊਡਲ, ਬਰਗਰ, ਚਿਪਸ ਖਾਣ ਨੂੰ ਤਰਜੀਹ ਦਿੰਦੇ ਹਨ। ਅੱਜ ਕੱਲ੍ਹ ਦੇ ਲੋਕ ਟੀਵੀ ਦੇਖਣ ਤੋਂ ਬਿਨਾਂ ਘਰੇਲੂ ਕੰਮਾਂ ਨੂੰ ਹੱਥ ਨਹੀਂ ਲਗਾਉਂਦੇ। ਇਕ ਬਜ਼ੁਰਗ ਨੇ ਮੈਨੂੰ ਦੱਸਿਆ ਕਿ ਉਸ ਦੇ ਬਚਪਨ ਵੇਲੇ ਉਖ਼ਲੀ 'ਚ ਦਾਣੇ ਪਾ ਕੇ ਕੁੱਟਣੇ, ਚੱਕੀਆਂ ਚਲਾਉਣੀਆਂ, ਧਾਰਾਂ ਕੱਢਣੀਆਂ, ਪਾਥੀਆਂ ਪੱਥਣਾ ਆਦਿ ਕੰਮਕਾਰ ਸਨ ਪਰ ਹੁਣ ਇਹ ਸਭ ਕੁਝ ਮਸ਼ੀਨੀ ਹੋ ਗਿਆ ਹੈ। ਔਰਤਾਂ ਵਿਹਲੀਆਂ ਰਹਿ ਕੇ ਵੀ ਥਕਾਵਟ ਮਹਿਸੂਸ ਕਰਦੀਆਂ ਹਨ। ਪੁਰਾਣੇ ਸਮਿਆਂ ਦੇ ਖੇਤੀ ਦੇ ਢੰਗ ਵੀ ਬਦਲ ਗਏ ਹਨ। ਹੁਣ ਹੱਥੀ ਕੰਮ ਕਰਨ ਦਾ ਵੇਲਾ ਨਹੀਂ ਰਿਹਾ ਹਲ਼ ਵਾਹੁੰਣੇ, ਖੂਹ ਗੇੜਨੇ, ਭੱਠੇ ਕੁਤਰਨੇ ਅਤੇ ਸਿਰਾਂ 'ਤੇ ਚਾਰਾ ਢੋਹਣਾ ਬੀਤੇ ਦੀਆਂ ਗੱਲਾਂ ਹੋ ਨਿਬੜੀਆਂ ਹਨ। ਹੁਣ ਹੱਥੀ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤਾ ਬਹੁ-ਵਿਸ਼ੇਸ਼ਤਾ ਵਾਲੇ ਮੈਡੀਕਲ ਕੈਂਪ ਦਾ ਉਦਘਾਟਨ



**ਪਟਿਆਲਾ, 25 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸੀ.ਐਚ.ਸੀ. ਤ੍ਰਿਪੜੀ ਵਿਖੇ ਬਹੁ-ਵਿਸ਼ੇਸ਼ਤਾ ਵਾਲੇ ਮੈਗਾ ਮੁਫ਼ਤ ਮੈਡੀਕਲ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਕੈਂਪ ਦਾ ਮੁੱਖ ਮੰਤਵ ਹਰ ਨਾਗਰਿਕ ਤੱਕ ਮਿਆਰੀ ਅਤੇ ਸਮੇਂ ਸਿਰ ਸਿਹਤ ਸੇਵਾਵਾਂ ਪਹੁੰਚਾਉਣਾ ਹੈ, ਖਾਸ ਕਰਕੇ ਉਨ੍ਹਾਂ ਲੋਕਾਂ ਤੱਕ ਜੋ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਆਸਾਨੀ ਨਾਲ ਹਾਸਲ ਨਹੀਂ ਕਰ ਸਕਦੇ।

ਸਿਹਤ ਮੰਤਰੀ ਨੇ ਕਿਹਾ ਕਿ ਮੈਡੀਕਲ ਕਾਲਜ ਤੋਂ ਵੱਖ-ਵੱਖ ਵਿਭਾਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਕੈਂਪ ਵਿੱਚ ਪਹੁੰਚੀ ਹੈ, ਜਿੱਥੇ ਲੋਕਾਂ ਨੂੰ ਇੱਕੋ ਛੱਤ ਹੇਠ ਮਾਹਿਰ ਡਾਕਟਰੀ ਸਲਾਹ, ਜਾਂਚ ਅਤੇ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਦੀਆਂ ਸਹੂਲਤਾਂ ਮੁਫ਼ਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਕੈਂਪ ਦਾ ਉਦੇਸ਼ ਸਿਰਫ਼ ਬਿਮਾਰੀ ਹੋਣ ਤੋਂ ਬਾਅਦ ਇਲਾਜ ਕਰਨਾ ਨਹੀਂ, ਸਗੋਂ ਬਿਮਾਰੀਆਂ ਦੀ ਰੋਕਥਾਮ, ਸਮੇਂ ਸਿਰ ਜਾਂਚ ਅਤੇ ਸ਼ੁਰੂਆਤੀ ਪੜਾਅ 'ਤੇ ਇਲਾਜ ਨੂੰ ਉਤਸ਼ਾਹਿਤ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ, ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਨਾਲ ਕਈ ਕੀਮਤੀ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ।

ਇਸ ਮੌਕੇ ਸਿਹਤ ਮੰਤਰੀ ਨੇ ਸੀ.ਐਚ.ਸੀ. ਤ੍ਰਿਪੜੀ ਵਿਖੇ ਨਵੇਂ ਅਲਟ੍ਰਾਸਾਊਂਡ ਮਸ਼ੀਨ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਆਧੁਨਿਕ ਸਹੂਲਤਾਂ ਉਪਲਬਧ ਕਰਵਾਉਣ ਨਾਲ ਲੋਕਾਂ ਨੂੰ ਆਪਣੇ ਨੇੜੇ ਹੀ ਬਿਹਤਰ ਸਿਹਤ ਸੇਵਾਵਾਂ ਮਿਲਣਗੀਆਂ।

ਉਨ੍ਹਾਂ ਕੈਂਪ ਵਿੱਚ ਪਹੁੰਚੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਨਾਲ ਸਬੰਧਤ ਕਿਸੇ ਵੀ ਲੱਛਣ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ ਅਤੇ ਸਮੇਂ ਸਿਰ ਡਾਕਟਰੀ ਸਲਾਹ ਲਈ ਜਾਵੇ। ਉਨ੍ਹਾਂ ਕਿਹਾ ਕਿ ਸਿਹਤਮੰਦ ਜੀਵਨ-ਸ਼ੈਲੀ, ਸੰਤੁਲਿਤ ਖੁਰਾਕ, ਨਿਯਮਿਤ ਕਸਰਤ ਅਤੇ ਸਮੇਂ ਸਿਰ ਸਿਹਤ ਜਾਂਚ ਨੂੰ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਸਿਵਲ ਸਰਜਨ ਡਾ. ਸ਼ੈਲੀ ਜੇਟਲੀ, ਐਸ.ਐਮ.ਓ. ਡਾ. ਪਰਨੀਤ ਕੌਰ, ਡਾ. ਬਲਕਾਰ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ, ਮੈਡੀਕਲ ਕਾਲਜ ਤੋਂ ਪਹੁੰਚੇ ਮਾਹਿਰ ਡਾਕਟਰ, ਸਮੂਹ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ਼ ਅਤੇ ਹੋਰ ਪਤਵੰਤੇ ਮੌਜੂਦ ਸਨ।

# 70ਵੇਂ ਜ਼ਿਲ੍ਹਾ ਸਕੂਲ ਟੂਰਨਾਮੈਂਟ 'ਚ ਲੜਕੀਆਂ ਦੇ ਗੱਤਕੇ ਮੁਕਾਬਲੇ ਕਰਵਾਏ ਗਏ



**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14/19 ਲੜਕੀਆਂ ਦੇ ਗਤਕੇ ਦੇ ਮੁਕਾਬਲੇ ਪੀ.ਐਮ.ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ।

ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਉਚੇਰੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।

ਅੰਡਰ 14 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ ਪਹਿਲਾ, ਨਾਭਾ ਜੋਨ ਨੇ ਦੂਸਰਾ ਤੇ ਪਟਿਆਲਾ ਜੋਨ-2 ਨੇ ਤੀਸਰਾ, ਅੰਡਰ 19 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ ਪਹਿਲਾ, ਰਾਜਪੁਰਾ ਜੋਨ ਨੇ ਦੂਸਰਾ, ਪਟਿਆਲਾ ਜੋਨ-2 ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤੇ ਅਮਨਿੰਦਰ ਸਿੰਘ ਜੋਨਲ ਸਕੱਤਰ ਪਟਿਆਲਾ ਜੋਨ-1, ਜਸਵਿੰਦਰ ਸਿੰਘ ਚੱਪੜ (ਕਨਵੀਨਰ ਗੱਤਕਾ ਤੇ ਜੋਨਲ ਸਕੱਤਰ ਘਨੌਰ), ਡਾ. ਰਾਜਿੰਦਰ ਸੈਣੀ (ਜੋਨਲ ਸਕੱਤਰ ਰਾਜਪੁਰਾ), ਰਕੇਸ਼ ਕੁਮਾਰ (ਖਜਾਨਚੀ,ਜੋਨ-1),ਮਨਿੰਦਰ ਸਿੰਘ ਗੱਤਕਾ ਕੋਚ,ਮਨਵਿੰਦਰ ਸਿੰਘ, ਦਲਵਿੰਦਰ ਸਿੰਘ, ਦਰਸ਼ਨ ਕੌਰ,ਜਸਪਾਲ ਕੌਰ, ਮਨਜੀਤ ਸਿੰਘ, ਗੁਰਨਾਮ ਕੌਰ, ਬੇਅੰਤ ਕੌਰ, ਚਰਨਜੀਤ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਸ਼ਹਿਰ ਵਾਸੀਆਂ ਨੂੰ ਮਿਲੇਗੀ ਰਾਹਤ : ਹੈਰੀਟੇਜ ਸਟ੍ਰੀਟ 55 ਲੱਖ ਦੀ ਲਾਗਤ ਨਾਲ ਹੋਵੇਗੀ ਮੁੜ ਤਿਆਰ



**ਪਟਿਆਲਾ, 25 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਬੇ ਸਮੇ ਤੋ ਲੋਕਾਂ ਲਈ ਸ਼ਰਾਪ ਬਣੀ ਹੈਰੀਟੇਜ ਸਟ੍ਰੀਟ ਮੁੜ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਮਿਹਨਤ ਸਦਕਾ ਵਰਦਾਨ ਬਣਨ ਜਾ ਰਹੀ ਹੈ। ਆਲੇ ਦੁਆਲੇ ਦੇ ਲੋਕਾਂ ਦੀ ਮੰਗ ਤੋ ਬਾਅਦ ਅੱਜ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਨੇ ਇਸ ਹੈਰੀਟੇਜ ਸਟ੍ਰੀਟ ਨੂੰ ਸੀਮੇਂਟਡ ਬਣਾਉਣ ਲਈ ਇਸਦਾ ਕੰਮ ਅੱਜ ਸੂਰੂ ਕਰਵਾਦਿਤਾ ਹੈ। ਇਸ ਉਪਰ 55 ਲੱਖ ਰੁਪਏ ਲਗਣਗੇ। ਨਰਕ ਦਾ ਦੁਆਰ ਬਣੀ ਹੈਰੀਟੇਜ ਸਟ੍ਰੀਟ ਦੀ ਦਸ਼ਾ ਤੇ ਦਿਸ਼ਾ ਬਦਲਣ ਦੀ ਸੁਰੂਆਤ ਨੂੰ ਲੈ ਕੇ ਪਟਿਆਲਾ ਵਾਸੀਆਂ ਅੰਦਰ ਭਾਰੀ ਖੁਸ਼ੀ ਪਾਈ ਜਾ ਰਹੀ ਹੈ।

ਹੈਰੀਟੇਟ ਸਟ੍ਰੀਟ ਦੇ ਨਾਮ ਤੇ ਕਾਂਗਰਸ ਸਰਕਾਰ ਨੇ ਲੱਖਾਂ ਰੁਪਏ ਖਰਾਬ ਕੀਤੇ, ਲੱਖਾਂ ਰੁਪਏ ਦੇ ਘੋਟਾਲੇ ਹੋਏ ਅਤੇ ਲੋਕਾਂ ਨੇ ਪਿਛਲੇ 6 ਸਾਲ ਇਸਦਾ ਨਰਕ ਭੋਗਿਆ। ਹੁਣ ਸੀਮੇਂਟਡ ਸੜਕ ਬਣਨ ਨਾਲ ਇਸਦਾ ਨਰਕਨਿਕਲ ਜਾਵੇਗਾ। ਪੰਜਾਬ ਦੀ ਤਤਕਾਲੀਨ ਕਾਂਗਰਸ ਸਰਕਾਰ ਸਮੇਂ ਵਿਚ ਪਟਿਆਲਾ ਸ਼ਹਿਰ ਦੇ ਵਿਚਕਾਰ ਬਣਾਈ ਗਈ ਇਸ ਹੈਰੀਟੇਜ਼ ਸਟਰੀਟ ਨੂੰ ਹੁਣ ਪੁੱਟਿਆ ਜਾਵੇਗਾ, ਕਿਉਂਕਿ ਇਸ ਹੈਰੀਟੇਜ ਦੇ ਨਾਂ ਤੇ ਲਾਈਆਂ ਗਈਆਂ ਟਾਈਲਾਂ ਲੋਕਾਂ ਲਈ ਜਾਨ ਦਾ ਖਤਰਾ ਬਣੀਆਂ ਹੋਈਆਂ ਸਨ। ਅੱਜ ਇਨਾਂ ਟਾਈਲਾਂ ਨੂੰ ਪੁੱਟ ਕੇ ਸੀਮੈਂਟਡ ਸੜਕ ਬਣਾਉਣ ਦਾ ਉਦਘਾਟਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਸਮੇਤ ਕਮਿਸ਼ਨਰ ਸ਼੍ਰੀਮਤੀ ਪੂਜਾ ਗਰੇਵਾਲ ਵੱਲੋਂ ਕੀਤਾ ਗਿਆ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਸ ਸੜਕ ਨੂੰ 55 ਲੱਖ ਦੀ ਲਾਗਤ ਦੇ ਨਾਲ ਪੂਰੀ ਤਰ੍ਹਾਂ ਸੀਮਿੰਟਡ ਬਣਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਕੋਈ ਵੀ ਆਵਾਜਾਈ ਵਿੱਚ ਸਮੱਸਿਆ ਨਾ ਆਵੇ। ਉਨਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਜੋ ਹੈਰੀਟੇਜ ਦੇ ਨਾਂ ਤੇ ਇੱਥੇ ਰੋੜੇ ਨੁਮਾ ਟਾਈਲਾਂ ਲਾਈਆਂ ਸਨ, ਉਸਤੋਂ ਲੋਕ ਡਾਢੇ ਪਰੇਸ਼ਾਨ ਸੀ। ਉਨਾਂ ਕਿਹਾ ਕਿ ਅਸੀਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇਹ ਜਾਨ ਦਾ ਖਾਓ ਬਣੀਆਂ ਟਾਈਲਾਂ ਨੂੰ ਹਰ ਹਾਲਤ ਵਿੱਚ ਪੁੱਟ ਕੇ ਇੱਥੇ ਵਧੀਆ ਤੇ ਸਾਫ ਸੁਥਰੀ ਸੜਕ ਬਣਾਈ ਜਾਵੇਗੀ। ਇਸ ਲਈ ਲੋਕਾਂ ਨਾਲ ਵਾਅਦਾ ਕੀਤਾ ਜੋ ਅੱਜ ਪੂਰਾ ਹੋ ਗਿਆ ਹੈ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਵਾਸੀਆਂ ਲਈ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਕੋਈ ਸਮਝੌਤਾ ਨਹੀਂ ਹੋਵੇਗਾ। ਉਹਨਾਂ ਕਿਹਾ ਕਿ ਅਸੀਂ ਸਾਰੇ ਠੇਕੇਦਾਰਾਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹੋਏ ਹਨ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਾ ਹੋਵੇ ਅਤੇ ਕਾਰਜ ਕਰਨ ਲਈ ਪਾਏ ਜਾ ਰਹੇ ਮਟੀਰੀਅਲ ਵਿੱਚ ਕੋਈ ਸਮਝੌਤਾ ਨਹੀਂ ਹੋਵੇਗਾ। ਜੇਕਰ ਘਟੀਆ ਮਟੀਰੀਅਲ ਜਾਂ ਕੋਈ ਕਮੀ ਹੋਵੇਗੀ ਤਾਂ ਤੁਰੰਤ ਸਖਤ ਐਕਸ਼ਨ ਲਿਆ ਜਾਵੇਗਾ।

# ਹਰ ਬੂਥ 'ਤੇ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਮੋਹਿਤ ਮਹਿੰਦਰਾ ਵੱਲੋਂ ਵਰਕਰਾਂ ਨਾਲ ਵਿਚਾਰ-ਵਟਾਂਦਰਾ



**ਨਾਭਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵਕਰਮਾ ਭਵਨ, ਨੇੜੇ ਰੋਹਟੀ ਪੁਲ ਨਾਭਾ ਵਿਖੇ ਕਾਂਗਰਸ ਪਾਰਟੀ ਨੂੰ ਬੂਥ ਪੱਧਰ 'ਤੇ ਹੋਰ ਮਜ਼ਬੂਤ ਕਰਨ ਸਬੰਧੀ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਹਲਕਾ ਪਟਿਆਲਾ ਦਿਹਾਤੀ ਦੇ ਇੰਚਾਰਜ ਸ੍ਰੀ ਮੋਹਿਤ ਮਹਿੰਦਰਾ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਹਰ ਬੂਥ 'ਤੇ ਵਰਕਰਾਂ ਦੀ ਸਰਗਰਮੀ ਅਤੇ ਆਪਸੀ ਤਾਲਮੇਲ ਬੇਹੱਦ ਜ਼ਰੂਰੀ ਹੈ।

ਮੀਟਿੰਗ ਦੌਰਾਨ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ, ਵਰਕਰਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਦੀ ਆਵਾਜ਼ ਨੂੰ ਪਾਰਟੀ ਦੇ ਮੰਚ ਤੱਕ ਪਹੁੰਚਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਬੂਥ ਪੱਧਰ 'ਤੇ ਮਜ਼ਬੂਤ ਜਥੇਬੰਦੀ ਹੀ ਪਾਰਟੀ ਦੀ ਸਫਲਤਾ ਦਾ ਆਧਾਰ ਹੈ।

ਇਸ ਮੌਕੇ ਜਾਵੇਦ ਅਫ਼ਜ਼ਲ, ਜ਼ਿਲ੍ਹਾ ਆਬਜ਼ਰਵਰ ਘੱਟ ਗਿਣਤੀ ਵਿਭਾਗ, ਡਾ. ਤਾਜ ਮੁਹੰਮਦ, ਮੋਹਿਤ ਮਹਿੰਦਰਾ, ਹਲਕਾ ਪਟਿਆਲਾ ਦਿਹਾਤੀ ਇੰਚਾਰਜ, ਨਰੇਸ਼ ਦੁੱਗਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ, ਚਰਨ ਸਿੰਘ, ਐਮ.ਡੀ. ਮਲਕੀਤ ਕੰਬਾਈਨ, ਹਰਵੀਰ ਸਿੰਘ ਢੀਂਡਸਾ, ਬਲਾਕ ਪ੍ਰਧਾਨ ਅਤੇ ਰਘਵੀਰ ਸਿੰਘ ਖੱਟੜਾ, ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ ਸਮੇਤ ਹੋਰ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ। ਸ੍ਰੀ ਮੋਹਿਤ ਮਹਿੰਦਰਾ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਏਕਤਾ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਰਗਰਮੀ ਨਾਲ ਕੰਮ ਕਰਨ ਅਤੇ ਹਰ ਵਰਗ ਦੇ ਲੋਕਾਂ ਨਾਲ ਸੰਪਰਕ ਕਾਇਮ ਰੱਖਣ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਅਤੇ ਲੋਕ-ਹਿੱਤ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਬੂਥ ਪੱਧਰ ਦੇ ਵਰਕਰਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ। ਮੀਟਿੰਗ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਆਉਣ ਵਾਲੇ ਸਮੇਂ ਵਿੱਚ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੀ ਵਿਚਾਰ ਸਾਂਝੇ ਕੀਤੇ ਗਏ। ਹਾਜ਼ਰ ਆਗੂਆਂ ਅਤੇ ਵਰਕਰਾਂ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।

# ਬੰਦ ਦੀ ਅਪੀਲ ਨੂੰ ਮਾਛੀਵਾੜਾ ਸਾਹਿਬ ਮਿਲਿਆ ਪੂਰਨ ਸਹਿਯੋਗ ,ਸਾਰਾ ਸ਼ਹਿਰ ਰਿਹਾ ਬੰਦ

**ਮਾਛੀਵਾੜਾ ਸਾਹਿਬ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਵਾਰਿਸ ਪੰਜਾਬ ਦੇ ਵਲੋਂ 25 ਅਗਸਤ ਨੂੰ ਪੰਜਾਬ ਬੰਦ ਦੇ ਸੱਦੇ ਨੂੰ ਮਾਛੀਵਾੜਾ ਸਾਹਿਬ ਵਿੱਚ ਪੂਰਨ ਸਹਿਯੋਗ ਦਿੱਤਾ ਗਿਆ,ਦੁਪਿਹਰ ਤੱਕ ਸਾਰਾ ਬਾਜ਼ਾਰ ਮੁਕੰਮਲ ਬੰਦ ਰਿਹਾ।ਜ਼ਿਲ੍ਹਾ ਪ੍ਰਧਾਨ ਜਥੇਦਾਰ ਮਨਮੋਹਨ ਸਿੰਘ ਖੇੜਾ ਅਤੇ ਯੂਥ ਆਗੂ ਮਨਰਾਜ ਸਿੰਘ ਲੁਬਾਣਗੜ੍ਹ ਨੇ ਸਮੂਹ ਪੰਜਾਬ ਵਾਸੀਆਂ ਦਾ ਇਸ ਬੰਦ 'ਚ ਸਹਿਯੋਗ ਦੇਣ ਤੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਪੰਥਕ ਮਸਲਿਆਂ ਨੂੰ ਲੈ ਕੇ 25 ਅਗਸਤ ਨੂੰ ਪੰਜਾਬ ਬੰਦ ਦਾ ਜੋ ਇਹ ਸੱਦਾ ਦਿੱਤਾ ਗਿਆ ਸੀ ਉਸ ਨੂੰ ਮਾਛੀਵਾੜਾ ਸਾਹਿਬ ਸਮੇਤ ਪੂਰੇ ਪੰਜਾਬ ਵਿਚ ਪੂਰਨ ਸਹਿਯੋਗ ਮਿਲਿਆ ਹੈ ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੰਮੇ ਸਮੇਂ ਤੋਂ ਸੰਘਰਸ਼ ਚੱਲ ਰਿਹਾ ਹੈ ਅਤੇ ਇਸ ਮਾਮਲੇ ਵਿਚ ਸਰਕਾਰ ਨੂੰ ਗੰਭੀਰਤਾ ਨਾਲ ਕਦਮ ਚੁੱਕਣੇ ਦਲ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਬੰਦ ਨੂੰ ਸਫਲ ਬਣਾਉਣ ਲਈ ਸਾਰੇ ਦੁਕਾਨਦਾਰ ਭਰਾਵਾਂ ਨੇ ਆਪਣਾ ਸਹਿਯੋਗ ਦਿੰਦਿਆਂ ਸਾਥ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਬੰਦ ਦੌਰਾਨ ਮੈਡੀਕਲ ਸਹੂਲਤਾਂ, ਵਿਆਹ ਸਮਾਗਮਾਂ ਵਿਚ ਆਉਣ ਜਾਣ, ਏਅਰਪੋਰਟ 'ਤੇ ਆਉਣ-ਜਾਣ ਵਾਲਿਆਂ ਨੂੰ ਖੁੱਲ੍ਹ ਦਿੱਤੀ ਗਈ ਸੀ ।

ਉਨ੍ਹਾਂ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਵੀ ਸਮਰਥਨ ਦੇਣ ਦਾ ਧੰਨਵਾਦ ਪ੍ਰਗਟ ਕੀਤਾ।

# ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜਾਬ ਬੰਦ : ਦੁੱਗਰੀ ਵਾਲੇ ਪੁਲ 'ਤੇ ਸਿੱਖ ਭਾਈਚਾਰੇ ਵੱਲੋਂ ਰੋਸ ਪ੍ਰਦਰਸ਼ਨ



**ਲੁਧਿਆਣਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਭਾਈਚਾਰੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਤਹਿਤ ਲੁਧਿਆਣਾ ਦੇ ਮਸ਼ਹੂਰ ਦੁੱਗਰੀ ਵਾਲੇ ਪੁਲ ਵਿਖੇ ਬੰਦ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਇਆ ਗਿਆ। ਇਸ ਦੌਰਾਨ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਨੇ ਇਕੱਠੇ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਰੋਸ ਪ੍ਰਗਟ ਕੀਤਾ।

ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਬੰਦੀ ਸਿੰਘ ਲੰਬੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਹਨ, ਇਸ ਲਈ ਉਨ੍ਹਾਂ ਨੂੰ ਮਨੁੱਖੀ ਅਤੇ ਕਾਨੂੰਨੀ ਅਧਾਰ 'ਤੇ ਜਲਦ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ 'ਤੇ ਵੀ ਦੋਹਰੀ ਨੀਤੀ ਅਪਣਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਸਰਕਾਰ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਵੱਖਰੇ ਮਾਪਦੰਡ ਅਪਣਾਏ ਜਾ ਰਹੇ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਉਨ੍ਹਾਂ ਨੂੰ ਜਲਦ ਰਿਹਾਅ ਕੀਤਾ ਜਾਵੇ।

ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ ਅਤੇ ਸਰਕਾਰਾਂ ਨੂੰ ਇਸ ਮਾਮਲੇ ਦਾ ਸਥਾਈ ਹੱਲ ਕੱਢਣਾ ਚਾਹੀਦਾ ਹੈ।

# ਪਟਿਆਲਾ ਵਿੱਚ ਤਿੰਨ ਰੋਜ਼ਾ 'ਫਿਊਚਰ ਯੂਥ ਲੀਡਰਜ਼ ਬੂਟਕੈਂਪ' ਦੀ ਸ਼ੁਰੂਆਤ



**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਾ ਯੁਵਾ ਭਾਰਤ ਪਟਿਆਲਾ ਵੱਲੋਂ NSS ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਤਿੰਨ ਰੋਜ਼ਾ 'ਫਿਊਚਰ ਯੂਥ ਲੀਡਰਜ਼ ਬੂਟਕੈਂਪ' ਦੀ ਸ਼ੁਰੂਆਤ ਕੀਤੀ ਗਈ। ਬੂਟਕੈਂਪ ਦਾ ਉਦੇਸ਼ ਨੌਜਵਾਨਾਂ ਵਿੱਚ ਲੀਡਰਸ਼ਿਪ, ਸੰਚਾਰ ਹੁਨਰ, ਵਿੱਤੀ ਸਾਖਰਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

ਬੂਟਕੈਂਪ ਦੀ ਰਸਮੀ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਡੀਨ ਸ੍ਰੀ ਬਲਰਾਜ ਸਿੰਘ ਸੈਣੀ ਜੀ, ਵਿਸ਼ੇਸ਼ ਮਹਿਮਾਨ ਸ੍ਰੀ ਰਮਨ ਮੈਨੀ ਜੀ, HRDC ਸੈਂਟਰ, ਸ੍ਰੀਮਤੀ ਵੀਰਦੀਪ ਕੌਰ, ਜ਼ਿਲ੍ਹਾ ਯੂਥ ਅਫ਼ਸਰ, MY Bharat, ਡਾ. ਅਨਹਦ ਸਿੰਘ ਗਿੱਲ, NSS ਕੋਆਰਡੀਨੇਟਰ, ਗੁਰਜੋਤ ਕੌਰ ਅਤੇ ਪੁਨੀਤ ਤਿਵਾੜੀ, Heartfulness Trust, ਸ੍ਰੀਮਤੀ ਨਮਰਤਾ, NSS ਅਤੇ ਹੋਰ ਪਤਵੰਤੇ ਹਾਜ਼ਰ ਰਹੇ।

ਮੁੱਖ ਮਹਿਮਾਨ ਬਲਰਾਜ ਸਿੰਘ ਸੈਣੀ ਨੇ ਨੌਜਵਾਨ ਭਾਗੀਦਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕੀਤਾ। ਵਿਸ਼ੇਸ਼ ਮਹਿਮਾਨ ਰਮਨ ਮੈਨੀ ਨੇ ਨੌਜਵਾਨਾਂ ਨੂੰ ਜੀਵਨ ਵਿੱਚ ਵੱਡੇ ਟੀਚੇ ਨਿਰਧਾਰਤ ਕਰਕੇ ਉਨ੍ਹਾਂ ਦੀ ਪ੍ਰਾਪਤੀ ਲਈ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਤੇ ਉਸਾਰੂ ਜੀਵਨ ਸ਼ੈਲੀ ਅਪਣਾਉਣ ਲਈ ਵੀ ਜਾਗਰੂਕ ਕੀਤਾ।

ਬੂਟਕੈਂਪ ਦੌਰਾਨ ਗੁਰਜੋਤ ਕੌਰ ਵੱਲੋਂ ਲੀਡਰਸ਼ਿਪ ਅਤੇ ਕਮਿਊਨੀਕੇਸ਼ਨ ਸਕਿੱਲਜ਼ ਸਬੰਧੀ ਵਿਸ਼ੇਸ਼ ਸੈਸ਼ਨ ਕਰਵਾਇਆ ਗਿਆ, ਜਦਕਿ ਪੁਨੀਤ ਤਿਵਾੜੀ ਜੀ ਨੇ ਨੌਜਵਾਨਾਂ ਨੂੰ ਵਿੱਤੀ ਸਾਖਰਤਾ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ 'ਵਨ ਨੇਸ਼ਨ, ਵਨ ਇਲੈਕਸ਼ਨ' ਵਿਸ਼ੇ 'ਤੇ ਮੌਕ ਪਾਰਲੀਮੈਂਟ ਵੀ ਕਰਵਾਈ ਗਈ, ਜਿਸ ਵਿੱਚ ਨੌਜਵਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਲੋਕਤੰਤਰਿਕ ਪ੍ਰਕਿਰਿਆਵਾਂ ਨੂੰ ਵਿਹਾਰਕ ਢੰਗ ਨਾਲ ਸਮਝਿਆ।

ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਯੂਥ ਅਫ਼ਸਰ ਵੀਰਦੀਪ ਕੌਰ ਵੱਲੋਂ ਸਮੂਹ ਮਹਿਮਾਨਾਂ, NSS, Heartfulness Trust ਅਤੇ ਬੂਟਕੈਂਪ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਵੋਟ ਆਫ਼ ਥੈਂਕਸ ਪੇਸ਼ ਕੀਤਾ ਗਿਆ।

ਇਹ ਤਿੰਨ ਰੋਜ਼ਾ ਬੂਟਕੈਂਪ ਨੌਜਵਾਨਾਂ ਨੂੰ ਲੀਡਰਸ਼ਿਪ ਦੇ ਗੁਣ ਵਿਕਸਿਤ ਕਰਨ, ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਅਤੇ ਦੇਸ਼ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕਰ ਰਿਹਾ ਹੈ।

# ਵੀ.ਐਸ.ਐਸ.ਐਲ. ਵੱਲੋਂ 4,000 ਵਿਦਿਆਰਥੀਆਂ ਲਈ ਅੰਗਰੇਜ਼ੀ ਸਿੱਖਿਆ ਪ੍ਰੋਗਰਾਮ ਸ਼ੁਰੂ



**ਲੁਧਿਆਣਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ (ਵੀ.ਐਸ.ਐਸ.ਐਲ.) ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਅਤੇ ਅੰਗਰੇਜ਼ੀ ਸਹਾਇਕ ਦੇ ਸਹਿਯੋਗ ਨਾਲ ਸਰਕਾਰੀ ਸਕੂਲਾਂ ਦੇ ਕਰੀਬ 4,000 ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਪ੍ਰੋਜੈਕਟ ਤਹਿਤ ਵਿਦਿਆਰਥੀਆਂ ਨੂੰ ਆਨਲਾਈਨ ਐਪਲੀਕੇਸ਼ਨਾਂ ਅਤੇ ਇੰਟਰਐਕਟਿਵ ਮਾਡਿਊਲਾਂ ਰਾਹੀਂ ਅੰਗਰੇਜ਼ੀ ਸਿੱਖਣ ਦੇ ਮੌਕੇ ਮਿਲਣਗੇ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਆਈ.ਏ.ਐਸ. ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਤਕਨਾਲੋਜੀ ਆਧਾਰਿਤ ਸਿੱਖਿਆ ਵਿਦਿਆਰਥੀਆਂ ਦੇ ਗਿਆਨ, ਆਤਮ-ਵਿਸ਼ਵਾਸ ਅਤੇ ਭਵਿੱਖੀ ਰੁਜ਼ਗਾਰ ਦੇ ਮੌਕਿਆਂ ਨੂੰ ਮਜ਼ਬੂਤ ਕਰਨ ਵਿੱਚ ਸਹਾਇਕ ਹੋਵੇਗੀ।

ਇਸ ਮੌਕੇ ਵੀ.ਐਸ.ਐਸ.ਐਲ. ਵੱਲੋਂ ਪ੍ਰੋਜੈਕਟ ਲਈ 15 ਲੱਖ ਰੁਪਏ ਦੀ ਸਹਾਇਤਾ ਦਾ ਚੈੱਕ ਅੰਗਰੇਜ਼ੀ ਸਹਾਇਕ ਦੀ ਸ੍ਰੀਮਤੀ ਕਲਪਨਾ ਨੂੰ ਸੌਂਪਿਆ ਗਿਆ। ਵੀ.ਐਸ.ਐਸ.ਐਲ. ਨੇ ਸਿੱਖਿਆ ਅਤੇ ਸਮਾਜਿਕ ਵਿਕਾਸ ਨਾਲ ਜੁੜੀਆਂ ਆਪਣੀਆਂ CSR ਪਹਿਲਕਦਮੀਆਂ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ।

# ਰੱਖੜ ਪੁੰਨਿਆਂ ਦੇ ਸ਼ੁਭ ਮੌਕੇ ਤੇ 28 ਅਗਸਤ ਨੂੰ ਹੋਵੇਗਾ ਮੰਡ ਸੇਰੀਆਂ ਮੰਡ ਸੁੱਖੇਵਾਲ ਦਾ ਵਿਸ਼ਾਲ ਦੰਗਲ ਮੇਲਾ

**ਮਾਛੀਵਾੜਾ ਸਾਹਿਬ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਗੁਰੂਆਂ ਪੀਰਾਂ ਦੀ ਇਲਾਹੀ ਪਾਵਨ ਤੇ ਪਵਿੱਤਰ ਧਰਤੀ ਤੇ ਆਏ ਦਿਨ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ ਕਿਉਂਕਿ ਕਿਸੇ ਕਿਹਾ ਕਿ ਪੰਜਾਬੀ ਦੁਨੀਆਂ ਤੇ ਆਏ ਹੀ ਮੇਲੇ ਮਨਾਉਣ ਹਨ। ਇਨ੍ਹਾਂ ਮੇਲਿਆਂ ਦੀ ਕਤਾਰ ਵਿੱਚ ਮਾਛੀਵਾੜਾ ਬਲਾਕ ਦੇ ਪਿੰਡ ਮੰਡ ਸੁੱਖੇਵਾਲ, ਮੰਡ ਸ਼ੇਰੀਆ, ਦਾ ਦੰਗਲ ਮੇਲਾ ਵੀ ਮੋਹਰੀ ਗਿਣਿਆ ਜਾਂਦਾ ਹੈ ਜੋ ਨੇੜਲੇ ਪਿੰਡਾਂ ਮੰਡ ਜੋਧੇਵਾਲ, ਮੰਡ ਗੌਂਸਗੜ੍ਹ, ਧੰਨੂਰ, ਮੁਬਾਰਕਪੁਰ,ਚੱਕਲੀ ਮੰਗਾ,ਬੁਰਜ ਸੇਰਪੁਰ, ਜੋਧਵਾਲ ਪਿੰਡਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ।ਮਾਛੀਵਾੜਾ ਬਲਾਕ ਦਾ ਰੱਖੜ ਪੁੰਨਿਆ ਤੇ ਧੰਨ ਧੰਨ ਖ਼ਵਾਜਾ ਪੀਰ ਜੀ ਦੀ ਯਾਦ ਨੂੰ ਸਮਰਪਿਤ ਕਰਵਾਇਆ ਜਾਣ ਵਾਲਾ ਇਹ ਸੰਸਾਰ ਪ੍ਰਸਿੱਧ ਦੰਗਲ ਮੇਲਾ 28 ਅਗਸਤ ਨੂੰ ਮਨਾਇਆ ਜਾਵੇਗਾ।

ਮੁੱਖ ਪ੍ਰਬੰਧਕ ਅਤੇ ਖੇਡ ਪ੍ਰਮੋਟਰ ਸਰਪੰਚ ਪ੍ਰਿਤਪਾਲ ਸਿੰਘ ਪੋਲਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਨੇ ਦੱਸਿਆ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰੱਖੜੀ ਦੇ ਸ਼ੁਭ ਦਿਹਾੜੇ ਤੇ ਨਜ਼ਦੀਕੀ ਪਿੰਡਾਂ ਤੇ ਐਨ.ਆਰ.ਆਈ. ਵੀਰਾਂ ਦੇ ਵੱਡੇ ਸਹਿਯੋਗ ਨਾਲ ਇਹ ਦੰਗਲ ਮਿਲਾ ਕਰਵਾਇਆ ਜਾ ਰਿਹਾ ਜਿਸ ਵਿੱਚ ਤਾਲਿਬ ਬਾਬਾ ਫਲਾਹੀ, ਗੌਰਵ ਮਾਛੀਵਾੜਾ, ਜੌਂਟੀ ਗੁੱਜਰ, ਇਸਾਨ ਵੀਰ ਕੋਹਾਲੀ, ਸਾਹਿਲ ਕੋਹਾਲੀ, ਨਿਸ਼ਾਂਤ ਬਾਬਾ ਫਲਾਹੀ, ਗੁਰਨਾਮ ਬਾਬਾ ਫਲਾਹੀ ਸਮੇਤ ਉੱਚ ਕੋਟੀ ਦੇ ਪਹਿਲਵਾਨ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ।ਇਸ ਦੰਗਲ ਮੇਲੇ ਵਿੱਚ ਪਹਿਲਵਾਨਾਂ ਨੂੰ ਲੱਖਾਂ ਰੁਪਏ ਨਕਦੀ ਦੇ ਰੂਪ ਵਿੱਚ ਇਨਾਮ ਦਿੱਤੇ ਜਾਣਗੇ। ਪ੍ਰਬੰਧ ਪ੍ਰਬੰਧਕ ਕਮੇਟੀ ਵੱਲੋਂ ਦਰਸ਼ਕਾਂ ਖੇਡ ਪ੍ਰੇਮੀਆਂ ਅਤੇ ਪਹਿਲਵਾਨ ਵੀਰਾਂ ਨੂੰ ਇਸ ਦੰਗਲ ਮੇਲੇ ਵਿੱਚ ਪੁੱਜਣ ਦੀ ਅਪੀਲ ਹੈ।

ਇਸ ਦੰਗਲ ਮੇਲੇ ਵਿੱਚ ਨਿੱਜੀ ਕਰਤੱਬ ਦਿਖਾਉਣ ਦੀ ਮਨਾਹੀ ਹੋਵੇਗੀ, ਅਤੇ ਇਸ ਦੰਗਲ ਮੇਲੇ ਦਾ ਲਾਈਵ ਪ੍ਰਸਾਰਨ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਦਿਖਾਇਆ ਜਾਵੇਗਾ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਨੇ ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸਨ ਫਾਰ ਵੂਮਨਜ਼ ਨੂੰ ਯੂਨੀਵਰਸਿਟੀ ਦਾ ਲਰਨਰ ਸਪੋਰਟ ਸੈਂਟਰ ਬਣਾਇਆ



**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਚ ਸਿੱਖਿਆ ਤੱਕ ਪਹੁੰਚ ਵਧਾਉਣ ਦੀ ਆਪਣੀ ਵਚਨਬੱਧਤਾ ਦੇ ਵਜੋਂ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੇ ਲੋਪੋਂ (ਮੋਗਾ) ਵਿਖੇ ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ ਫਾਰ ਵੂਮਨਜ਼ ਵਿੱਚ ਇਕ ਲਰਨਰ ਸਪੋਰਟ ਸੈਂਟਰ ਸਥਾਪਤ ਕੀਤਾ।

ਇਸ ਸੈਂਟਰ ਦਾ ਉਦਘਾਟਨ ਡਾ. ਵਿਨੋਦ ਕੁਮਾਰ, (ਰੀਜਨਲ ਡਾਇਰੈਕਟਰ) ਅਤੇ ਸ੍ਰੀ ਜਸਵੀਰ ਸਿੰਘ ਜੀ ਨੇ ਕੀਤਾ।

ਯੂਨੀਵਰਸਿਟੀ ਦੁਆਰਾ ਸਥਾਪਤ ਕੀਤਾ ਇਹ ਸੈਂਟਰ ਉਹਨਾਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰੇਗਾ ਜੋ ਨਿੱਜੀ, ਪੇਸ਼ਾਵਰ ਜਾਂ ਭੂਗੋਲਕ ਰੁਕਾਵਟਾਂ ਦੇ ਕਾਰਨ ਰੈਗੂਲਰ ਪੜ੍ਹਾਈ ਨਹੀਂ ਕਰ ਸਕਦੇ। ਇਸ ਸੈਂਟਰ ਰਾਹੀਂ, ਵਿਦਿਆਰਥੀ ਯੂਨੀਵਰਸਿਟੀ ਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਦਾਖ਼ਲਾ ਲੈ ਕੇ ਆਨਲਾਇਨ ਮਾਧਿਅਮ ਰਾਂਹੀ ਪੜ੍ਹਾਈ ਜਾਰੀ ਰੱਖ ਸਕਦੇ ਹਨ।

ਇਸ ਮੌਕੇ 'ਤੇ ਗੱਲ ਕਰਦੇ ਹੋਏ, ਯੂਨੀਵਰਸਿਟੀ ਅਧਿਕਾਰੀਆਂ ਨੇ ਕਿਹਾ ਕਿ ਇਹ ਯੂਨੀਵਰਸਿਟੀ ਆਨਲਾਇਨ ਪੜ੍ਹਾਈ ਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਘਰ-ਘਰ ਸਿੱਖਿਆ ਮਹੁੱਈਆ ਕਰਵਾ ਰਹੀ ਹੈ। ਇਸ ਯੂਨੀਵਰਸਿਟੀ ਦਾ ਮੋਟੋ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਖ਼ਾਸ ਕਰਕੇ 'ਸੇਵਾ' ਦੇ ਭਾਵ ਤੋਂ ਪ੍ਰੇਰਿਤ ਹੈ। ਯੂਨੀਵਰਸਿਟੀ ਅਧਿਕਾਰੀਆਂ ਨੇ ਇਹ ਜ਼ੋਰ ਦਿੱਤਾ ਹੈ ਕਿ ਯੂਨੀਵਰਸਿਟੀ ਦੀ ਉੱਚ ਗੁਣਵੱਤਾ ਵਾਲੀ ਸਿੱਖਿਆ ਨੂੰ ਸਭ ਦੇ ਲਈ ਪਹੁੰਚਯੋਗ, ਘੱਟ ਖਰਚ ਵਾਲੀ ਬਣਾਈ ਰੱਖਣ ਵਿੱਚ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਰਤਨ ਸਿੰਘ ਦੀ ਮਹਾਨ ਅਗਵਾਈ ਹੇਠ ਯੂਨੀਵਰਸਿਟੀ ਕਾਰਜਸੀਲ ਹੈ। ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ ਫਾਰ ਵੂਮਨਜ਼ ਦੇ ਸਟਾਫ ਨੇ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਅਤੇ ਵਿਸ਼ਵਾਸ ਜ਼ਾਹਰ ਕੀਤਾ ਕਿ ਲਰਨਰ ਸਪੋਰਟ ਸੈਂਟਰ ਮੋਗਾ ਖੇਤਰ ਵਿੱਚ ਜੀਵਨ ਭਰ ਸਿੱਖਣ ਅਤੇ ਸਿੱਖਿਆਕ ਅਧਿਕਾਰਤਾ ਨੂੰ ਸੇਧ ਦੇਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਏਗਾ।

# ਪੰਜਾਬ ਬੰਦ ਦੀ ਕਾਲ ਤੇ ਸਨੌਰ ਬਜਾਰ ਮੁਕੰਮਲ ਬੰਦ ਆਇਆ ਨਜ਼ਰ

**ਸਨੌਰ,25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਥਕ ਜਥੇਬੰਦੀਆਂ ਵੱਲੋਂ ਦਿੱਤੀ ਗਈ ਪੰਜਾਬ ਬੰਦ ਦੀ ਕਾਲ ਦਾ ਅਸਰ ਅੱਜ ਸਨੌਰ ਸ਼ਹਿਰ ਵਿੱਚ ਵੀ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲਿਆ। ਪੰਜਾਬ ਬੰਦ ਦੇ ਸੱਦੇ 'ਤੇ ਸਨੌਰ ਦੇ ਮੁੱਖ ਬਾਜ਼ਾਰਾਂ ਵਿੱਚ ਦੁਕਾਨਾਂ ਅਤੇ ਵਪਾਰਕ ਅਦਾਰੇ ਮੁੜ ਪੂਰੀ ਤਰ੍ਹਾਂ ਬੰਦ ਰਹੇ। ਬਾਜ਼ਾਰਾਂ ਵਿੱਚ ਆਮ ਦਿਨਾਂ ਦੇ ਮੁਕਾਬਲੇ ਚਹਿਲ-ਪਹਿਲ ਘੱਟ ਰਹੀ ਅਤੇ ਜ਼ਿਆਦਾਤਰ ਥਾਵਾਂ 'ਤੇ ਕਾਰੋਬਾਰੀ ਗਤੀਵਿਧੀਆਂ ਠੱਪ ਨਜ਼ਰ ਆਈਆਂ।ਸਵੇਰ ਤੋਂ ਹੀ ਸ਼ਹਿਰ ਦੇ ਕਈ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਆਪਣੇ ਕਾਰੋਬਾਰੀ ਅਦਾਰੇ ਬੰਦ ਰੱਖੇ ਗਏ। ਇਸ ਕਾਰਨ ਰੋਜ਼ਾਨਾ ਦੀਆਂ ਵਪਾਰਕ ਗਤੀਵਿਧੀਆਂ 'ਤੇ ਅਸਰ ਪਿਆ। ਮੁੱਖ ਬਾਜ਼ਾਰਾਂ, ਚੌਕਾਂ ਅਤੇ ਸੜਕਾਂ 'ਤੇ ਆਮ ਦਿਨਾਂ ਨਾਲੋਂ ਲੋਕਾਂ ਦੀ ਆਵਾਜਾਈ ਘੱਟ ਰਹੀ। ਕਈ ਦੁਕਾਨਾਂ ਦੇ ਸ਼ਟਰ ਲਗਾਤਾਰ ਬੰਦ ਰਹੇ, ਜਿਸ ਕਾਰਨ ਬਾਜ਼ਾਰਾਂ ਦਾ ਮਾਹੌਲ ਆਮ ਨਾਲੋਂ ਵੱਖਰਾ ਨਜ਼ਰ ਆਇਆ। ਬੰਦ ਦੇ ਸੱਦੇ ਕਾਰਨ ਸਨੌਰ ਵਿੱਚ ਲੋਕਾਂ ਦਾ ਧਿਆਨ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵੱਲ ਕੇਂਦਰਿਤ ਰਿਹਾ। ਬੰਦੀ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਨਾਅਰੇ ਵੀ ਸੁਣਾਈ ਦਿੱਤੇ। 'ਬੰਦੀ ਸਿੰਘ ਰਿਹਾਅ ਕਰੋ' ਸਮੇਤ ਹੋਰ ਨਾਅਰਿਆਂ ਰਾਹੀਂ ਸਰਕਾਰ ਤੋਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੇ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਮਨੁੱਖੀ ਅਤੇ ਕਾਨੂੰਨੀ ਪੱਖ ਤੋਂ ਵਿਚਾਰਨ ਦੀ ਮੰਗ ਵੀ ਉੱਠੀ। ਪੰਜਾਬ ਬੰਦ ਦੇ ਸੱਦੇ ਕਾਰਨ ਸਨੌਰ ਦੇ ਮੁੱਖ ਬਾਜ਼ਾਰਾਂ ਵਿੱਚ ਕਾਰੋਬਾਰੀ ਗਤੀਵਿਧੀਆਂ ਪ੍ਰਭਾਵਿਤ ਰਹੀਆਂ। ਕਈ ਥਾਵਾਂ 'ਤੇ ਦੁਕਾਨਾਂ ਬੰਦ ਹੋਣ ਕਾਰਨ ਬਾਜ਼ਾਰਾਂ ਵਿੱਚ ਸਨਾਟਾ ਛਾਇਆ ਰਿਹਾ। ਬੰਦ ਕਾਰਨ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਰੋਜ਼ਾਨਾ ਕਾਰੋਬਾਰ ਕਰਨ ਵਾਲੇ ਲੋਕਾਂ ਦੀਆਂ ਗਤੀਵਿਧੀਆਂ ਵੀ ਪ੍ਰਭਾਵਿਤ ਹੋਈਆਂ। ਹਾਲਾਂਕਿ ਸ਼ਹਿਰ ਵਿੱਚ ਮਾਹੌਲ ਸ਼ਾਂਤ ਰਿਹਾ ਅਤੇ ਕਿਸੇ ਵੱਡੀ ਅਣਸੁਖਾਵੀਂ ਘਟਨਾ ਦੀ ਜਾਣਕਾਰੀ ਸਾਹਮਣੇ ਨਹੀਂ ਆਈ। ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਲੰਬੇ ਸਮੇਂ ਤੋਂ ਸਿੱਖ ਭਾਈਚਾਰੇ ਅਤੇ ਪੰਥਕ ਜਥੇਬੰਦੀਆਂ ਵੱਲੋਂ ਉਠਾਇਆ ਜਾਂਦਾ ਰਿਹਾ ਹੈ। ਪੰਜਾਬ ਬੰਦ ਦੀ ਕਾਲ ਰਾਹੀਂ ਇਸ ਮੰਗ ਨੂੰ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਸਨੌਰ ਵਿੱਚ ਬਾਜ਼ਾਰਾਂ ਦੇ ਬੰਦ ਰਹਿਣ ਨਾਲ ਇਸ ਸੱਦੇ ਦਾ ਸਥਾਨਕ ਪੱਧਰ 'ਤੇ ਪ੍ਰਭਾਵ ਸਪੱਸ਼ਟ ਦਿਖਾਈ ਦਿੱਤਾ।

# 4 ਸਤੰਬਰ ਤੱਕ ਦਾਅਵੇ ਤੇ ਇਤਰਾਜ਼ ਦਰਜ ਕਰਵਾ ਕੇ ਆਪਣਾ ਵੋਟ ਹੱਕ ਸੁਰੱਖਿਅਤ ਕਰਨ ਨਾਗਰਿਕ: ਮਨਪ੍ਰੀਤ ਸਿੰਘ



**ਮਾਲੇਰਕੋਟਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਸਾਲ 2026 ਦੌਰਾਨ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਵੀਜ਼ਨ ਸਿਰਫ਼ ਵੋਟਰ ਸੂਚੀਆਂ ਨੂੰ ਅਪਡੇਟ ਕਰਨ ਦੀ ਇੱਕ ਰਸਮੀ ਸਰਕਾਰੀ ਕਾਰਵਾਈ ਨਹੀਂ, ਸਗੋਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਮੁੱਚੀ ਚੋਣ ਪ੍ਰਣਾਲੀ ਦੀ ਭਰੋਸੇਯੋਗਤਾ ਅਤੇ ਪਾਰਦਰਸ਼ਤਾ ਨਾਲ ਜੁੜਿਆ ਇੱਕ ਅਤਿ ਮਹੱਤਵਪੂਰਨ ਅਭਿਆਸ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਮਾਜਿਕ ਚਿੰਤਕ ਅਤੇ ਵਿਸ਼ਲੇਸ਼ਕ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਘਰ—ਘਰ ਜਾ ਕੇ ਵੋਟਰਾਂ ਦੀ ਜਾਣਕਾਰੀ ਦੀ ਤਸਦੀਕ, ਪੁਰਾਣੇ ਰਿਕਾਰਡ ਨਾਲ ਮਿਲਾਣ ਅਤੇ ਮੌਜੂਦਾ ਵੋਟਰ ਸੂਚੀ ਨੂੰ ਸੁਧਾਰਨ ਦੀ ਇੱਕ ਵਿਸ਼ੇਸ਼ ਪ੍ਰਕਿਰਿਆ ਚਲਾਈ ਗਈ ਹੈ। ਇਸ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਇੱਕ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਸੁਰੱਖਿਅਤ ਰਹੇ ਅਤੇ ਮ੍ਰਿਤਕ, ਸਥਾਈ ਤੌਰ 'ਤੇ ਹੋਰ ਥਾਂ ਸ਼ਿਫ਼ਟ ਹੋ ਗਏ, ਡੁਪਲੀਕੇਟ ਜਾਂ ਹੋਰ ਕਾਰਨਾਂ ਕਰਕੇ ਅਯੋਗ ਹੋ ਚੁੱਕੀਆਂ ਐਂਟਰੀਆਂ ਨੂੰ ਪੂਰੀ ਤਰ੍ਹਾਂ ਦਰੁਸਤ ਕੀਤਾ ਜਾਵੇ।

ਮਨਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਅਭਿਆਸ ਦਾ ਦੂਜਾ ਪੜਾਅ ਹੁਣ ਖਾਸ ਤੌਰ 'ਤੇ ਚਰਚਾ ਅਤੇ ਗੰਭੀਰਤਾ ਦਾ ਵਿਸ਼ਾ ਬਣ ਚੁੱਕਾ ਹੈ, ਕਿਉਂਕਿ 13 ਅਗਸਤ 2026 ਨੂੰ ਡਰਾਫਟ ਵੋਟਰ ਸੂਚੀ ਜਾਰੀ ਹੋਣ ਨਾਲ ਇਹ ਪ੍ਰਕਿਰਿਆ ਇੱਕ ਨਵੇਂ ਅਤੇ ਬਹੁਤ ਹੀ ਸੰਵੇਦਨਸ਼ੀਲ ਮੋੜ 'ਤੇ ਪਹੁੰਚ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਵੋਟਰ ਸੂਚੀ ਕਿਸੇ ਵੀ ਲੋਕਤੰਤਰ ਦੀ ਬੁਨਿਆਦੀ ਇਕਾਈ ਹੁੰਦੀ ਹੈ। ਲੋਕਤੰਤਰੀ ਚੋਣ ਵਿੱਚ ਵੋਟ ਪਾਉਣ ਦਾ ਹੱਕ ਤਦ ਹੀ ਅਸਲ ਰੂਪ ਵਿੱਚ ਪ੍ਰਭਾਵਸ਼ਾਲੀ ਬਣਦਾ ਹੈ ਜਦੋਂ ਯੋਗ ਨਾਗਰਿਕ ਦਾ ਨਾਮ ਸਹੀ ਪਤੇ, ਸਹੀ ਫੋਟੋ ਅਤੇ ਦਰੁਸਤ ਵੇਰਵਿਆਂ ਨਾਲ ਦਰਜ ਹੋਵੇ। ਸਮੇਂ ਦੇ ਬੀਤਣ ਨਾਲ ਲੋਕਾਂ ਦੇ ਰਿਹਾਇਸ਼ੀ ਪਤੇ ਬਦਲਦੇ ਹਨ, ਰੋਜ਼ਗਾਰ ਜਾਂ ਪੜ੍ਹਾਈ ਕਾਰਨ ਲੋਕ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਂ ਰਾਜ ਵਿੱਚ ਚਲੇ ਜਾਂਦੇ ਹਨ, ਕੁਝ ਵੋਟਰਾਂ ਦੀ ਮੌਤ ਹੋ ਜਾਂਦੀ ਹੈ ਅਤੇ ਕਈ ਵਾਰ ਇੱਕੋ ਵਿਅਕਤੀ ਦਾ ਨਾਮ ਇੱਕ ਤੋਂ ਵੱਧ ਥਾਵਾਂ 'ਤੇ ਦਰਜ ਰਹਿ ਜਾਂਦਾ ਹੈ। ਇਸ ਤੋਂ ਇਲਾਵਾ, ਨਵੇਂ 18 ਸਾਲ ਦੇ ਨੌਜਵਾਨ ਨਾਗਰਿਕ ਨਵੇਂ ਵੋਟਰ ਬਣਦੇ ਹਨ। ਇਸ ਆਮ ਸਾਲਾਨਾ ਸੋਧ ਨਾਲੋਂ ਵਧੇਰੇ ਵਿਸਥਾਰਪੂਰਨ ਅਤੇ ਜ਼ਮੀਨੀ ਪੱਧਰ 'ਤੇ ਤਸਦੀਕ ਵਾਲੀ ਡੂੰਘੀ ਪ੍ਰਕਿਰਿਆ ਹੈ, ਜਿਸ ਵਿੱਚ ਪੁਰਾਣੇ ਚੋਣ ਰਿਕਾਰਡ ਨਾਲ ਡਾਟਾ ਮਿਲਾਣ ਅਤੇ ਡਰਾਫਟ ਸੂਚੀ ਜਾਰੀ ਹੋਣ ਉਪਰੰਤ ਨੋਟਿਸ ਤੇ ਤਸਦੀਕ ਦੇ ਪ੍ਰਬੰਧ ਸ਼ਾਮਲ ਹਨ।

ਡਰਾਫਟ ਸੂਚੀ ਵਿੱਚੋਂ ਕਰੀਬ 20.66 ਲੱਖ ਨਾਮ ਹਟਾਏ ਜਾਣ ਦੀ ਖ਼ਬਰ @ਤੇ ਸਥਿਤੀ ਸਪੱਸ਼ਟ ਕਰਦਿਆਂ ਮਨਪ੍ਰੀਤ ਸਿੰਘ ਨੇ ਕਿਹਾ ਕਿ ਇਸ ਅੰਕੜੇ ਕਾਰਨ ਲੋਕਾਂ ਵਿੱਚ ਬੇਲੋੜੀ ਚਿੰਤਾ ਜਾਂ ਭੰਬਲਭੂਸਾ ਪੈਦਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਸਮਝਾਇਆ ਕਿ ਡਰਾਫਟ ਸੂਚੀ ਵਿੱਚੋਂ ਨਾਮ ਹਟਣ ਦਾ ਮਤਲਬ ਇਹ ਕਦਾਚਿਤ ਨਹੀਂ ਕਿ ਕਿਸੇ ਨਾਗਰਿਕ ਦਾ ਵੋਟ ਪਾਉਣ ਦਾ ਹੱਕ ਸਦਾ ਲਈ ਖ਼ਤਮ ਹੋ ਗਿਆ ਹੈ।

# ਪਬਲਿਕ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਬਗੈਰ ਕਿਸੇ ਡਰ ਭੈ ਦੇ ਅੱਗੇ ਆਉਣ: ਐਸ.ਪੀ. ਇੰਨਵੈਸਟੀਗੇਸਨ ਦਵਿੰਦਰ ਅੱਤਰੀ

**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੋਸਲਿਗ ਸੈਲ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਨੂੰ ਹੋਰ ਤੇਜ਼ ਅਤੇ ਅਸਰਦਾਰ ਬਣਾਉਣ ਦੇ ਮਕਸਦ ਨਾਲ ਐਸ.ਪੀ. ਇੰਨਵੈਸਟੀਗੇਸਨ ਪਟਿਆਲਾ ਦਵਿੰਦਰ ਅੱਤਰੀ ਅਤੇ ਐਸ.ਪੀ. ਪੀ.ਬੀ.ਆਈ. ਪਟਿਆਲਾ ਰਾਜੇਸ਼ ਛਿੱਬਰ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ।

ਮੀਟਿੰਗ ਦੌਰਾਨ ਪੰਜਾਬ ਵਿੱਚ ਨਸ਼ੇ ਦੇ ਵੱਧ ਰਹੇ ਪ੍ਰਕੋਪ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਲੈ ਕੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ, ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਵੱਲੋਂ ਚਲਾਇਆ ਜਾ ਰਿਹਾ ਇੱਕ ਰਾਸ਼ਟਰੀ ਪੱਧਰ ਦਾ ਅਭਿਆਨ ਹੈ, ਜਿਸਦਾ ਮੁੱਖ ਉਦੇਸ਼ ਦੇਸ਼ ਅਤੇ ਸਟੇਟ ਨੂੰ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਅਭਿਆਨ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਲਈ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ।

ਇਸ ਮੌਕੇ ਐਸ ਪੀ ਦਵਿੰਦਰ ਅੱਤਰੀ ਅਤੇ ਐਸ ਪੀ ਰਾਜੇਸ਼ ਛਿੱਬਰ ਨੇ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਦੀ ਤਬਾਹੀ ਦਾ ਕਾਰਨ ਬਣਦਾ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਪੁਲਿਸ, ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕ ਇੱਕ ਮੰਚ ਤੇ ਆ ਕੇ ਇਸ ਬੁਰਾਈ ਵਿਰੁੱਧ ਲੜਨ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ ਤੇ ਜਾਗਰੂਕਤਾ ਸੈਮੀਨਾਰ, ਖੇਡ ਗਤੀਵਿਧੀਆਂ ਅਤੇ ਕਾਊਂਸਲਿੰਗ ਕੈਂਪ ਲਗਾਏ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਅਤੇ ਚੰਗੇ ਕੰਮਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ।

ਉਹਨਾ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਤੇ ਕੰਮ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਆਮ ਲੋਕਾਂ ਤੋਂ ਮਿਲਣ ਵਾਲੀ ਹਰ ਸੂਚਨਾ ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਅੱਗੇ ਆਉਣ ਉਹਨਾਂ ਦਾ ਨਾਮ ਗੁਪਤ ਰੱਖਿਆ ਜਾਵੇਗਾ।

ਮੀਟਿੰਗ ਦੇ ਅੰਤ ਵਿੱਚ ਦੋਵਾਂ ਧਿਰਾਂ ਨੇ ਇਹ ਫੈਸਲਾ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਪਟਿਆਲਾ ਵਿੱਚ ਨਸ਼ਿਆਂ ਵਿਰੁੱਧ ਸਾਂਝੇ ਜਾਗਰੂਕਤਾ ਪ੍ਰੋਗਰਾਮ, ਸਾਈਕਲ ਰੈਲੀਆਂ ਅਤੇ ਸੈਮੀਨਾਰ , ਮੈਰਾਥਨ,ਕਰਵਾਏ ਜਾਣਗੇ, ਜਿਸ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇਗਾ।

ਉਹਨਾਂ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਦੋਵੇਂ ਅਧਿਕਾਰੀਆਂ ਨੇ ਸਟੇਟ ਐਵਾਰਡੀ ਪਰਮਿੰਦਰ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਹੀ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ।

# ਪੰਜਾਬ ਦੇ ਇਤਿਹਾਸ ’ਚ, 27 ਅਗਸਤ ਦਾ ਸੰਘਰਸ਼ ਮੀਲ ਪੱਥਰ ਸਾਬਿਤ ਹੋਵੇਗਾ




**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੀ ਮੀਟਿੰਗ ਲਖਵਿੰਦਰ ਖਾਨਪੁਰ,ਰਾਜਪਾਲ ਸਿੰਘ ਲਸੋਈ ਜਸਵਿੰਦਰ ਸੌਜਾ, ਸਵਰਨ ਸਿੰਘ ਬੰਗਾ ਤੇ ਗੁਰਮੀਤ ਸਿੰਘ ਪੇਦਨ ਦੀ ਅਗਵਾਈ ਹੇਠ ਪਟਿਆਲਾ ਵਿਖੇ ਹੋਈ,ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਫੈਡਰੇਸ਼ਨ ਨਾਲ ਸਬੰਧਤ ਸਮੁੱਚੀਆਂ ਜਥੇਬੰਦੀਆਂ 27ਅਗਸਤ ਦੇ ਪੰਜਾਬ ਬੰਦ ਨੂੰ ਕਾਮਯਾਬ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ ਤੇ ਵੱਡੀ ਗਿਣਤੀ ਵਿੱਚ ਅੱਜ ਤੋਂ ਹੀ ਆਪਣੇ ਸਾਥੀਆਂ ਨੂੰ ਉਸ ਦੀ ਤਿਆਰੀ ਵਿੱਚ ਪੂਰੀ ਤਰਾਂ ਰੁੱਝ ਜਾਣ ਲਈ ਫੈਸਲਾ ਕੀਤਾ ਗਿਆ ਅੱਜ ਦੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਦਰਸ਼ਨ ਬੇਲੂ ਮਾਜਰਾ, ਜਸਵੀਰ ਖੋਖਰ,ਰਣਜੀਤ ਮਾਨ,ਧਰਮਪਾਲ ਸਿੰਘ ਲੌਟ,ਦਿਆਲ ਸਿੱਧੂ ਤੇ ਜਗਤਾਰ ਸਾਹਪੁਰ,ਨੇ ਕਿਹਾ ਕਿ ਉਹ ਇਸ ਬੰਦ ਨੂੰ ਕਾਮਯਾਬ ਕਰਨ ਲਈ ਆਪਣੇ ਮੁਲਾਜ਼ਮ ਤੇ ਪੈਨਸ਼ਨਰ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਨਾਲ ਲੈ ਕੇ ਇਸ ਇਕੱਤਰਤਾ ਵਿੱਚ ਸਾਮਿਲ ਹੋਣਗੇ ਤੇ ਉਸ ਦਿਨ ਕੋਈ ਵੀ ਮੁਲਾਜ਼ਮ ਜਾਂ ਪੈਨਸ਼ਨਰ ਇਸ ਸੰਘਰਸ਼ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ ਤਾਂ ਕਿ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਕੱਚੇ ਕਾਮੇਂ ਪੱਕੇ ਕਰਨਾ, ਡੀ.ਏ.ਦਾ ਬਕਾਇਆ ਜੋ ਮਾਨਯੋਗ ਕੋਰਟਾਂ ਦੇ ਹੁਕਮਾਂ ਦੀ ਉਲੰਘਣਾ ਕਰਕੇ ਜੋ ਦਿੱਤਾ ਨਹੀਂ ਜਾ ਰਿਹਾ, ਪੇ ਕਮਿਸ਼ਨ ਦਾ ਬਕਾਇਆ, ਮਾਨ ਭੱਤੇ ਤੇ ਕੰਮ ਕਰਦੇ ਵਰਕਰਾਂ ਨੂੰ ਗੁਜ਼ਾਰੇ ਜੋਗੀ ਤਨਖਾਹ ਦੇਣਾ, ਮੁਲਾਜ਼ਮ ਵਿਰੋਧੀ ਪੱਤਰ ਰੱਦ ਕਰਾਉਣੇ ,ਪੁਰਾਣੀ ਪੈਨਸਨ ਲਾਗੂ ਕਰਨਾ,ਪੈਨਸ਼ਨਰਾਂ ਨੂੰ 2.59 ਨਾ ਦੇਣਾ ਤੇ ਮੰਗ ਪੱਤਰ ਚ, ਦਰਜ ਹੋਰ ਮੰਗਾਂ ਹਨ ਇਹਨਾਂ ਦੇ ਹੱਲ ਲਈ ਸਰਕਾਰ ਨੂੰ ਮਜਬੂਰ ਕੀਤਾ ਜਾਵੇ ਅੱਜ ਦੀ ਮੀਟਿੰਗ ਵਿੱਚ ਪਹੁੰਚੇ ਗੌਰਮਿੰਟ ਟੀਚਰ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਸਮਾਣਾ ਪਰਮਜੀਤ ਸਿੰਘ, ਹਿੰਮਤ ਸਿੰਘ,ਤੇ ਹਰਪ੍ਰੀਤ ਉਪਲ ਨੇ ਕਿਹਾ ਕਿ ਸਮੁੱਚੇ ਪੰਜਾਬ ਦੀਆਂ ਅਧਿਆਪਕ ਜਥੇਬੰਦੀਆਂ ਉਸ ਦਿਨ ਵੱਡੇ ਪੱਧਰ ਤੇ ਸਕੂਲ ਬੰਦ ਕਰਕੇ ਇਸ ਸੰਘਰਸ਼ ਵਿੱਚ ਆਪਣਾ ਹਿੱਸਾ ਪਾਉਣਗੇ ਤੇ ਇਸ ਸੰਘਰਸ਼ ਨੂੰ ਪੰਜਾਬ ਦਾ ਇੱਕ ਇਤਿਹਾਸਿਕ ਸੰਘਰਸ਼ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ ਅੱਜ ਦੀ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਮੋਨਿਕਾ ਮਸੀਹ, ਰਕੇਸ ਕਲਿਆਣ,ਗੁਰਿੰਦਰ ਸਹੋਤਾ, ਅਮਰਿੰਦਰ ਸਿੰਘ ਨਾਭਾ, ਕੁਲਦੀਪ ਘੱਗਾ, ਨਾਥ ਸਿੰਘ ਬੁਜਰਕ, ਹਰਦੇਵ ਸਿੰਘ, ਗੁਰਮੇਲ ਘਨੌਰ, ਅਰਜਨ ਸਿੰਘ ਰਾਜਪੁਰਾ ਆਦਿ ਆਗੂਆਂ ਨੇ ਹਿੱਸਾ ਲਿਆ ਤੇ ਕਿਹਾ ਕਿ ਉਹ ਅੱਜ ਤੋਂ ਹੀ ਇਸ ਸੰਘਰਸ਼ ਦੀ ਤਿਆਰੀ ਲਈ ਜੁਟ ਗਏ ਹਨ ਤੇ ਉਸ ਦਿਨ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰ ਇੱਕ ਝੰਡੇ ਥੱਲੇ ਇਕੱਤਰ ਹੋ ਕੇ ਸਰਕਾਰ ਦੇ ਖਿਲਾਫ ਆਪਣੇ ਰੋਹ ਦਾ ਪ੍ਰਗਟਾਵਾ ਕਰਨਗੇ। ਇਸ ਮੀਟਿੰਗ ਵਿੱਚ ਹੋਰਨਾ ਤੋ ਇਲਾਵਾ ਪਰਗਟ ਸਿੰਘ ਰਾਮਗੜ ਸੁਖਵੀਰ ਸਿੰਘ ਢੀਡਸਾ, ਸੁਨੀਲ ਕੁਮਾਰ ਬਡਲਾਨ, ਤੇਜਿੰਦਰਪਾਲ ਸਿੰਘ, ਅਰੁਨ ਕੁਮਾਰ ਕੋਲੇ ਮਾਜਰਾ, ਭ_ਪਿੰਦਰ ਸਾਧੋਹੇੜੀ, ਜਸਵੀਰ ਕੌਰ ਰਾਣੀ ਕੌਰ ਅਦਿ ਹਾਜਰ ਸਨ।

## ਸਿਹਤ ਮੰਤਰੀ ਨੇ ਲੋਕਾਂ ਦੀ ਸੂਚਨਾ ’ਤੇ ਖੁਦ ਪਿੰਡ ਕਸਿਆਣਾ ਪੁੱਜ ਕੇ ਦਬੋਚਿਆ ਨਸ਼ਾ ਤਸਕਰ

# ਨਸ਼ਾ ਤਸਕਰਾਂ ਦੀ ਖ਼ੈਰ ਨਹੀਂ, ਭਗਵੰਤ ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗੀ ਪੱਧਰ ’ਤੇ ਕਾਰਵਾਈ ਜਾਰੀ : ਡਾ. ਬਲਬੀਰ ਸਿੰਘ

**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸ਼ਾਮ ਆਪਣੇ ਹਲਕੇ ਪਟਿਆਲਾ ਦਿਹਾਤੀ ਦੇ ਪਿੰਡ ਕਸਿਆਣਾ ਵਿਖੇ ਪਿੰਡ ਵਾਸੀਆਂ ਵੱਲੋਂ ਮਿਲੀ ਸੂਚਨਾ ਦੇ ਆਧਾਰ ’ਤੇ ਖੁਦ ਮੌਕੇ ’ਤੇ ਪਹੁੰਚ ਕੇ ਇੱਕ ਕਥਿਤ ਨਸ਼ਾ ਤਸਕਰ ਨੂੰ ਨਸ਼ਾ ਸਪਲਾਈ ਕਰਦਿਆਂ ਕਾਬੂ ਕਰਵਾਇਆ ਅਤੇ ਪੁਲਿਸ ਦੇ ਹਵਾਲੇ ਕੀਤਾ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਸੂਚਨਾ ਦਿੱਤੀ ਗਈ ਸੀ ਕਿ ਪਿੰਡ ਵਿੱਚ ਇੱਕ ਵਿਅਕਤੀ ਵੱਲੋਂ ਨਸ਼ੇ ਦੀ ਸਪਲਾਈ ਕੀਤੀ ਜਾ ਰਹੀ ਹੈ। ਸੂਚਨਾ ਮਿਲਦਿਆਂ ਹੀ ਉਨ੍ਹਾਂ ਨੇ ਆਪਣੇ ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਪਿੰਡ ਭੇਜਿਆ ਅਤੇ ਖੁਦ ਵੀ ਮੌਕੇ ’ਤੇ ਪਹੁੰਚੇ। ਉਨ੍ਹਾਂ ਪੁਲਿਸ ਨੂੰ ਸਖ਼ਤ ਹਦਾਇਤ ਕੀਤੀ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਕੋਈ ਨਰਮੀ ਨਾ ਵਰਤੀ ਜਾਵੇ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਨਾਲ-ਨਾਲ ਨਸ਼ੇ ਦੀ ਲਤ ਦਾ ਸ਼ਿਕਾਰ ਲੋਕਾਂ ਨੂੰ ਇਲਾਜ ਅਤੇ ਮੁੜ ਵਸੇਬੇ ਦੇ ਮੌਕੇ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ਾ ਕਰਨ ਵਾਲਾ ਵਿਅਕਤੀ ਸੱਚਾਈ ਸਾਹਮਣੇ ਲਿਆਉਣ ਅਤੇ ਨਸ਼ਾ ਛੱਡਣ ਲਈ ਤਿਆਰ ਹੈ ਤਾਂ ਸਰਕਾਰ ਉਸ ਦਾ ਇਲਾਜ ਕਰਵਾਉਣ ਅਤੇ ਉਸ ਨੂੰ ਹੁਨਰਮੰਦ ਬਣਾ ਕੇ ਰੋਜ਼ਗਾਰ ਨਾਲ ਜੋੜਨ ਲਈ ਹਰ ਸੰਭਵ ਸਹਾਇਤਾ ਕਰੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਸਪੱਸ਼ਟ ਸੁਨੇਹਾ ਹੈ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ’ਤੇ ਬਖ਼ਸ਼ਿਆ ਨਹੀਂ ਜਾਵੇਗਾ, ਜਦਕਿ ਨਸ਼ੇ ਦੀ ਲਤ ਤੋਂ ਪੀੜਤ ਵਿਅਕਤੀਆਂ ਨੂੰ ਇਲਾਜ, ਕਾਊਂਸਲਿੰਗ ਅਤੇ ਮੁੜ ਵਸੇਬੇ ਰਾਹੀਂ ਮੁੱਖ ਧਾਰਾ ਵਿੱਚ ਲਿਆਂਦਾ ਜਾਵੇਗਾ।

ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰੀ ਜਾਂ ਨਸ਼ਿਆਂ ਦੀ ਸਪਲਾਈ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਤੁਰੰਤ ਪੁਲਿਸ ਨਾਲ ਸਾਂਝੀ ਕਰਨ।

ਉਨ੍ਹਾਂ ਪਿੰਡ ਵਾਸੀਆਂ ਵੱਲੋਂ ਦਿਤੀ ਗਈ ਜਾਣਕਾਰੀ ਲਈ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਮੌਕੇ ਡੀ ਐਸ ਪੀ ਜੰਗ ਜੀਤ ਸਿੰਘ ਰੰਧਾਵਾ ਵੀ ਮੌਜੂਦ ਸਨ।

# ਟੀਮ ਹਿਊਮਨ ਸਰਵਿਸ ਸੋਸਾਇਟੀ ਵੱਲੋਂ ਇਨਚਾਰਜ ਡਕਾਲਾ ਚੌਂਕੀ ਰਾਮਕਰਨ ਨੂੰ ਸਨਮਾਨਿਤ

**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਟੀਮ ਹਿਊਮਨ ਸਰਵਿਸ ਸੋਸਾਇਟੀ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਤੇ ਉਨ੍ਹਾਂ ਦੀ ਟੀਮ ਵੱਲੋਂ ਬਹੁਤ ਹੀ ਇਮਾਨਦਾਰ ਸਮਾਜ ਸੇਵੀ ਦੇ ਇਨਚਾਰਜ ਡਕਾਲਾ ਚੌਂਕੀ ਨੂੰ ਸਨਮਾਨ ਚਿੰਨ ਤੇ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਜਤਿੰਦਰ ਸ਼ਰਮਾ ਨੇ ਦੱਸਿਆ ਕਿ ਉਹ ਇੱਕ ਪੁਲਿਸ ਅਧਿਕਾਰੀ ਹੋਣ ਦੇ ਨਾਲ ਇੱਕ ਸਮਾਜ ਸੇਵੀ ਵੀ ਹਨ। ਉਹ ਸਾਡੀ ਟੀਮ ਦਾ ਸਮਾਜ ਸੇਵਾ ਵਿੱਚ ਬਹੁਤ ਸਾਥ ਦਿੰਦੇ ਹਨ। ਉਨ੍ਹਾਂ ਦੇ ਆਉਣ ਨਾਲ ਡਕਾਲਾ ਵਾਸੀ ਬਹੁਤ ਖੁਸ਼ ਹਨ ਉਨ੍ਹਾਂ ਨੇ ਗਲਤ ਅਨਸਰਾਂ ਦੇ ਨੱਥ ਪਾਈ ਹੈ। ਉਹ ਕਈ ਥਾਣਿਆਂ ਵਿੱਚ ਇੰਨਚਾਰਜ ਰਹਿ ਚੁੱਕੇ ਹਨ। ਇਨ੍ਹਾਂ ਵਰਗੇ ਵਧੀਆ ਤੇ ਚੰਗੇ ਕੰਮ ਕਰਨ ਵਾਲੇ ਅਫਸਰ ਪੂਰੇ ਪੰਜਾਬ ਵਿੱਚ ਲਗਣੇ ਚਾਹੀਦੇ ਹਨ। ਉਨ੍ਹਾਂ ਦੇ ਚੰਗੇ ਕੰਮਾਂ ਨੂੰ ਦੇਖਦੇ ਹੋਏ ਸਾਡੀ ਟੀਮ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ। ਅਸੀਂ ਦੁਆ ਕਰਦੇ ਹਾਂ ਕਿ ਅੱਗੇ ਹੋਨਹਾਰ ਅਫਸਰਾਂ ਨੂੰ ਵੱਧ ਤੋਂ ਵੱਧ ਤਰੱਕੀ ਦੇ ਕੇ ਸਰਕਾਰ ਨੂੰ ਮਾਨ ਬਖਸ਼ਣਾ ਚਾਹੀਦਾ ਹੈ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ (ਐਸ.ਸੀ. ਸੈਲ ਚੇਅਰਮੈਨ ਕਰਮਜੀਤ ਲਚਕਾਣੀ) ਚੇਅਰਮੈਨ ਰਤਨ ਮੱਟੂ,ਰਾਮ ਚੰਦਰ ਟਾਂਕ, ਰਾਜੇਸ਼ਵਰ, ਕੁਲਦੀਪ ਚੀਮਾ, ਜਸਪਾਲ ਸਿੰਘ, ਅਮਰੀਕ ਸਿੰਘ, ਨਿਹੰਗ ਸਿੰਘ, ਬਿੱਟੂ ਟੀਮ ਮੈਂਬਰ ਤੇ ਪਤਵੰਤੇ ਸੱਜਣ ਮੌਜੂਦ ਰਹੇ।

# ਨਹੀਂ ਰੁਕ ਰਿਹਾ ਮਾਛੀਵਾੜਾ ਇਲਾਕੇ ਵਿੱਚ ਚੋਰੀਆਂ ਹੋਣ ਦਾ ਸਿਲਸਿਲਾ



**ਮਾਛੀਵਾੜਾ ਸਾਹਿਬ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇੜੀ ਕਿਸਮ ਦੇ ਵਿਅਕਤੀਆਂ ਵੱਲੋਂ ਮਾਛੀਵਾੜਾ ਇਲਾਕੇ ਵਿੱਚ ਲਗਾਤਾਰ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਜਿਸ ਨਾਲ ਕਿਸਾਨਾਂ ਅਤੇ ਆਮ ਲੋਕਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ।

ਹੈਡੋ ਵਾਸੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਕੁਟਾਲਾ ਤੋਂ ਛੌੜੀਆਂ ਰੋਡ ਉੱਤੇ ਖੇਤਾਂ ਵਿੱਚੋਂ ਬੀਤੀ 9 ਤਰੀਕ ਨੂੰ ਦੋ ਮੋਟਰਾਂ ਚੋਰੀ ਹੋ ਗਈਆਂ ਸਨ ,ਜਿਸਦੀ ਰਿਪੋਰਟ ਥਾਣੇ ਦਰਜ ਕਰਵਾ ਦਿੱਤੀ ਗਈ ਸੀ, ਅਤੇ ਰਾਤ ਵੀ ਉਸਦੇ ਖੇਤ ਵਿੱਚ ਬਚੀ ਇੱਕ ਮੋਟਰ ਨੂੰ ਚੋਰਾਂ ਨੇ ਆਪਣਾ ਨਿਸ਼ਾਨਾ ਬਣਾਉਂਦਿਆਂ ਚੋਰੀ ਕਰ ਲਿਆ ,ਜਿਸ ਨਾਲ ਉਸਦਾ ਹਜ਼ਾਰਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਕਿਸਾਨ ਨੇ ਭਰੇ ਮਨ ਨਾਲ ਕਿਹਾ ਕਿ ਕਦੇ ਸਾਡੀਆਂ ਫਸਲਾਂ ਨੂੰ ਮੌਸਮੀ ਬਿਮਾਰੀਆਂ ਲੈ ਬੈਠਦੀਆਂ ਹਨ ਕਦੇ ਹੜਾਂ ਨਾਲ ਉਹਨਾਂ ਦਾ ਲੱਖਾਂ ਦਾ ਨੁਕਸਾਨ ਹੋ ਜਾਂਦਾ ਹੈ ਜਿਸ ਨੂੰ ਕੁਦਰਤ ਦੀ ਕਰੋਪੀ ਮਨ ਮੰਨ ਕੇ ਆਪਣੇ ਮਨ ਨੂੰ ਸ਼ਾਂਤ ਕਰ ਲਿਆ ਜਾਂਦਾ ਪਰ ਇਹ ਨਸ਼ੇੜੀ ਕਿਸਮ ਦੇ ਵਿਅਕਤੀਆਂ ਵੱਲੋਂ ਆਏ ਦਿਨ ਕਦੇ ਤਾਰਾ ਚੋਰੀ ਕਰ ਲਈਆਂ ਜਾਂਦੀਆਂ ਹਨ, ਕਦੇ ਮੋਟਰਾਂ ਖੋਲ੍ਹ ਕੇ ਲੈ ਜਾਂਦੇ ਹਨ, ਕਦੇ ਟ੍ਰਾਂਸਫਾਰਮਾਂ ਦਾ ਤੇਲ ਕੱਢ ਕੇ ਲੈ ਜਾਂਦੇ ਹਨ, ਜਿਸ ਨਾਲ ਉਹਨਾਂ ਨੂੰ ਹੋਰ ਜਿਆਦਾ ਨੁਕਸਾਨ ਝੱਲਣਾ ਪੈਂਦਾ ਹੈ। ਇਸੇ ਤਰ੍ਹਾਂ ਬੀਤੀ ਰਾਤ ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਸਹਿਬਾਜ਼ਪੁਰ ਵਿਖੇ ਗੁਰਚਰਨ ਸਿੰਘ ਦੇ ਘਰ ਚੋਰਾਂ ਵੱਲੋਂ ਚੋਰੀ ਦੀ ਵਾਰਦਾਤ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਪਰਿਵਾਰ ਦੇ ਦੱਸਣ ਮੁਤਾਬਿਕ ਗੁਰਚਰਨ ਸਿੰਘ ਰਾਤ ਦੀ ਡਿਊਟੀ ਫੈਕਟਰੀ ਕਰਦਾ ਹੈ ਜੋ ਆਪਣੀ ਡਿਊਟੀ ਗਿਆ ਹੋਇਆ ਸੀ ,ਜਦ ਕਿ ਘਰ ਵਿੱਚ ਉਸਦੀ ਪਤਨੀ ਅਤੇ ਬੇਟੀ ਆਪਣੇ ਬੱਚਿਆਂ ਸਮੇਤ ਇੱਕ ਕਮਰੇ ਵਿੱਚ ਏ.ਸੀ. ਲਗਾ ਕੇ ਸੁੱਤੇ ਪਏ ਸਨ, ਕਿ ਕਰੀਬ 2 ਵਜੇ ਚੋਰਾਂ ਨੇ ਸਟੋਰ ਰੂਮ ਨੂੰ ਆਪਣਾ ਨਿਸ਼ਾਨਾ ਬਣਾ ਕੇ ਉਸ ਵਿੱਚ ਰੱਖੀ ਅਲਮਾਰੀ ਦਾ ਲਾਕਰ ਤੋੜ ਕੇ ਉਸ ਵਿੱਚੋਂ ਕਰੀਬ ਛੇ ਤੋਲੇ ਤੋਂ ਵੱਧ ਸੋਨਾ , ਕੁਝ ਚਾਂਦੀ ਦੇ ਗਹਿਣੇ,ਨਗਦੀ ਚੋਰੀ ਕਰਕੇ ਲੈ ਗਏ। ਪਰਿਵਾਰ ਵੱਲੋਂ ਤੁਰੰਤ ਪੁਲਿਸ ਨੂੰ ਸੂਚਿਤ ਕਰਕੇ ਰਿਪੋਰਟ ਦਰਜ ਕਰਵਾ ਦਿੱਤੀ ਗਈ ਹੈ। ਚੋਰੀ ਦਾ ਸ਼ਿਕਾਰ ਹੋਏ ਪਰਿਵਾਰਾਂ ਵੱਲੋਂ ਪ੍ਰਸ਼ਾਸਨ ਨੂੰ ਪੁਰਜ਼ੋਰ ਅਪੀਲ ਹੈ ਕਿ ਚੋਰਾਂ ਨੂੰ ਫੜ ਉਹਨਾਂ ਦੇ ਸਮਾਨ ਦੀ ਬਰਾਮਦਗੀ ਕਰਵਾਈ ਜਾਵੇ।ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਮੈਡਮ ਲਖਵੀਰ ਕੌਰ ਵੱਲੋਂ ਐਮਐਲਏ ਜੀਵਨ ਸਿੰਘ ਸੰਗੋਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਬਜ਼ੁਰਗਾਂ ਨੇ ਯੋਜਨਾ ਨੂੰ ਦੱਸਿਆ ਲਾਹੇਵੰਦ



**ਲੁਧਿਆਣਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਪਿੰਡ ਮਾਣਕਵਾਲ ਤੋਂ ਇੱਕ ਬੱਸ ਧਾਰਮਿਕ ਯਾਤਰਾ ਲਈ ਰਵਾਨਾ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਬਜ਼ੁਰਗ ਮਹਿਲਾਵਾਂ ਅਤੇ ਪੁਰਸ਼ਾਂ ਨੇ ਭਾਗ ਲਿਆ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਮੈਂਬਰ ਮੈਡਮ ਲਖਵੀਰ ਕੌਰ ਨੇ ਹਲਕਾ ਗਿੱਲ ਦੇ ਐਮਐਲਏ ਸ. ਜੀਵਨ ਸਿੰਘ ਸੰਗੋਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਇਸ ਯੋਜਨਾ ਨੂੰ ਸ਼ੁਰੂ ਕਰਨ ਲਈ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।

ਮੈਡਮ ਲਖਵੀਰ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਪੰਜਾਬ ਵਾਸੀਆਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੋ ਰਹੀ ਹੈ ਅਤੇ ਲੋਕਾਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਪੰਜਾਬ ਭਰ ਦੇ ਲੋਕ ਭਰਪੂਰ ਲਾਭ ਲੈ ਰਹੇ ਹਨ।

ਇਸ ਮੌਕੇ ਯਾਤਰਾ ਵਿੱਚ ਸ਼ਾਮਲ ਲੋਕਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਕਾਰ ਵੱਲੋਂ ਚਲਾਈ ਜਾ ਰਹੀ ਯੋਜਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਉਹ ਮੁੜ ਸ. ਭਗਵੰਤ ਸਿੰਘ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ।

ਪਿੰਡ ਮਾਣਕਵਾਲ ਦੇ ਸਰਪੰਚ ਮਨਪ੍ਰੀਤ ਸਿੰਘ ਮੰਨੂ ਨੇ ਦੱਸਿਆ ਕਿ ਵੱਖ-ਵੱਖ ਪਿੰਡਾਂ ਦੇ ਲੋਕ ਇਸ ਯੋਜਨਾ ਦਾ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਲੋਕ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰ ਰਹੇ ਹਨ। ਉਨ੍ਹਾਂ ਇਸ ਪਹਿਲਕਦਮੀ ਦਾ ਸਿਹਰਾ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨੂੰ ਦਿੱਤਾ।

ਇਸ ਮੌਕੇ ਸਰਪੰਚ ਮਨਪ੍ਰੀਤ ਸਿੰਘ, ਜ਼ਿਲ੍ਹਾ ਪਰਿਸ਼ਦ ਮੈਂਬਰ ਲਖਵੀਰ ਕੌਰ, ਯੂਥ ਬਲਾਕ ਪ੍ਰਧਾਨ ਦਲਜੀਤ ਸਿੰਘ, ਗੁਰੀ ਮਾਣਕਵਾਲ ਪੰਚ, ਗੁਰਮੀਤ ਸਿੰਘ ਪੰਚ, ਜਸਵੀਰ ਕਲਸੀ, ਦਿਆਲ ਸਿੰਘ, ਸਤਬੀਰ ਸਿੰਘ, ਬੀਬੀ ਕਰਮਜੀਤ ਕੌਰ ਪੰਚ, ਪੂਜਾ ਰਾਣੀ ਪੰਚ, ਅਮਰਜੀਤ ਸਿੰਘ ਬਿੱਲੂ, ਸੁਰਜੀਤ ਸਿੰਘ ਜੀਤਾ, ਆਸ਼ੀਸ਼ ਸਿੰਘ, ਜਸਵੀਰ ਸਿੰਘ ਅਤੇ ਅਮਨਜੋਤ ਕੌਰ ਸਮੇਤ ਹੋਰ ਪਤਵੰਤੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

# ਕਥਿਹੁ ਅਕਥ ਕਹਾਣੀ ਪੁਸਤਕ ਲੁਧਿਆਣਾ ਵਿੱਚ ਸੰਗਤ ਅਰਪਣ



**ਲੁਧਿਆਣਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਕੈਲੀਫੋਰਨੀਆ ਵਾਸੀ ਪ੍ਰੋ. ਗੁਰਬਖ਼ਸ਼ ਕੌਰ ਕਾਹਲੋਂ ਰਚਿਤ ਪੁਸਤਕ ਕਥਿਹੁ ਅਕਥ ਕਹਾਣੀ ਲੁਧਿਆਣਾ ਵਿੱਚ ਸੰਗਤ ਅਰਪਣ ਕੀਤੀ ਗਈ।

ਇਸ ਮੌਕੇ ਸ. ਖੁੱਡੀਆਂ ਨੇ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਸਾਏ ਪਰਮਾਤਮਾ ਦੇ ਸਰੂਪ ਅਤੇ ਗੁਰਮਤਿ ਵਿਚਾਰਧਾਰਾ ਨੂੰ ਸਰਲ ਭਾਸ਼ਾ ਵਿੱਚ ਪੇਸ਼ ਕਰਨਾ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਗੁਰਮਤਿ ਮਾਰਗ ਨੂੰ ਸਮਝਣ ਲਈ ਪਾਠਕਾਂ ਦੀ ਮਦਦ ਕਰੇਗੀ ਅਤੇ ਪੰਜਾਬੀਆਂ ਲਈ ਰਾਹ-ਦਰਸਾਵਾ ਸਾਬਤ ਹੋਵੇਗੀ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਗੁਰਮਤਿ ਮਾਰਗ ਦੀ ਸਹਿਜ ਅਤੇ ਸਪਸ਼ਟ ਵਿਆਖਿਆ ਵਾਲੀ ਇਹ ਪੁਸਤਕ ਸੰਗਤ ਲਈ ਲਾਭਦਾਇਕ ਹੈ। ਇਸ ਮੌਕੇ ਸਿਡਨੀ ਤੋਂ ਆਏ ਸ. ਪ੍ਰਭਜੋਤ ਸਿੰਘ ਸੰਧੂ ਨੇ ਪੰਜਾਬ ਦੇ ਖੇਤੀ ਅਰਥਚਾਰੇ ਦੇ ਵਿਕਾਸ ਸਬੰਧੀ ਸ. ਖੁੱਡੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸ. ਸੰਧੂ ਨੂੰ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਰਬੱਤ ਦਾ ਭਲਾ ਟਰੱਸਟ ਦੇ ਸ. ਜਸਵੰਤ ਸਿੰਘ ਛਾਪਾ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਰੱਖੜਾ ਦੀ ਅਗਵਾਈ ’ਚ ਹਲਕਾ ਸਮਾਣਾ ਤੋਂ ਵੱਖ-ਵੱਖ ਪਿੰਡਾਂ ਤੋਂ ਸ਼ਰਧਾਲੂਆਂ ਦੀਆਂ ਬੱਸਾਂ ਰਵਾਨਾ



**ਸਮਾਣਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕੈਬਨਿਟ ਮੰਤਰੀ ਅਤੇ ‘ਆਪ’ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਵੱਲੋਂ ਹਲਕਾ ਸਮਾਣਾ ਦੇ ਪਿੰਡ ਫਤਿਹ ਮਾਜਰੀ, ਖੁਦਾਦਪੁਰ ਅਤੇ ਗਾਜੀਪੁਰ ਤੋਂ ‘ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ’ ਤਹਿਤ ਸ਼ਰਧਾਲੂਆਂ ਦੀਆਂ ਬੱਸਾਂ ਨੂੰ ਅਰਦਾਸ ਉਪਰੰਤ ਹਰੀ ਝੰਡੀ ਦੇ ਕੇ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ।

ਇਸ ਮੌਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਹ ਯੋਜਨਾ ਉਨ੍ਹਾਂ ਸ਼ਰਧਾਲੂਆਂ ਲਈ ਵਿਸ਼ੇਸ਼ ਸਹੂਲਤ ਹੈ, ਜੋ ਆਪਣੀ ਆਸਥਾ ਨਾਲ ਜੁੜੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ। ਸਰਕਾਰ ਵੱਲੋਂ ਯਾਤਰਾ ਦੌਰਾਨ ਸ਼ਰਧਾਲੂਆਂ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਂਦੇ ਹਨ, ਜਿਸ ਨਾਲ ਉਹ ਸੁਖਦ ਅਤੇ ਸਨਮਾਨਪੂਰਵਕ ਢੰਗ ਨਾਲ ਆਪਣੀ ਯਾਤਰਾ ਪੂਰੀ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨ ਸਾਡੀ ਅਮੀਰ ਵਿਰਾਸਤ, ਆਸਥਾ ਅਤੇ ਸੱਭਿਆਚਾਰ ਨਾਲ ਡੂੰਘੇ ਤੌਰ ’ਤੇ ਜੁੜੇ ਹੋਏ ਹਨ।

ਅਜਿਹੇ ਉਪਰਾਲੇ ਲੋਕਾਂ ਨੂੰ ਆਪਣੀ ਧਾਰਮਿਕ ਵਿਰਾਸਤ ਨਾਲ ਜੁੜਨ ਦਾ ਮੌਕਾ ਦੇਣ ਦੇ ਨਾਲ-ਨਾਲ ਆਪਸੀ ਭਾਈਚਾਰਕ ਸਾਂਝ ਨੂੰ ਵੀ ਮਜ਼ਬੂਤ ਕਰਦੇ ਹਨ।

ਸ. ਰੱਖੜਾ ਨੇ ਕਿਹਾ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਸਹੂਲਤਾਂ ਮੁਹੱਈਆ ਕਰਵਾਉਣਾ ਲੋਕ ਭਲਾਈ ਦੀ ਭਾਵਨਾ ਦਾ ਅਹਿਮ ਹਿੱਸਾ ਹੈ। ਉਨ੍ਹਾਂ ਸਮੂਹ ਸ਼ਰਧਾਲੂਆਂ ਨੂੰ ਯਾਤਰਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਸੁਖਦ, ਸੁਰੱਖਿਅਤ ਅਤੇ ਆਤਮਿਕ ਤੌਰ ’ਤੇ ਯਾਦਗਾਰ ਯਾਤਰਾ ਦੀ ਕਾਮਨਾ ਕੀਤੀ।

ਇਸ ਮੌਕੇ ਸਾਬਕਾ ਚੇਅਰਮੈਨ ਹਰਿੰਦਰ ਸਿੰਘ ਕੁਲਬੁਰਛਾਂ, ਸੁਖਵਿੰਦਰ ਸਿੰਘ ਰਾਜਲਾ, ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ, ਕੌਂਸਲਰ ਜਤਿੰਦਰ ਢੀਂਗੜਾ, ਸਰਪੰਚ ਲਾਡੀ ਮਿਆਲਾਂ, ਪ੍ਰਧਾਨ ਗੁਰਦੀਪ ਸਿੰਘ, ਸਾਬਕਾ ਸਰਪੰਚ ਭੋਲਾ ਗਾਜ਼ੀਪੁਰ, ਜੋਗਿੰਦਰ ਸਿੰਘ ਲਲੋਛੀ, ਸਾਬਕਾ ਕੌਂਸਲਰ ਅਮਰਜੀਤ ਗੁਰਾਇਆ ਅਤੇ ‘ਆਪ’ ਦੇ ਵਰਕਰ ਤੇ ਪਿੰਡ ਵਾਸੀ ਮੌਜੂਦ ਸਨ।

# ਸ਼ੰਭੂ ਖੁਰਦ, ਸਰਾਏ ਮੁਗਲ ਅਤੇ ਨੌਸ਼ੈਰਾ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ

**ਰਾਜਪੁਰਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਸ਼ੰਭੂ ਦੇ ਪਿੰਡ ਸ਼ੰਭੂ ਖੁਰਦ, ਸਰਾਏ ਮੁਘਲ ਅਤੇ ਨੌਸ਼ੈਰਾ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।

ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜੀ.ਟੀ.ਬੀ. ਸਕੂਲ ਬਰੜ੍ਹਵਾਲ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਬੈਡਮਿੰਟਨ ਮੁਕਾਬਲਿਆਂ ’ਚ ਗੱਡੇ ਝੰਡੇ; ਸਟੇਟ ਲਈ ਹੋਈ ਚੋਣ



**ਧੂਰੀ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲਿਸ ਲਾਈਨਜ਼ ਸੰਗਰੂਰ ਵਿਖੇ ਆਯੋਜਿਤ ਕੀਤੀਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਦੌਰਾਨ ਗੁਰੂ ਤੇਗ ਬਹਾਦਰ (ਜੀ.ਟੀ.ਬੀ.) ਪਬਲਿਕ ਸਕੂਲ ਬਰੜ੍ਹਵਾਲ ਦੇ ਵਿਦਿਆਰਥੀਆਂ ਨੇ ਬੈਡਮਿੰਟਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਸਕੂਲ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ।

ਖੇਡਾਂ ਦੇ ਅੰਡਰ-14 ਲੜਕੀਆਂ ਦੇ ਬੈਡਮਿੰਟਨ ਮੁਕਾਬਲਿਆਂ ਵਿੱਚ ਸਕੂਲ ਦੀ ਹੋਣਹਾਰ ਵਿਦਿਆਰਥਣ ਮਨਸੀਰਤ ਕੌਰ (ਪੁੱਤਰੀ ਰੁਪਿੰਦਰ ਸਿੰਘ) ਅਤੇ ਚਾਰੂਲ (ਪੁੱਤਰੀ ਅਮਰਜੀਤ) ਨੇ ਆਪਣੀ ਖੇਡ ਦਾ ਬਹਿਤਰੀਨ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਗਮਾ (ਸਿਲਵਰ ਮੈਡਲ) ਪ੍ਰਾਪਤ ਕੀਤਾ, ਜਦਕਿ ਦੂਜੇ ਪਾਸੇ, ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਆਪਣਾ ਦਬਦਬਾ ਕਾਇਮ ਰੱਖਦਿਆਂ ਉਪਰਾਜ ਜੁਝਾਰ ਸਿੰਘ (ਪੁੱਤਰ ਸ਼੍ਰੀ ਰੁਪਿੰਦਰ ਸਿੰਘ) ਅਤੇ ਸਮਰਾਟਦੀਪ ਸਿੰਘ (ਪੁੱਤਰ ਸ਼੍ਰੀ ਗਗਨਦੀਪ ਸਿੰਘ ਰਾਜਪੂਤ) ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦੇ ਹੋਏ ਸੋਨੇ ਦਾ ਤਗਮਾ ਆਪਣੇ ਨਾਂ ਕੀਤਾ। ਇਸ ਬਹਿਤਰੀਨ ਜਿੱਤ ਦੀ ਬਦੌਲਤ ਇਹਨਾਂ ਚਾਰੇ ਖਿਡਾਰੀਆਂ ਨੇ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਆਪਣੀ ਥਾਂ ਪੱਕੀ ਕਰ ਲਈ ਹੈ। ਇਹਨਾਂ ਜੇਤੂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ (ਪੀ.ਸੀ.ਐੱਸ.) , ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ ਅਤੇ ਬੈਡਮਿੰਟਨ ਕੋਚ ਸ੍ਰੀ ਪਰਮਿੰਦਰ ਸਿੰਘ ਵਿੱਕੀ ਉਚੇਚੇ ਤੌਰ ’ਤੇ ਹੋਣਹਾਰ ਖਿਡਾਰੀਆਂ ਨੂੰ ਸਨਮਾਨਿਤ ਕਰਦਿਆਂ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਸਟੇਟ ਤੇ ਨੈਸ਼ਨਲ ਪੱਧਰ ’ਤੇ ਹੋਰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

ਫੋਟੋ ਕੈਪਸ਼ਨ: ਖਿਡਾਰੀਆ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ (ਪੀ.ਸੀ.ਐੱਸ.) ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ।

# ਆਨਲਾਈਨ ਪੈਸੇ ਟ੍ਰਾਂਸਫਰ ਕਰਨ ਤੋਂ ਪਹਿਲਾਂ

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਈਕੋਸਿਸਟਮ ’ਚ ਤਬਦੀਲੀ ਆਈ ਹੈ। 2016 ਤੋਂ ਬਾਅਦ ਡਿਜੀਟਲ ਟ੍ਰਾਂਜੈਕਸ਼ਨ ਦੀ ਸੰਖਿਆ ’ਚ ਵਾਧਾ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਲੋਕਾਂ ਕੋਲ ਨਕਦੀ ਦੀ ਮੁਸ਼ਕਲ ਨੂੰ ਦੇਖਦੇ ਹੋਏ ਐੱਨਈਐੱਫਟੀ, ਆਰਟੀਜੀਐੱਸ, ਈ-ਵਾਲੇਟ ਅਤੇ ਯੂਪੀਆਈ ਗਾਹਕਾਂ ਦੀ ਮਦਦ ਕਰਨ ਵਾਲੇ ਸਾਧਨਾਂ ਦੇ ਤੌਰ ’ਤੇ ਤੇਜ਼ੀ ਨਾਲ ਉੱਭਰੇ ਹਨ। ਹਾਲਾਂਕਿ ਇਨ੍ਹਾਂ ਸਾਰੇ ਸਾਧਨਾਂ ਵਿਚਕਾਰ ਗਾਹਕ ਹੁਣ ਇਸ ਪਰੇਸ਼ਾਨੀ ’ਚ ਹਨ ਕਿ ਇਸ ’ਚ ਕਿਸ ਸਾਧਨ ਨੂੰ ਚੁਣਨਾ ਬਿਹਤਰ ਹੋਵੇਗਾ।

## ਕੀ ਹੁੰਦਾ ਹੈ ਐੱਨਈਐੱਫਟੀ

ਰਾਸ਼ਟਰੀ ਇਲੈੱਕਟ੍ਰਾਨਿਕ ਫੰਡ ਟ੍ਰਾਂਸਫਰ (ਐੱਨਈਐੱਫਟੀ) ਇਕ ਬੈਂਕ ਖ਼ਾਤੇ ਤੋਂ ਦੂਜੇ ’ਚ ਫੰਡ ਟ੍ਰਾਂਸਫਰ ਕਰਨ ਦਾ ਸਭ ਤੋਂ ਆਮ ਤਰੀਕਾ ਹੈ। ਇਸ ’ਚ ਟ੍ਰਾਂਸਫਰ ਕੀਤੇ ਜਾਣ ਵਾਲੀ ਫੰਡ ਰਾਸ਼ੀ ’ਤੇ ਕੋਈ ਵੀ ਲਿਮਿਟ ਲਾਗੂ ਨਹੀਂ ਹੈ। ਇਸ ਦੀ ਪ੍ਰਕਿਰਿਆ ਵੀ ਆਸਾਨ ਹੁੰਦੀ ਹੈ। ਐੱਨਈਐੱਫਟੀ ਟ੍ਰਾਂਸਫਰ ’ਤੇ ਸ਼ੁਲਕ ਲਿਆ ਜਾਂਦਾ ਹੈ, ਜੋ ਕਿ ਕਰ ਦੇ ਨਾਲ-ਨਾਲ 2.50 ਰੁਪਏ ਤੋਂ ਲੈ ਕੇ 25 ਰੁਪਏ ਤਕ ਹੋ ਸਕਦਾ ਹੈ। ਇਕ ਵਾਰ ’ਚ ਐੱਨਈਐੱਫਟੀ ਜ਼ਰੀਏ ਜ਼ਿਆਦਾਤਰ 10 ਲੱਖ ਰੁਪਏ ਤਕ ਭੇਜੇ ਜਾ ਸਕਦੇ ਹਨ।

## ਕੀ ਹੈ ਆਰਟੀਜੀਐੱਸ

ਰੀਅਲ ਟਾਈਮ ਗ੍ਰਾਸ ਸੈਟਲਮੈਂਟ (ਆਰਟੀਜੀਐੱਸ) ਬੈਂਕਾਂ ’ਚ ਫੰਡ ਟ੍ਰਾਂਸਫਰ ਦਾ ਇਕ ਤਰੀਕਾ ਹੈ, ਜੋ ਵਿਅਕਤੀਗਤ ਖ਼ਾਤਾ ਧਾਰਕਾਂ ਜਾਂ ਸਮੂਹਾਂ ’ਚ ਗਾਹਕਾਂ ਨੂੰ ਕੀਤਾ ਜਾਂਦਾ ਹੈ। ਇਸ ਤਹਿਤ ਜਦੋਂ ਫੰਡ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਅੱਗੇ ਭੁਗਤਾਨ ਜਾਂ ਗਾਹਕ ਦੇ ਨਿਰਦੇਸ਼ ਅਨੁਸਾਰ ਹੋਰ ਉਪਯੋਗ ਲਈ ਵਧਾ ਦਿੱਤਾ ਜਾਂਦਾ ਹੈ।

ਐੱਨਈਐੱਫਟੀ ਤਹਿਤ ਫੰਡ ਟ੍ਰਾਂਸਫਰ ਇਕ ਨਿਰਧਾਰਿਤ ਸਮੇਂ ’ਤੇ ਹੀ ਹੁੰਦਾ ਹੈ। ਹਰ ਇਕ ਘੰਟੇ ’ਚ ਇਸ ਤਹਿਤ ਫੰਡ ਟ੍ਰਾਂਸਫਰ ਹੁੰਦੇ ਹਨ, ਜਦਕਿ ਆਰਟੀਜੀਐੱਸ ਫੰਡ ਨੂੰ ਤਤਕਾਲ ਟ੍ਰਾਂਸਫਰ ਕਰਨ ਲਈ ਪ੍ਰਕਿਰਿਆ ’ਚ ਲਗਾ ਦਿੱਤਾ ਜਾਂਦਾ ਹੈ।

ਇਸ ਤਹਿਤ ਭੇਜਿਆ ਜਾਣ ਵਾਲੀ ਘੱਟ ਤੋਂ ਘੱਟ ਰਕਮ 2 ਲੱਖ ਰੁਪਏ ਹੁੰਦੀ ਹੈ। ਬਾਕੀ ਜ਼ਿਆਦਾਤਰ ’ਚ ਇਸ ’ਤੇ ਕੋਈ ਸੀਮਾ ਨਹੀਂ ਹੈ। ਆਰਟੀਜੀਐੱਸ ’ਚ ਰੀਅਲ ਟਾਇਮ ਬੇਸ ’ਤੇ ਪੈਸਾ ਟ੍ਰਾਂਸਫਰ ਕੀਤਾ ਜਾ ਸਕਦਾ ਹੈ ਇਸ ਲਈ ਇਸ ’ਚ ਸ਼ੁਲਕ ਵੀ ਜ਼ਿਆਦਾ ਲਿਆ ਜਾਂਦਾ ਹੈ।

## ਕੀ ਹੈ ਯੂਪੀਆਈ

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਸਰਵਿਸ ਅਪ੍ਰੈਲ 2016 ’ਚ ਸ਼ੁਰੂ ਕੀਤੀ ਗਈ ਸੀ। ਯੂਪੀਆਈ ਯੂਜ਼ਰ ਦੇ ਬੈਂਕ ਖਾਤੇ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਜਦੋਂ ਵੀ ਤੁਹਾਨੂੰ ਕੋਈ ਟ੍ਰਾਂਜੈਕਸ਼ਨ ਕਰਨੀ ਹੋਵੇ ਤਾਂ ਹਰ ਵਾਰ ਜਾਣਕਾਰੀਆਂ ਨਹੀਂ ਦੇਣੀਆਂ ਪੈਣਗੀਆਂ। ਜਿਵੇਂ ਹੀ ਤੁਸੀਂ ਯੂਪੀਆਈ ਲਈ ਰਜਿਸਟਰ ਕਰਦੇ ਹੋ ਤੁਹਾਨੂੰ ਇਕ ਵਰਚੂਅਲ ਆਈਡੀ, ਟੀਪਿਨ ਜਾਂ ਐੱਮਪਿਨ ਮਿਲਦਾ ਹੈ, ਜਿਸ ਨਾਲ ਤੁਸੀਂ ਟ੍ਰਾਂਜੈਕਸ਼ਨ ਕਰ ਸਕਦੇ ਹੋ।

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਜ਼ਰੀਏ ਤੁਸੀਂ ਆਨਲਾਈਨ ਤਰੀਕੇ ਨਾਲ ਪੈਸਾ ਟ੍ਰਾਂਸਫਰ ਕਰ ਸਕਦੇ ਹੋ। ਇਸ ਨਾਲ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਸੀਪੀਆਈ) ਨੇ ਬਣਾਇਆ ਹੈ ਅਤੇ ਉਸ ਦਾ ਦਾਅਵਾ ਹੈ ਕਿ ਯੂਪੀਆਈ ਜ਼ਰੀਏ ਤੁਸੀਂ ਸਿਰਫ਼ ਐੱਸਐੱਮਐੱਸ ਜ਼ਰੀਏ ਵੀ ਰਕਮ ਟ੍ਰਾਂਸਫਰ ਕਰ ਸਕਦੇ ਹੋ।

***ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਇਕੋਸਿਸਟਮ ’ਚ ਤਬਦੀਲੀ ਆਈ ਹੈ। ਡਿਜੀਟਲ ਟ੍ਰਾਂਜੈਕਸ਼ਨ ’ਚ ਪੈਸੇ ਟ੍ਰਾਂਸਫਰ ਕਰਨ ਲਈ ਤੁਹਾਡੇ ਕੋਲ ਕਈ ਸਾਰੇ ਸਾਧਨ ਹੁੰਦੇ ਹਨ। ਜਾਣੋ ਤੁਹਾਡੇ ਲਈ ਕਿਹੜਾ ਸਾਧਨ ਸਹੀ ਹੈ...***




# ਜੇ ਚਾਹੁੰਦੇ ਹੋ ਜ਼ਿਆਦਾ ਵਿਆਜ ਤਾਂ ਅਪਣਾਉ ਡਾਕਘਰ ਦਾ ਰਸਤਾ

*ਭਵਿੱਖ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਧਿਆਨ ’ਚ ਰੱਖਦੇ ਹੋਏ ਲੋਕ ਬਚਤ ਲਈ ਤਰ੍ਹਾਂ-ਤਰ੍ਹਾਂ ਦੇ ਨਿਵੇਸ਼ ਸਾਧਨਾਂ ਦਾ ਇਸਤੇਮਾਲ ਕਰਦੇ ਹਨ। ਹਾਲਾਂਕਿ ਲੋਕ ਆਮਤੌਰ ’ਤੇ ਬੈਂਕ ਦੇ ਸੇਵਿੰਗ ਅਕਾਊਂਟ ਨੂੰ ਹੀ ਸੁਰੱਖਿਅਤ ਅਤੇ ਬਿਹਤਰ ਮੰਨਦੇ ਹਨ...*

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਡਾਕਘਰ ਭਾਵ ਪੋਸਟ ਆਫਿਸ ’ਚ ਵੀ ਅਜਿਹੀਆਂ ਸਕੀਮਾਂ ਚਲਦੀਆਂ ਹਨ ਜੋ ਬੈਂਕ ਦੇ ਸੇਵਿੰਗ ਅਕਾਊਂਟ ਤੋਂ ਵੀ ਜ਼ਿਆਦਾ ਵਿਆਜ ਦਿੰਦੀਆਂ ਹਨ। ਅੱਜ ਅਸੀਂ ਇਨ੍ਹਾਂ ਸਕੀਮਾਂ ਬਾਰੇ ਚਰਚਾ ਕਰਾਂਗੇ।

## ਡਾਕਘਰ ਮਹੀਨਾਵਰ ਬਚਤ ਆਮਦਨ

ਡਾਕਘਰ ਦੀ ਮਹੀਨਾਵਰ ਆਮਦਨ ਖ਼ਾਤਾ ਯੋਜਨਾ ਅਜਿਹੇ ਨਿਵੇਸ਼ਕਾਂ ਲਈ ਹੁੰਦੀ ਹੈ ਜੋ ਰਾਸ਼ੀ ਦਾ ਨਿਵੇਸ਼ ਕਰ ਮਹੀਨਾਵਰ ਆਧਾਰ ’ਤੇ ਵਿਆਜ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਯੋਜਨਾ ਰਿਟਾਇਰਡ ਕਰਮਚਾਰੀਆਂ ਅਤੇ ਬਜ਼ੁਰਗ ਨਾਗਰਿਕਾਂ ਲਈ ਬਹੁਤ ਉਪਯੋਗੀ ਹੈ। ਇਸ ਖ਼ਾਤੇ ’ਚ ਮਚਿਓਰਿਟੀ ਸਮਾਂ ਪੰਜ ਸਾਲ ਹੁੰਦਾ ਹੈ। ਇਸ ’ਚ ਖ਼ਾਤਾ ਧਾਰਕ ਨੂੰ ਜਮ੍ਹਾਂ ’ਤੇ ਹਰ ਮਹੀਨੇ ਵਿਆਜ ਮਿਲਦਾ ਹੈ। ਮੌਜੂਦਾ ਸਮੇਂ ’ਚ ਇਸ ਯੋਜਨਾ ’ਚ 7.50 ਫ਼ੀਸਦੀ ਦੀ ਦਰ ਨਾਲ ਵਿਆਜ ਮਿਲ ਰਿਹਾ ਹੈ। ਇਸ ਨੂੰ ਸਿੰਗਲ ਜਾਂ ਫਿਰ ਜੁਆਂਇਟ ਦੋਵੇਂ ਤਰੀਕਿਆਂ ਨਾਲ ਖੋਲ੍ਹਿਆ ਜਾ ਸਕਦਾ ਹੈ। ਦੋਵਾਂ ’ਚ ਸਮਾਂ ਸੀਮਾ ਵੱਖ-ਵੱਖ ਹੈ ਜਿਵੇਂ ਕਿ ਸਿੰਗਲ ’ਚ ਜ਼ਿਆਦਾਤਰ ਨਿਵੇਸ਼ 4.5 ਲੱਖ ਹੈ ਤਾਂ ਜੁਆਂਇਟ ਖ਼ਾਤੇ ’ਚ ਤੁਸੀਂ 9 ਲੱਖ ਤਕ ਜਮ੍ਹਾਂ ਕਰ ਸਕਦੇ ਹੋ।

## ਪਬਲਿਕ ਪ੍ਰਾਵੀਡੈਂਟ ਫੰਡ

ਪੀਪੀਐੱਫ ਅਕਾਊਂਟ ਤਨਖ਼ਾਹ ਕਰਮਚਾਰੀ ਜਾਂ ਵਪਾਰੀ ਵਰਗ ਦੋਵਾਂ ਲਈ ਹੁੰਦਾ ਹੈ। ਇਸ ’ਚ ਇਕ ਵਿੱਤੀ ਸਾਲ ’ਚ ਜ਼ਿਆਦਾਤਰ ਇਕ ਲੱਖ ਰੁਪਏ ਤਕ ਦੇ ਨਿਵੇਸ਼ ’ਤੇ ਕਰ ਛੋਟ ਦਾ ਲਾਭ ਮਿਲਦਾ ਹੈ। ਇਸ ਨੂੰ ਜਾਂ ਤਾਂ ਸਿੰਗਲ ਜਾਂ ਫਿਰ 12 ਕਿਸ਼ਤਾਂ ’ਚ ਜਮ੍ਹਾਂ ਕੀਤਾ ਜਾ ਸਕਦਾ ਹੈ। ਇਹ ਖ਼ਾਤਾ ਨਾਬਾਲਿਗ ਅਤੇ ਬਾਲਿਗ ਦੋਵਾਂ ਦਾ ਹੋ ਸਕਦਾ ਹੈ। ਇਸ ਦਾ ਮਚਿਓਰਿਟੀ ਪੀਰੀਅਡ 15 ਸਾਲ ਹੈ। ਇਸ ’ਚ ਜਮ੍ਹਾਂ ’ਤੇ 7.9 ਫ਼ੀਸਦੀ ਦਾ ਵਿਆਜ ਮਿਲਦਾ ਹੈ।

### ਰਾਸ਼ਟਰੀ ਬੱਚਤ ਪੱਤਰ

*ਜੇ ਤੁਸੀਂ ਸੁਰੱਖਿਅਤ ਨਿਵੇਸ਼ ਨਾਲ ਬਿਹਤਰ ਰਿਟਰਨ ਵੀ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਦੀ ਚੋਣ ਕਰਨੀ ਚਾਹੀਦੀ ਹੈ। ਇਸ ਯੋਜਨਾ ਨੂੰ ਸਰਕਾਰੀ ਕਰਮਚਾਰੀ, ਬਿਜ਼ਨਸਮੈਨ ਅਤੇ ਕਰ ਅਦਾ ਕਰਨ ਵਾਲੇ ਕਰਮਚਾਰੀਆਂ ਦੀ ਜ਼ਰੂਰਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਾਰੀ ਕੀਤਾ ਗਿਆ ਹੈ। ਇਸ ’ਚ ਨਿਵੇਸ਼ ਦੀ ਕੋਈ ਸੀਮਾ ਨਹੀਂ ਹੁੰਦੀ। ਰਾਸ਼ਟਰੀ ਬੱਚਤ ਪੱਤਰ ਦੋ ਤਰ੍ਹਾਂ ਦੇ ਹੁੰਦੇ ਹਨ - ਪਹਿਲਾ ਟਾਈਪ 1 ( VIII ਇਸ਼ੂ) ਅਤੇ ਦੂਜਾ ਟਾਈਪ 2 (IX ਇਸ਼ੂ) ਇਸ ’ਤੇ ਟੀਡੀਐੱਸ ਨਹੀਂ ਕੱਟਦਾ। ਟਰੱਸਟ ਅਤੇ ਐੱਚਯੂਐੱਫ ਇਸ ’ਚ ਨਿਵੇਸ਼ ਨਹੀਂ ਕਰ ਸਕਦੇ। ਇਸ ’ਚ ਜਮ੍ਹਾਂ ’ਤੇ 7.9 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ।*



### ਪੰਜ ਸਾਲ ਡਾਕਘਰ ਆਵਰਤੀ ਜਮ੍ਹਾਂ ਯੋਜਨਾ

ਇਹ ਵੀ ਨਿਵੇਸ਼ ਦਾ ਇਕ ਬਿਹਤਰ ਸਾਧਨ ਹੈ। ਇਸ ’ਚ ਤੁਹਾਡਾ ਪੈਸਾ ਪੰਜ ਸਾਲ ਲਈ ਜਮ੍ਹਾਂ ਰਹਿੰਦਾ ਹੈ। ਇਸ ਖ਼ਾਤੇ ’ਚ ਜਮ੍ਹਾਂ ’ਤੇ 7.2 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ ਤੇ ਨਾਲ ਹੀ ਇਸ ਬੱਚਤ ਯੋਜਨਾ ’ਚ ਇਸ ਸਾਲ ਤੋਂ ਬਾਅਦ 50 ਫ਼ੀਸਦੀ ਰਕਮ ਕਢਵਾਉਣ ਦੀ ਵਿਵਸਥਾ ਹੈ। ਹਰ ਮਹੀਨੇ ਇਸ ’ਚ 10 ਰੁਪਏ ਦਾ ਨਿਵੇਸ਼ ਜ਼ਰੂਰੀ ਹੈ।

## ਡਾਕਘਰ ਜਮ੍ਹਾਂ ਖ਼ਾਤਾ

ਡਾਕਘਰ ਜਮ੍ਹਾਂ ਖ਼ਾਤਾ ਵੀ ਨਿਵੇਸ਼ ਦਾ ਇਕ ਬਿਹਤਰ ਮਾਧਿਅਮ ਹੈ। ਜਿਸ ’ਚ ਤੁਹਾਨੂੰ 6.8 ਤੋਂ 7.6 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਹ ਵਿਆਜ ਦਰ ਤੁਹਾਨੂੰ ਪੰਜ ਸਾਲ ਖ਼ਾਤੇ ’ਤੇ ਮਿਲਦਾ ਹੈ। ਇਹ ਖ਼ਾਤਾ ਵਿਅਕਤੀਗਤ ਤੌਰ ’ਤੇ ਖੋਲ੍ਹਿਆ ਜਾ ਸਕਦਾ ਹੈ। ਇਸ ’ਤੇ ਆਮਦਨ ਨਿਯਮ 80-ਸੀ ਤਹਿਤ ਆਮਦਨ ਤੋਂ ਛੋਟ ਮਿਲਦੀ ਹੈ।

## ਨਾਗਰਿਕ ਬੱਚਤ ਖ਼ਾਤਾ

ਇਹ ਬੱਚਤ ਯੋਜਨਾ ਖ਼ਾਸਤੌਰ ’ਤੇ 60 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਲਈ ਹੈ। ਇਹ 60 ਸਾਲ ਦੀ ਉਮਰ ਪਾਰ ਕਰ ਚੁੱਕੇ ਲੋਕਾਂ ਲਈ ਨਿਵੇਸ਼ ਦਾ ਸ਼ਾਨਦਾਰ ਸਾਧਨ ਹੈ। ਹਾਲਾਂਕਿ 55 ਸਾਲ ਤੋਂ 60 ਸਾਲ ਦੀ ਉਮਰ ਵਿਚਕਾਰ ਰਿਟਾਇਰ ਹੋਣ ਵਾਲੇ ਜਾਂ ਵੀਆਰਐੱਸ ਲੈਣ ਵਾਲੇ ਵਿਅਕਤੀ ਵੀ ਰਿਟਾਇਰਮੈਂਟ ਦੇ ਤਿੰਨ ਮਹੀਨੇ ਪਹਿਲਾਂ ਇਹ ਖ਼ਾਤਾ ਖੋਲ੍ਹ ਸਕਦੇ ਹਨ। ਇਸ ਹਜ਼ਾਰ ਰੁਪਏ ਤੋਂ ਇਹ ਖ਼ਾਤਾ ਖੋਲ੍ਹਿਆ ਜਾ ਸਕਦਾ ਹੈ। ਇਸ ’ਚ ਜ਼ਿਆਦਾਤਰ ਨਿਵੇਸ਼ ਦੀ ਸੀਮਾ 15 ਲੱਖ ਰੁਪਏ ਹੈ। ਇਸ ਖ਼ਾਤੇ ਦਾ ਮਚਿਓਰਿਟੀ ਪੀਰੀਅਡ ਪੰਜ ਸਾਲ ਦਾ ਹੈ। ਇਸ ਖ਼ਾਤੇ ਨੂੰ ਆਪਣੀ ਪਤਨੀ ਨਾਲ ਜੁਆਂਇਟ ਖ਼ਾਤੇ ਦੇ ਰੂਪ ’ਚ ਵੀ ਖੋਲ੍ਹਿਆ ਜਾ ਸਕਦਾ ਹੈ। ਇਸ ’ਤੇ 8.4 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਡਾਕਘਰ ਦੀਆਂ ਸਕੀਮਾਂ ’ਚ ਨਿਵੇਸ਼ ਕਰਨ ਤੋਂ ਪਹਿਲਾਂ ਜ਼ਰੂਰ ਧਿਆਨ ਰੱਖੋ।

# ਜਾਇਦਾਦ ਦੇ ਕੰਮਾਂ ਲਈ ਲਾਜ਼ਮੀ ਸਕੀਮਾਂ



ਹੁਣ ਬੇਨਾਮੀ ਜਾਇਦਾਦਾਂ ਬਣਾਉਣ ਅਤੇ ਧੋਖੇ ਨਾਲ ਜ਼ਮੀਨਾਂ ’ਤੇ ਕਬਜ਼ਾ ਕਰਨ ਵਾਲਿਆਂ ਦੀ ਸ਼ਾਮਤ ਆਉਣ ਵਾਲੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਰਜਿਸਟਰੀਆਂ ਕਰਨ ਲਈ ਇਕ ਨਵਾਂ ਸਾਫਟਵੇਅਰ ਤਿਆਰ ਕਰ ਕੇ ਦਿੱਤਾ ਹੈ। ਜਿਸ ਨਾਲ ਉਨ੍ਹਾਂ ਲੋਕਾਂ ਦੀ ਮੁਸੀਬਤ ਵਧਣ ਜਾ ਰਹੀ ਹੈ, ਜਿਹੜੇ ਬੇਨਾਮੀ ਜਾਇਦਾਦ ਦੀ ਖ਼ਰੀਦੋ-ਫਰੋਖ਼ਤ ਅਤੇ ਧੋਖੇ ਨਾਲ ਜ਼ਮੀਨਾਂ ’ਤੇ ਕਬਜ਼ੇ ਕਰ ਕੇ ਬੈਠੇ ਹਨ। ਇਸ ਨਾਲ ਪੰਜਾਬ ’ਚ ਜਲਦ ਹੀ ਰਜਿਸਟਰੀ ਲਈ ਆਧਾਰ ਕਾਰਡ ਜ਼ਰੂਰੀ ਹੋ ਜਾਵੇਗਾ ਅਤੇ ਇਸ ਦੇ ਬਿਨਾ ਜਾਇਦਾਦ ਤੁਹਾਡੇ ਨਾਂ ’ਤੇ ਨਹੀਂ ਚੜ੍ਹੇਗੀ।

## ਹੋਵੇਗੀ ਸ਼ੁਰੂਆਤ

ਇਸ ਦੀ ਸ਼ੁਰੂਆਤ ਆਦਮਪੁਰ ਅਤੇ ਮੋਗਾ ਤੋਂ ਹੋਣ ਜਾ ਰਹੀ ਹੈ। ਆਧਾਰ ਨੰਬਰ ਨਾਲ ਜਾਇਦਾਦਾਂ ਲਿੰਕ ਹੋਣ ’ਤੇ ਹਰ ਵਿਅਕਤੀ ਦੇ ਨਾਂ ’ਤੇ ਕਿੰਨੀ ਜਾਇਦਾਦ ਹੈ, ਉਸ ਦੀ ਜਾਣਕਾਰੀ ਸਰਕਾਰ ਨੂੰ ਮਿਲੇਗੀ। ਆਧਾਰ ਕਾਰਡ ਪੈਨ ਨੰਬਰ ਨਾਲ ਜੋੜਨਾ ਵੀ ਜ਼ਰੂਰੀ ਕੀਤਾ ਗਿਆ ਹੈ, ਅਜਿਹੇ ’ਚ ਸਰਕਾਰ ਨੂੰ ਇਹ ਵੀ ਪਤਾ ਲੱਗੇਗਾ ਕਿ ਕੌਣ ਕਿੰਨਾ ਟੈਕਸ ਲੁਕਾ ਰਿਹਾ ਹੈ ਅਤੇ ਕਿੱਥੇ ਹੇਰਾਫੇਰੀ ਕੀਤੀ ਜਾ ਰਹੀ ਹੈ।

ਰਾਸ਼ਟਰੀ ਸੂਚਨਾ ਕੇਂਦਰ ਦੇ ਇੰਜੀਨੀਅਰ ਸਾਫਟਵੇਅਰ ਨੂੰ ਫਾਈਨਲ ਟੈਸਟਿੰਗ ਲਈ ਚੈੱਕ ਕਰ ਰਹੇ ਹਨ। ਇਸ ਤੋਂ ਬਾਅਦ ਇਹ ਸਾਫਟਵੇਅਰ ਪੰਜਾਬ ਸਰਕਾਰ ਕੋਲ ਫਾਈਨਲ ਮਨਜ਼ੂਰੀ ਲਈ ਭੇਜਿਆ ਜਾਵੇਗਾ। ਸਾਫਟਵੇਅਰ ਸੂਬੇ ਦੀਆਂ ਦੋ ਤਹਿਸੀਲਾਂ ’ਚ ਲਾਂਚ ਹੋਵੇਗਾ। ਇਸ ’ਚ ਜਲੰਧਰ ਦਾ ਆਦਮਪੁਰ ਤਹਿਸੀਲ ਅਤੇ ਮੋਗਾ ਤਹਿਸੀਲ ਸ਼ਾਮਲ ਹਨ। ਤਿੰਨ ਮਹੀਨਿਆਂ ਤਕ ਸਾਫਟਵੇਅਰ ਨੂੰ ਪਾਇਲਟ ਪ੍ਰਾਜੈਕਟ ਦੇ ਤੌਰ ’ਤੇ ਚਲਾਇਆ ਜਾਵੇਗਾ।

ਇਸ ਤੋਂ ਬਾਅਦ ਪੂਰੇ ਸੂਬੇ ਦੀਆਂ ਤਹਿਸੀਲਾਂ ’ਚ ਇਸ ਨੂੰ ਲਾਂਚ ਕਰ ਦਿੱਤਾ ਜਾਵੇਗਾ। ਐੱਨ.ਆਰ. ਆਈਜ਼ ਨੂੰ ਜਾਇਦਾਦ ਰਜਿਸਟਰੇਸ਼ਨ ਲਈ ਆਧਾਰ ਕਾਰਡ ਤੋਂ ਛੋਟ ਦੇਣ ਦੀ ਗੱਲ ਚੱਲ ਰਹੀ ਹੈ ਪਰ ਅਜੇ ਤਕ ਇਸ ’ਤੇ ਕੋਈ ਫ਼ੈਸਲਾ ਨਹੀਂ ਹੋਇਆ। ਇਸ ਸਾਫਟਵੇਅਰ ਨਾਲ ਆਧਾਰ ਕਾਰਡ ਜ਼ਰੀਏ ਰਜਿਸਟਰੀ ਕਰਵਾਉਣੀ ਆਸਾਨ ਹੋ ਜਾਵੇਗੀ।

ਬੇਨਾਮੀ ਜਾਇਦਾਦ ’ਤੇ ਸਰਕਾਰ ਦਾ ਇਹ ਵੱਡਾ ਹਮਲਾ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ ਕਾਲੇ ਧੰਨ ਦੀ ਸਭ ਤੋਂ ਵੱਧ ਵਰਤੋਂ ਜ਼ਮੀਨ ਖ਼ਰੀਦੋ-ਫਰੋਖ਼ਤ ’ਚ ਹੁੰਦੀ ਹੈ। ਸਰਕਾਰ ਕਾਲੇ ਧੰਨ ਲਈ ਕੋਈ ਵੀ ਜਗ੍ਹਾ ਨਹੀਂ ਛੱਡਣਾ ਚਾਹੁੰਦੀ। ਇਸ ਲਈ ਕੋਈ ਵੀ ਵਿਅਕਤੀ ਇਕ ਦਿਨ ’ਚ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦਾ ਲੈਣ-ਦੇਣ ਨਕਦ ਨਹੀਂ ਕਰ ਸਕਦਾ।

ਇਸੇ ਤਰ੍ਹਾਂ ਅਚੱਲ ਜਾਇਦਾਦਾਂ ਦੇ ਟ੍ਰਾਂਸਫਰ ਲਈ ਇਕ ਦਿਨ ’ਚ 20,000 ਰੁਪਏ ਜਾਂ ਇਸ ਤੋਂ ਵੱਧ ਨਕਦ ਲੈਣ-ਦੇਣ ਅਤੇ ਕਾਰੋਬਾਰ ਜਾਂ ਪੇਸ਼ੇਵਰ ਸਬੰਧੀ ਖ਼ਰਚਿਆਂ ਲਈ ਇਕ ਦਿਨ ’ਚ 10,000 ਰੁਪਏ ਤੋਂ ਵੱਧ ਦੇ ਨਕਦ ਭੁਗਤਾਨ ’ਤੇ ਵੀ ਰੋਕ ਲਾਈ ਗਈ ਹੈ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ’ਤੇ 100 ਫ਼ੀਸਦੀ ਜੁਰਮਾਨਾ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦੇ ਨਕਦ ਲੈਣ-ਦੇਣ ’ਤੇ ਰੋਕ ਲਗਾਈ ਗਈ ਹੈ।

# ਜਦੋਂ ਵੇਚਣਾ ਪਵੇ ਘਰ

***ਜੇ ਤੁਸੀਂ ਸਹੀ ਕੀਮਤ ’ਚ ਆਪਣਾ ਘਰ ਵੇਚਣਾ ਚਾਹੁੰਦੇ ਹੋ ਤਾਂ ਇਹ ਤਰੀਕੇ ਤੁਹਾਨੂੰ ਸਹੀ ਕੀਮਤ ਦਿਵਾਉਣ ’ਚ ਤੁਹਾਡੀ ਮਦਦ ਕਰਨਗੇ...***

ਤੁਸੀਂ ਆਪਣਾ ਘਰ ਵੇਚਣਾ ਚਾਹੁੰਦੇ ਹੋ ਅਤੇ ਆਪਣੇ ਘਰ ਦੀ ਸਹੀ ਕੀਮਤ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪਵੇਗਾ। ਜੇ ਇਹ ਉਪਾਅ ਅਪਨਾਉਂਦੇ ਹੋ ਤਾਂ ਤੁਸੀਂ ਆਪਣਾ ਘਰ ਮਾਰਕਿਟ ਪ੍ਰਾਈਸ ਦੇ ਹਿਸਾਬ ਨਾਲ ਚੰਗੀਆਂ ਕੀਮਤਾਂ ’ਤੇ ਵੇਚ ਸਕਦੇ ਹੋ।

## ਵਿਗਿਆਪਨ

ਘਰ ਵੇਚਣ ਲਈ ਤੁਹਾਨੂੰ ਸਭ ਤੋਂ ਪਹਿਲਾਂ ਉਸ ਦਾ ਵਿਗਿਆਪਨ ਦੇਣਾ ਚਾਹੀਦਾ ਹੈ ਤੇ ਨਾਲ ਹੀ ਤੁਹਾਨੂੰ ਸਥਾਨੀ ਸਤ੍ਹਾ ’ਤੇ ਵਿਗਿਆਪਨ ਦੇਣਾ ਚਾਹੀਦਾ ਹੈ ਕਿਉਂਕਿ ਜਿਸ ਇਲਾਕੇ ’ਚ ਤੁਹਾਡੇ ਘਰ ਹੈ, ਉਸ ਨੂੰ ਖ਼ਰੀਦਣ ਬਾਰੇ ਸਭ ਤੋਂ ਪਹਿਲਾਂ ਉੱਥੋਂ ਦੇ ਸਥਾਨੀ ਲੋਕ ਸੋਚਣਗੇ। ਇਸ ਤੋਂ ਇਲਾਵਾ ਤੁਸੀਂ ਆਪਣੇ ਘਰ ਦੀ ਲਾਬੀ ਜਾਂ ਗੇਟ ’ਤੇ ਵੀ ਨੋਟਿਸ ਬੋਰਡ ’ਤੇ ਵਿਗਿਆਪਨ ਲਗਾਓ।




ਜੇ ਤੁਹਾਡਾ ਘਰ ਨਹੀਂ ਵਿਕ ਰਿਹਾ ਤਾਂ ਇਸ ਲਈ ਤੁਹਾਨੂੰ ਆਪਣਾ ਖੋਜ ਦਾਇਰਾ ਵੀ ਵਧਾਉਣਾ ਹੋਵੇਗਾ। ਤੁਸੀਂ ਅਜਿਹੇ ਬਰੋਕਰਸ ਨੂੰ ਆਪਣਾ ਘਰ ਵੇਚਣ ਦੀ ਜਾਣਕਾਰੀ ਦਿਓ, ਜਿਨ੍ਹਾਂ ਦੇ ਬਿਜ਼ਨਸ ਦਾ ਵੱਡਾ ਹਿੱਸਾ ਉਸ ਇਲਾਕੇ ਨਾਲ ਜੁੜਿਆ ਹੋਵੇ, ਜਿਸ ਇਲਾਕੇ ’ਚ ਤੁਹਾਡਾ ਘਰ ਹੋਵੇ ਪਰ ਜਦੋਂ ਬਰੋਕਰਸ ਵੀ ਕੰਮ ਨਾ ਆਵੇ ਤਾਂ ਤੁਹਾਨੂੰ ਆਪਣੀ ਪ੍ਰਾਪਰਟੀ ਰਿਐਲਟੀ ਪੋਰਟਰਸ ’ਤੇ ਲਿਸਟ ਕਰਵਾਉਣੀ ਚਾਹੀਦੀ ਹੈ।

## ਦਸਤਾਵੇਜ਼

ਘਰ ਵੇਚਣ ਤੋਂ ਪਹਿਲਾਂ ਤੁਹਾਨੂੰ ਸਭ ਤੋਂ ਪਹਿਲਾਂ ਆਪਣੇ ਦਸਤਾਵੇਜ਼ ਤਿਆਰ ਰੱਖਣੇ ਚਾਹੀਦੇ ਹਨ। ਤੁਹਾਡੇ ਕੋਲ ਸਾਰੀਆਂ ਡਿਊਟੀਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ’ਚ ਪ੍ਰਾਪਰਟੀ ਟੈਕਸ ਅਤੇ ਦੂਜੇ ਯੂਟੀਲਿਟੀ ਬਿਲਸ ਦੀ ਰਸੀਦ ਹੋਣੀ ਚਾਹੀਦੀ ਹੈ। ਤੁਹਾਡੇ ਸਾਰੇ ਬਕਾਏ ਪੂਰੇ ਹੋਣੇ ਚਾਹੀਦੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਜਦੋਂ ਤਕ ਪੂਰੀ ਰਕਮ ਨਾ ਮਿਲ ਜਾਵੇ, ਉਸ ਸਮੇਂ ਤਕ ਤੁਸੀਂ ਅਸਲ ਦਸਤਾਵੇਜ਼ ਖ਼ਰੀਦਦਾਰ ਨੂੰ ਨਾ ਦਿਓ।

# ਏਟੀਐੱਮ ਤੋਂ ਜੇ ਨਿਕਲਣ ਨਕਲੀ ਨੋਟ

ਕੀ ਤੁਹਾਡੇ ਨਾਲ ਵੀ ਕਦੇ ਅਜਿਹਾ ਹੋਇਆ ਹੈ ਕਿ ਤੁਸੀਂ ਏਟੀਐੱਮ ਗਏ ਹੋ ਅਤੇ ਕੁਝ ਪੈਸੇ ਕਢਵਾਏ ਹੋਣ ਪਰ ਜਦੋਂ ਤੁਸੀਂ ਕਿਸੇ ਨੂੰ ਵੀ ਉਹ ਪੈਸੇ ਦੇ ਰਹੇ ਹੋਵੋ ਤਾਂ ਤੁਹਾਨੂੰ ਪਤਾ ਲੱਗੇ ਕਿ ਉਹ ਨੋਟ ਨਕਲੀ ਹਨ। ਏਟੀਐੱਮ ’ਚੋਂ ਨਕਲੀ ਨੋਟ ਕਢਵਾਉਣ ਦੀ ਹਰ ਰੋਜ਼ ਪੂਰੇ ਦੇਸ਼ ’ਚੋਂ ਸ਼ਿਕਾਇਤ ਆਉਂਦੀ ਰਹਿੰਦੀ ਹੈ। ਅਕਸਰ ਬੈਂਕ, ਏਟੀਐੱਮ ਤੋਂ ਨਕਲੀ ਨੋਟ ਕਢਵਾਉਣ ਦੀ ਗੱਲ ਸਵੀਕਾਰ ਨਹੀਂ ਕਰਦੇ ਜਿਸ ਨਾਲ ਕਸਟਮਰ ਨੂੰ ਨੁਕਸਾਨ ਚੁਕਾਉਣਾ ਪੈਂਦਾ ਹੈ। ਇਸ ਤੋਂ ਇਲਾਵਾ ਕਈ ਵਾਰ ਏਟੀਐੱਮ ਤੋਂ ਸਟੈਪਲ ਕੀਤੇ ਜਾਂ ਖ਼ਰਾਬ ਨੋਟ ਵੀ ਨਿੱਕਲ ਆਉਂਦੇ ਹਨ, ਜਿਸ ਨਾਲ ਵੀ ਪਰੇਸ਼ਾਨੀ ਹੁੰਦੀ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਪਰਸ ’ਚ ਨਕਲੀ ਨੋਟ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਤੁਸੀਂ ਹਨੇਰੇ ’ਚ ਹੋ। ਆਰਬੀਆਈ ਨੇ ਆਪਣੀ ਸਾਲਾਨਾ ਰਿਪੋਰਟ ’ਚ ਦੱਸਿਆ ਕਿ 7,62,072 ਨਕਲੀ ਨੋਟਾਂ ਦਾ ਪਤਾ ਲਗਾਇਆ ਗਿਆ ਜਿਸ ’ਚੋਂ 96 ਫ਼ੀਸਦੀ ਕਮਰਸ਼ਲ ਬੈਂਕ ਨੂੰ ਮਿਲੇ। ਜੇ ਏਟੀਐੱਮ ’ਚੋਂ ਨਕਲੀ ਨੋਟ ਨਿਕਲਣ ਤਾਂ ਕੀ ਕਰੀਏ?

## ਸ਼ਿਕਾਇਤ

ਜੇ ਏਟੀਐੱਮ ਤੋਂ ਕੈਸ਼ ਕਢਵਾਉਂਦੇ ਸਮੇਂ ਤੁਹਾਨੂੰ ਲੱਗੇ ਕਿ ਨਕਲੀ ਨੋਟ ਆ ਗਿਆ ਹੈ ਤਾਂ ਤੁਸੀਂ ਏਟੀਐੱਮ ’ਚ ਮੌਜੂਦ ਗਾਰਡ ਨੂੰ ਇਸ ਬਾਰੇ ਸ਼ਿਕਾਇਤ ਕਰ ਸਕਦੇ ਹੋ। ਏਟੀਐੱਮ ਗਾਰਡ ਕੋਲ ਇਕ ਰਜਿਸਟਰ ਹੁੰਦਾ ਹੈ ਜਿਸ ’ਤੇ ਤੁਹਾਨੂੰ ਨੋਟ ਦਾ ਨੰਬਰ, ਟ੍ਰਾਂਜੈਕਸ਼ਨ ਆਈਡੀ ਨੰਬਰ, ਤਾਰੀਕ ਅਤੇ ਸਮਾਂ ਲਿਖ ਕੇ ਸਾਈਨ ਕਰਨੇ ਹੁੰਦੇ ਹਨ। ਤੁਸੀਂ ਉਸ ਰਜਿਸਟਰ ’ਤੇ ਗਾਰਡ ਦੇ ਸਾਈਨ ਵੀ ਲਓ। ਫਿਰ ਆਪਣੀ ਸ਼ਿਕਾਇਤ ਦੀ ਇਕ ਫੋਟੋ ਮੋਬਾਈਲ ’ਤੇ ਲਓ ਅਤੇ ਜਿਸ ਬ੍ਰਾਂਚ ਤੋਂ ਉਹ ਏਟੀਐੱਮ ਕਨੈਕਟ ਹੈ ਉੱਥੇ ਜਾ ਕੇ ਵੀ ਮੈਨੇਜਰ ਨੂੰ ਆਪਣੀ ਗੱਲ ਕਹੋ। ਨਕਲੀ ਨੋਟ ਦੀ ਲਿਖਿਤ ’ਚ ਸ਼ਿਕਾਇਤ ਦਰਜ ਕਰਵਾਓ।

***- ਅਜਿਹੀ ਸਥਿਤੀ ’ਚ ਏਟੀਐੱਮ ਦੇ ਸੀਸੀਟੀਵੀ ਕੈਮਰੇ ’ਚ ਨਕਲੀ ਨੋਟ ਦਿਖਾਉਣਾ ਨਾ ਭੁੱਲੋ।***



### ਐੱਫਆਈਆਰ

*ਨਕਲੀ ਨੋਟ ਮਿਲਣ ਦੇ ਕੇਸ ’ਚ ਤੁਸੀਂ ਪੁਲਿਸ ਕੋਲ ਜਾ ਕੇ ਵੀ ਐੱਫਆਈਆਰ ਦਰਜ ਕਰਵਾ ਸਕਦੇ ਹੋ। ਐੱਫਆਈਆਰ ਦਰਜ ਕਰਵਾਉਂਦੇ ਸਮੇਂ ਪੁਲਿਸ ਨੂੰ ਸਾਰੇ ਸਬੂਤ ਦਿਓ।*

## ਬੈਂਕ ਜਾਰੀ ਕਰੇਗਾ ਇਹ ਨਵਾਂ ਨੋਟ

ਰਿਜ਼ਰਵ ਬੈਂਕ ਆਫ਼ ਇੰਡੀਆ ਮੁਤਾਬਕ ਹਰ ਬੈਂਕ ’ਚ ਨਕਲੀ ਨੋਟ ਦੀ ਜਾਂਚ ਲਈ ਸਕੈਨਰ ਲਗਾਉਣਾ ਜ਼ਰੂਰੀ ਹੈ। ਤੁਹਾਡੀ ਸ਼ਿਕਾਇਤ ’ਤੇ ਬੈਂਕ ਨੋਟ ਦੀ ਜਾਂਚ ਕਰਾਵੇਗਾ। ਜੇ ਸਹੀ ’ਚ ਨੋਟ ਨਕਲੀ ਹੋਇਆ ਤਾਂ ਉਹ ਤੁਹਾਡੇ ਤੋਂ ਵਾਪਸ ਲੈ ਲੈਣਗੇ ਅਤੇ ਬਦਲੇ ’ਚ ਅਸਲੀ ਨੋਟ ਦੇਣਗੇ।

## ਆਰਬੀਆਈ ਨੂੰ ਕਰੋ ਮੇਲ

ਕਈ ਵਾਰ ਬੈਂਕ ਤੁਹਾਡੀ ਇਨ੍ਹਾਂ ਮਾਮਲਿਆਂ ’ਚ ਸ਼ਿਕਾਇਤ ਦਰਜ ਕਰਨ ’ਚ ਆਨਾਕਾਨੀ ਕਰਦੇ ਹਨ। ਅਜਿਹੇ ’ਚ ਤੁਸੀਂ ਆਰਬੀਆਈ ਕੋਲ ਲਿਖਿਤ ’ਚ ਆਪਣੀ ਸ਼ਿਕਾਇਤ ਦਰਜ ਕਰਾ ਸਕਦੇ ਹੋ। ਇਸ ਲਈ ਤੁਹਾਨੂੰ ਆਰਬੀਆਈ ਵੱਲੋਂ ਨਿਯੁਕਤ ਬੈਂਕਿੰਗ ਲੋਕਪਾਲ ’ਚ ਸ਼ਿਕਾਇਤ ਭੇਜਣੀ ਹੋਵੇਗੀ। ਆਰਬੀਆਈ ਦੇ ਸਾਰੇ ਰਿਜ਼ਨਲ ਆਫ਼ਿਸ ’ਚ ਇਸ ਲਈ ਵੱਖ-ਵੱਖ ਵਿਭਾਗ ਬਣਾਏ ਹੋਏ ਹਨ। ਤੁਸੀਂ ਆਰਬੀਆਈ ਨੂੰ ਈ-ਮੇਲ ਵੀ ਭੇਜ ਸਕਦੇ ਹੋ। ਈ-ਮੇਲ ਪਤਾ ਤੁਹਾਨੂੰ ਬੈਂਕ ਦੀ ਬ੍ਰਾਂਚ ’ਚ ਲਿਖਿਆ ਹੋਇਆ ਮਿਲ ਜਾਵੇਗਾ।

# ਨਜ਼ਰਅੰਦਾਜ਼ ਜਾਇਦਾਦਾਂ ਖ਼ਰੀਦਣੀਆਂ

ਨਜ਼ਰਅੰਦਾਜ਼ ਜਾਇਦਾਦਾਂ ਖ਼ਰੀਦਣੀਆਂ ਕਈ ਵਾਰ ਅਸੀਂ ਲੋਕਾਂ ਨੂੰ ਇਹ ਕਹਿੰਦੇ ਸੁਣਦੇ ਹਾਂ ਕਿ ਸਾਡੇ ਕਿਸੇ ਜਾਣਕਾਰ ਆਦਮੀ ਨੇ ਸ਼ਹਿਰ ’ਚ ਛੱਪੜ ਖ਼ਰੀਦਿਆ ਸੀ। ਜਿਸ ’ਚ ਗੰਦਾ ਪਾਣੀ ਖੜ੍ਹਨ ਕਰਕੇ ਬਦਬੂ ਪੈਦਾ ਹੋ ਗਈ ਸੀ ਤੇ ਮੱਛਰ ਮੱਖੀਆਂ ਦੀ ਭਰਮਾਰ ਸੀ। ਪ੍ਰੰਤੂ ਕਿਸੇ ਵਿਅਕਤੀ ਨੇ ਵਿਸ਼ੇਸ਼ ਦਿਮਾਗ ਲੱਗਾ ਕੇ ਕਮਾਲ ਕਰ ਦਿੱਤੀ। ਉਸ ਆਦਮੀ ਨੇ ਆਪਣੀ ਦੂਰ ਦ੍ਰਿਸ਼ਟੀ ਨਾਲ ਉਥੇ ਖੜ੍ਹੇ ਹੋ ਕੇ ਉਸ ਛੱਪੜ ’ਚ ਮਿੱਟੀ ਪਾ ਕੇ ਅੱਖਾਂ ਬੰਦ ਕਰਕੇ ਉਸ ਦੀ ਕਲਪਨਾ ਕਰ ਲਈ ਕਿ ਛੱਪੜ ’ਚ ਮਿੱਟੀ ਪਾਉਣ ਤੋਂ ਬਾਅਦ ਇਹ ਕਿਹੋ ਜਿਹੀ ਖ਼ੂਬਸੂਰਤ ਜ਼ਮੀਨ ਲੱਗੇਗੀ ਤੇ ਹਰ ਇਕ ਆਦਮੀ ਦਾ ਧਿਆਨ ਆਕਰਸ਼ਿਤ ਕਰੇਗੀ। ਬਸ ਉਸ ਨੇ ਇਹ ਕੰਮ ਕਰ ਦਿੱਤਾ ਤੇ ਉਸ ਨੇ ਜ਼ਮੀਨ ਦੀ ਹੋਂਦ ’ਚ ਤਬਦੀਲੀ ਕਰ ਦਿੱਤੀ। ਬਸ ਫਿਰ ਗਾਹਕਾਂ ਨੇ ਉਸ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਫਿਰ ਉਹ ਹੀ ਗੱਲ ਹੋਈ ਕਿ ਜੇ ਖ਼ਰੀਦਦਾਰ ਖ਼ੁਦ ਚੱਲ ਕੇ ਖ਼ਰੀਦਣ ਆਵੇ ਤਾਂ ਕੀਮਤ ਹੋਰ ਤੇ ਜੇ ਖ਼ੁਦ ਜਾ ਕੇ ਵੇਚਣਾ ਪਵੇ ਤਾਂ ਕੀਮਤ ਹੋਰ। ਜਦੋਂ ਗਾਹਕ ਖ਼ੁਦ ਚੱਲ ਕੇ ਆ ਗਿਆ ਤਾਂ ਕੀਮਤ 125 ਫ਼ੀਸਦੀ ਹੋ ਗਈ। ਇਸੇ ਤਰ੍ਹਾਂ ਦੀ ਜਾਇਦਾਦ ਤੁਹਾਨੂੰ ਪੁਰਾਣੀਆਂ, ਹਵੇਲੀਆਂ, ਕੋਠੀਆਂ ਤੇ ਹੋਰ ਇਮਾਰਤਾਂ ਜਾਂ ਜ਼ਰਜ਼ਰ ਹੋਵੇ ਮਿਲ ਜਾਂਦੀ ਹੈ। ਪਹਿਲਾਂ ਉਨ੍ਹਾਂ ਨੂੰ ਕੋਈ ਵੀ ਧਿਆਨ ਨਾਲ ਨਹੀਂ ਦੇਖਦਾ।

ਮੈਨੂੰ ਯਾਦ ਹੈ ਕਿ ਸੰਗਰੂਰ ਜ਼ਿਲ੍ਹੇ ਦੇ ਕਸਬੇ ’ਚ ਇਕ ਪੁਰਾਣਾ ਸਿਨੇਮਾ ਸੀ ਤੇ ਉਸ ਨੂੰ ਵੇਚਣ ਲਈ ਮਾਲਿਕ ਜ਼ੋਰ ਲਗਾ ਰਿਹਾ ਸੀ ਪ੍ਰੰਤੂ ਕੋਈ ਵੀ ਗਾਹਕ ਨਹੀਂ ਖੜ੍ਹਾ ਸੀ। ਬਹੁਤ ਜਦੋਜਹਿਦ ਤੋਂ ਬਾਅਦ ਜਦੋਂ ਸਿਨਮਾ ਵਿਕਿਆ ਤੇ ਉਸ ਨੂੰ ਤੁਰੰਤ ਤੋੜ ਦਿੱਤਾ ਗਿਆ ਤਾਂ ਉਸ ’ਚੋਂ ਦੁਕਾਨਾਂ ਦੇ ਕੁਝ ਹੀ ਪਲਾਟ ਨਿਕਲੇ ਸਨ। ਸਥਿਤੀ ਇਕ ਅਨਾਰ ਸੌ ਬਿਮਾਰ ਵਾਲੀ ਬਣ ਗਈ ਸੀ। ਜਦੋਂ ਕਿ ਦੁਕਾਨਾਂ ਖ਼ਰੀਦਣ ਦੇ ਇੱਛੁਕ ਮੌਜੂਦਾ ਪਲਾਟਾਂ ਦੀ ਗਿਣਤੀ ਤੋਂ ਵਧ ਸਨ ਤੇ ਸਥਿਤੀ ਇਹ ਬਣ ਗਈ ਕਿ ਹਫਤੇ ਭਰ ’ਚ ਕਈ ਦੁਕਾਨਾਂ ਕਈ ਵਾਰ ਵਿਕ ਗਈਆਂ। ਬਿਮਾਰ ਆਦਮੀ ਜਾਂ ਔਰਤ ਨਾਲ ਕੋਈ ਵੀ ਰਿਸ਼ਤਾ ਨਹੀਂ ਰੱਖਣਾ ਚਾਹੁੰਦਾ ਚਾਹੇ ਉਹ ਕਿੰਨਾ ਗੁਣਵਾਚਕ ਨਾ ਹੋਵੇ। ਜਾਈਦਾਦ ਦਾ ਵੀ ਇਹ ਹੀ ਹਾਲ ਹੈ ਜਦੋਂ ਇਹ ਆਪਣੇ ਸਹੀ ਰੂਪ ’ਚ ਦਿਸਦੀ ਹੈ ਤਾਂ ਹੀ ਲੋਕ ਇਸ ਵੱਲ ਆਕਰਸ਼ਿਤ ਹੋ ਜਾਂਦਾ ਹੈ।

ਅਜਿਹੀ ਜਾਇਦਾਦ ਖ਼ਰੀਦ ਕੇ ਉਸ ਨੂੰ ਦੁਲਹਨ ਵਾਂਗ ਸਜਾਉ ਤੇ ਫਿਰ ਉਸ ਦੇ ਸਿੱਟੇ ਵੀ ਹੈਰਾਨੀਕੁੰਨ ਹੋ ਜਾਣਗੇ। ਪ੍ਰਾਪਰਟੀ ਦੀ ਸਜਾਵਟ ’ਚ ਪੈਸਾ ਜ਼ਿਆਦਾ ਖ਼ਰਚ ਨਹੀਂ ਹੁੰਦਾ ਥੋੜ੍ਹਾ ਪੈਸਾ ਖ਼ਰਚ ਕਰਕੇ ਜਾਇਦਾਦ ਦੀ ਦਿੱਖ ਬਹੁਤ ਹੀ ਆਕਰਸ਼ਿਤ ਹੋ ਜਾਂਦੀ ਹੈ। ਇਸ ਕਰਕੇ ਜੇਕਰ ਤੁਹਾਨੂੰ ਦਿਲਕਸ਼ ਤੇ ਮਨ ਮੋਹਣੀ ਚੀਜ਼ ਪ੍ਰਸ਼ੰਸਕਾਂ ਦੀ ਦੀ ਘਾਟ ਨਹੀਂ ਹੁੰਦੀ। ਇਸ ਕਰਕੇ ਜੇਕਰ ਤੁਹਾਨੂੰ ਕੋਈ ਵੀ ਅਜਿਹੀ ਜਾਇਦਾਦ ਮਿਲ ਜਾਵੇ ਤੁਰੰਤ ਖ਼ਰੀਦ ਲੈਣੀ ਚਾਹੀਦੀ ਹੈ। ਕੋਈ ਵੀ ਜਾਇਦਾਦ ਖ਼ਰੀਦਣ ਤੋਂ ਪਹਿਲਾਂ ਤੁਹਾਨੂੰ ਜਾਇਦਾਦ ਬਾਰੇ ਪੂਰੀ ਤਰ੍ਹਾਂ ਜਾਂਚ-ਪੜਤਾਲ ਕਰ ਲੈਣੀ ਚਾਹੀਦੀ ਹੈ।

**ਆਖ਼ਿਰ ਕਿਉਂ ਤਿਉਹਾਰਾਂ ’ਚ ਖ਼ਰੀਦਣੀ ਚਾਹੀਦੀ ਹੈ ਪ੍ਰਾਪਰਟੀ ? ਪਤਾ ਲਗਾਉਣ ਲਈ ਪੜ੍ਹੋ ਇਹ ਕਾਰਨ, ਜਿਸ ਤੋਂ ਹੋਵੇਗਾ ਫ਼ਾਇਦਾ...**

# ਤਿਉਹਾਰ ’ਚ ਪ੍ਰਾਪਰਟੀ ਦੀ ਖ਼ਰੀਦਦਾਰੀ

ਫੈਸਟਿਵ ਸੀਜ਼ਨ ਬਿਲਡਰਾਂ ਲਈ ਸਭ ਤੋਂ ਬਿਹਤਰੀਨ ਮੰਨਿਆ ਜਾਂਦਾ ਹੈ ਕਿਉਂਕਿ ਨਿਵੇਸ਼ਕਾਂ ਅਤੇ ਪ੍ਰਾਪਰਟੀ ਖ਼ਰੀਦਦਾਰਾਂ ਨੂੰ ਤਿਉਹਾਰੀ ਸੀਜ਼ਨ ਦੇ ਬੰਪਰ ਆਫਰ ਦਾ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ। ਜ਼ਿਆਦਾਤਰ ਬਾਇਰਜ਼ ਫੈਸਟੀਵਲ ਸੀਜ਼ਨ ’ਚ ਹੀ ਘਰ ਖ਼ਰੀਦਣਾ ਜਾਂ ਪ੍ਰਾਪਰਟੀ ’ਚ ਨਿਵੇਸ਼ ਕਰਨਾ ਚਾਹੁੰਦੇ ਹਨ। ਜਾਣੋ, ਤਿਉਹਾਰੀ ਸੀਜ਼ਨ ’ਚ ਪ੍ਰਾਪਰਟੀ ਖ਼ਰੀਦਣ ਦੇ ਪੰਜ ਕਾਰਨ...

## ਆਮਦਨ

ਜ਼ਿਆਦਾਤਰ ਵਿਅਕਤੀਆਂ ਨੂੰ ਤਿਉਹਾਰੀ ਸੀਜ਼ਨ ’ਚ ਬੋਨਸ ਜਾਂ ਹੋਰ ਲਾਭ ਕਾਰਨ ਸਭ ਤੋਂ ਜ਼ਿਆਦਾ ਆਮਦਨ ਹੁੰਦੀ ਹੈ। ਇਸ ਲਈ ਜ਼ਿਆਦਾਤਰ ਲੋਕ ਤਿਉਹਾਰੀ ਸੀਜ਼ਨ ’ਚ ਪ੍ਰਾਪਰਟੀ ਖ਼ਰੀਦਣ ਦਾ ਪਲਾਨ ਬਣਾਉਂਦੇ ਹਨ ਕਿਉਂਕਿ ਬਾਇਰਜ਼ ਨੂੰ ਆਫ਼ਰ ਕਾਰਨ ਘੱਟ ਕੀਮਤ ’ਚ ਚੰਗੀ ਸੁਵਿਧਾ ਮਿਲ ਜਾਂਦੀ ਹੈ।



## ਬੈਂਕਾਂ ’ਚ ਆਕਰਸ਼ਕ ਆਫ਼ਰ

ਜ਼ਿਆਦਾਤਰ ਬੈਂਕ ਤਿਉਹਾਰੀ ਸੀਜ਼ਨ ’ਚ ਸੁਪਰ ਆਫ਼ਰ ਦਾ ਐਲਾਨ ਕਰਦੇ ਹਨ। ਇਸ ਸਮੇਂ ਨਿਸ਼ਚਿਤ ਰੂਪ ਤੋਂ ਬੈਂਕ ਘੱਟ ਵਿਆਜ ਦਰਾਂ ’ਤੇ ਕਰਜ਼, ਕੁਝ ਸ਼ੁਲਕ ’ਤੇ ਛੋਟ ਦਾ ਐਲਾਨ ਕਰਦੇ ਹਨ ਅਤੇ ਜ਼ਿਆਦਾਤਰ ਬਾਇਰਜ਼ ਇਸ ਮੌਕੇ ਦਾ ਫ਼ਾਇਦਾ ਲੈਣਾ ਚਾਹੁੰਦੇ ਹਨ।

## ਬੰਪਰ ਆਫ਼ਰ

ਇਸ ਸਮੇਂ ਡਿਵੈਲਪਰਜ਼ ਵੀ ਹਰ ਤਰ੍ਹਾਂ ਦੇ ਆਫ਼ਰਜ਼ ਦਾ ਐਲਾਨ ਕਰਦੇ ਹਨ ਅਤੇ ਬਾਇਰਜ਼ ਵੀ ਇਸ ਮੌਕੇ ਦਾ ਫ਼ਾਇਦਾ ਲੈਣਾ ਚਾਹੁੰਦੇ ਹਨ।

## ਮੁਫ਼ਤ ਪ੍ਰਾਪਤ ਕਰਨ ਦਾ ਮੌਕਾ

ਜ਼ਿਆਦਾਤਰ ਡਿਵੈਲਪਰਜ਼ ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਮੁਫ਼ਤ ਮਾਡਿਊਲਰ ਕਿਚਨ, ਫ੍ਰੀ ਪਾਰਕਿੰਗ ਸੁਵਿਧਾ, ਸਟੈਂਪ ਸ਼ੁਲਕ ਤੇ ਪੰਜੀਕਰਣ ਸ਼ੁਲਕ ’ਤੇ ਵਿਸ਼ੇਸ਼ ਛੋਟ ਆਦਿ ਵਿਸ਼ੇਸ਼ ਮੌਕਿਆਂ ਦੀ ਯੋਜਨਾ ਦਾ ਐਲਾਨ ਕਰਦੇ ਹਨ।

## ਬਿਲਡਰਜ਼ ਤੋਂ ਜ਼ਿਆਦਾ ਪ੍ਰਾਪਤ ਕਰਨ ਦਾ ਸਭ ਤੋਂ ਚੰਗਾ ਮੌਕਾ

ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਜ਼ਿਆਦਾਤਰ ਬਿਲਡਰਜ਼ ਨਗਦ ਛੋਟ, ਸੋਨੇ ਦੇ ਸਿੱਕੇ, ਫ੍ਰੀ ਹੋਲੀਡੇਅ, ਕੂਪਨ ਤੇ ਹੋਰ ਲਾਭ ਦਾ ਫ਼ਾਇਦਾ ਦਿੰਦੇ ਜਿਸ ਨਾਲ ਇਸ ਸੀਜ਼ਨ ’ਚ ਸਭ ਤੋਂ ਜ਼ਿਆਦਾ ਪ੍ਰਾਪਰਟੀ ਦੀ ਖ਼ਰੀਦਦਾਰੀ ਹੁੰਦੀ ਹੈ। ਇਸ ਲਈ ਜ਼ਿਆਦਾਤਰ ਲੋਕ ਪ੍ਰਾਪਰਟੀ ਖ਼ਰੀਦਦੇ ਹਨ।

# ਰਿਟਾਇਰਮੈਂਟ ਬਾਰੇ ਜ਼ਰੂਰ ਸੋਚੋ

ਅੱਜ ਕੋਈ ਵੀ ਵਿਅਕਤੀ ਆਪਣੇ ਪ੍ਰੋਫੈਸ਼ਨ ’ਚ ਕਿੰਨੇ ਵੀ ਚੰਗੇ ਅਹੁਦੇ ’ਤੇ ਕਿਉਂ ਨਾ ਹੋਵੇ ਪਰ ਹਰ ਕਿਸੇ ਨੂੰ ਰਿਟਾਇਰਮੈਂਟ ਤੋਂ ਬਾਅਦ ਦੀ ਚਿੰਤਾ ਸਤਾਉਣ ਲਗਦੀ ਹੈ। ਸਾਰੇ ਸੋਚਦੇ ਹਨ ਕਿ ਜੇ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਵਿੱਤੀ ਸਹਾਇਤਾ ਨਾ ਕੀਤੀ ਤਾਂ ਕੀ ਹੋਵੇਗਾ। ਇਸ ਲਈ ਤੁਹਾਨੂੰ 50 ਸਾਲ ਦੀ ਉਮਰ ਤੋਂ ਹੀ ਰਿਟਾਇਰਮੈਂਟ ਲਈ ਪਲਾਨਿੰਗ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਂ ਕਿ ਅੱਗੇ ਕੋਈ ਪਰੇਸ਼ਾਨੀ ਨਾ ਹੋਵੇ।

## ਫਾਲਤੂ ਖ਼ਰਚਿਆਂ ’ਤੇ ਰੱਖੋ ਕੰਟਰੋਲ

ਖ਼ਰਚ ਦੋ ਤਰ੍ਹਾਂ ਦੇ ਹੁੰਦੇ ਹਨ ਪਹਿਲਾ ਮੈਂਡੇਟਰੀ ਖ਼ਰਚ। ਇਸ ’ਚ ਰੋਜ਼ ਵਰਤੋਂ ਹੋਣ ਵਾਲੇ ਸਾਮਾਨ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਘਰ ’ਚ ਕੰਮ ਕਰਨ ਵਾਲੇ ਸਟਾਫ਼ ਦੀ ਸੈਲਰੀ ਅਤੇ ਦਵਾਈ ਵੀ ਇਸ ’ਚ ਆਉਂਦੀ ਹੈ। ਇਸ ਤਰ੍ਹਾਂ ਦੇ ਖ਼ਰਚ ਨੂੰ ਤੁਸੀਂ ਹੋਣ ਤੋਂ ਨਹੀਂ ਰੋਕ ਸਕਦੇ ਪਰ ਇਕ ਦੂਜੇ ਦਾ ਖ਼ਰਚ ਵੀ ਹੁੰਦਾ ਹੈ ਜਿਨ੍ਹਾਂ ਨੂੰ ਤੁਸੀਂ ਰੋਕ ਸਕਦੇ ਹੋ। ਇਸ ’ਚ ਬਾਹਰ ਦਾ ਖਾਣਾ, ਘੁੰਮਣ ਜਾਣਾ, ਬਾਹਰ ਜ਼ਿਆਦਾ ਫਿਲਮਾਂ ਦੇਖਣਾ ਆਦਿ ਖ਼ਰਚੇ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਤੁਸੀਂ ਘਰੇਲੂ ਖ਼ਰਚਿਆਂ ’ਤੇ ਰੋਕ ਰੱਖੋ। ਕਈ ਸਾਰੇ ਸਾਮਾਨ ਅਜਿਹੇ ਹੁੰਦੇ ਹਨ ਜਿਨ੍ਹਾਂ ’ਤੇ ਜ਼ਿਆਦਾ ਪੈਸਾ ਲਗਾਉਣਾ ਬੇਕਾਰ ਹੈ। ਜਿਵੇਂ ਕਿ ਕਾਰ, ਏਸੀ, ਫਰਿੱਜ਼ ਆਦਿ। ਇਨ੍ਹਾਂ ਸਾਰਿਆਂ ਦੀਆਂ ਮੰਗਾਂ ਅੱਗੇ ਜਾ ਕੇ ਘੱਟ ਜਾਂਦੀਆਂ ਹਨ। ਇਨ੍ਹਾਂ ’ਤੇ ਸੋਚ ਸਮਝ ਕੇ ਪੈਸੇ ਖ਼ਰਚ ਕਰੋ। ਇਸ ਗੱਲ ਦਾ ਧਿਆਨ ਰੱਖੋ ਕਿ ਰਿਟਾਇਰਮੈਂਟ ਤੋਂ ਬਾਅਦ ਪੈਸਾ ਆਉਣਾ ਤਾਂ ਬੰਦ ਹੋ ਜਾਂਦਾ ਹੈ ਪਰ ਖ਼ਰਚ ਹੋਣਾ ਬੰਦ ਨਹੀਂ ਹੁੰਦਾ। ਅਜਿਹਾ ’ਚ ਤੁਹਾਨੂੰ ਖ਼ੁਦ ’ਤੇ ਕੰਟਰੋਲ ਕਰਦੇ ਹੋਏ ਬਹੁਤ ਸਾਰੀਆਂ ਇੱਛਾਵਾਂ ਨੂੰ ਮਾਰਨਾ ਹੋਵੇਗਾ।

## ਬੱਚਤ ਕਰਨੀ

ਘੱਟ ਉਮਰ ਤੋਂ ਹੀ ਜੇ ਤੁਸੀਂ ਆਪਣਾ ਪੈਸਾ ਬਚਾਉਣਾ ਸ਼ੁਰੂ ਕਰਦੇ ਹੋ ਤਾਂ ਇਹ ਤੁਹਾਡੇ ਲਈ ਬਿਹਤਰ ਤਰੀਕਾ ਹੈ ਕਿਉਂਕਿ ਜਲਦੀ ਪੈਸਾ ਜਮ੍ਹਾਂ ਕਰੋਗੇ ਤਾਂ ਉਸ ’ਤੇ ਮਿਲਣ ਵਾਲਾ ਵਿਆਜ ਵੀ ਜ਼ਿਆਦਾ ਹੋਵੇਗਾ। ਇਸ ਨਾਲ ਤੁਹਾਨੂੰ ਕਾਫ਼ੀ ਫ਼ਾਇਦਾ ਮਿਲੇਗਾ। ਉਦਾਹਰਨ ਦੇ ਤੌਰ ’ਤੇ ਜੇ ਤੁਸੀਂ 10 ਹਜ਼ਾਰ ਰੁਪਏ ਬੈਂਕ ’ਚ ਜਮ੍ਹਾਂ ਕੀਤੇ ਹਨ ਤਾਂ 30 ਸਾਲ ਬਾਅਦ ਅੱਠ ਫ਼ੀਸਦੀ ਦੇ ਵਿਆਜ ਦੇ ਹਿਸਾਬ ਨਾਲ ਇਹ ਪੈਸਾ ਇਕ ਲੱਖ ਰੁਪਏ ਹੋ ਸਕਦਾ ਹੈ।



### ਅਸੈੱਟ ਐਲੋਕੇਸ਼ਨ

*ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਨੂੰ ਰਿਟਾਇਰਮੈਂਟ ਦੇ ਪਹਿਲਾਂ ਬਚਾਇਆ ਹੋਇਆ ਪੈਸਾ ਤੁਹਾਨੂੰ ਕੁਝ ਭਾਗਾਂ ’ਚ ਵੰਡ ਲੈਣਾ ਚਾਹੀਦਾ ਹੈ। ਜਿਵੇਂ ਕਿ 30 ਫ਼ੀਸਦੀ ਪੈਸਾ ਤੁਹਾਨੂੰ ਪ੍ਰਾਪਰਟੀ ’ਚ, 30 ਫ਼ੀਸਦੀ ਇਕੁਇਟੀ ਅਤੇ 30 ਫ਼ੀਸਦੀ ਪੈਸਾ ਬੈਂਕ ’ਚ ਫਿਕਸ ਜਮ੍ਹਾਂ ਕਰ ਲੈਣਾ ਚਾਹੀਦਾ ਹੈ ਤੇ ਨਾਲ ਹੀ 10 ਫ਼ੀਸਦੀ ਪੈਸਾ ਗੋਲਡ ’ਤੇ ਵੀ ਲਗਾਉਣਾ ਚਾਹੀਦਾ ਹੈ।*

## ਰਿਟਾਇਰਮੈਂਟ ਤੋਂ ਪਹਿਲਾਂ ਚੁਕਾਓ ਕਰਜ਼

ਕੋਸ਼ਿਸ਼ ਕਰੋ ਕਿ 50 ਸਾਲ ਦੀ ਉਮਰ ਤੋਂ ਬਾਅਦ ਅਜਿਹੇ ਵੱਡੇ ਖ਼ਰਚੇ ਨਾ ਕਰੋ ਜਿਨ੍ਹਾਂ ਕਾਰਨ ਤੁਹਾਨੂੰ ਰਿਟਾਇਰਮੈਂਟ ਦੇ ਬਾਅਦ ਵੀ ਆਪਣਾ ਪੈਸਾ ਬੈਂਕ ਨੂੰ ਦੇਣਾ ਪਵੇ। ਇਸ ਲਈ ਜ਼ਰੂਰੀ ਹੈ ਕਿ ਰਿਟਾਇਰਮੈਂਟ ਦੇ ਪਹਿਲੇ ਹੀ ਤੁਸੀਂ ਸਾਰੇ ਕਰਜ਼ਿਆਂ ਤੋਂ ਮੁਕਤ ਹੋ ਜਾਵੋ।

## ਮਹੱਤਵਪੂਰਨ ਕੰਮ

ਰਿਟਾਇਰਮੈਂਟ ਤੋਂ ਬਾਅਦ ਖ਼ਾਲੀ ਨਾ ਬੈਠੋ, ਬਲਿਕ ਕੋਈ ਦੂਜੀ ਨੌਕਰੀ ਦੇਖ ਲਓ। ਇਹ ਬੇਹੱਦ ਖ਼ਰਾਬ ਸੋਚ ਹੈ ਕਿ ਰਿਟਾਇਰਮੈਂਟ ਤੋਂ ਬਾਅਦ ਘਰ ਬੈਠ ਕੇ ਆਰਾਮ ਕੀਤਾ ਜਾਵੇ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਦੇ ਘਰ ਵਾਲੇ ਜਾਂ ਫਿਰ ਦੋਸਤ ਮਦਦ ਲਈ ਆਉਣਗੇ ਪਰ ਅੱਜ ਦੇ ਸਮੇਂ ’ਚ ਕਿਸੇ ਤੋਂ ਵੀ ਮਦਦ ਦੀ ਉਮੀਦ ਕਰਨਾ ਗ਼ਲਤ ਹੋਵੇਗਾ। ਅਜਿਹਾ ਕਰਨ ਨਾਲ ਤੁਸੀਂ ਆਪਣੇ ਸਾਰੇ ਸੰਪਰਕ ਅਤੇ ਕ੍ਰਿਏਟੀਵਿਟੀ ਨੂੰ ਖ਼ਤਮ ਕਰ ਦਿਓਗੇ। ਤੁਸੀਂ ਚਾਹੋ ਤਾਂ ਰਿਟਾਇਰਮੈਂਟ ਤੋਂ ਬਾਅਦ ਆਪਣਾ ਬਿਜ਼ਨਸ ਸ਼ੁਰੂ ਕਰ ਸਕਦੇ ਹੋ। ਇਸ ਦੇ ਨਾਲ ਹੀ ਕਿਸੇ ਕਾਲਜ ਜਾਂ ਸਕੂਲ ’ਚ ਪੜ੍ਹਾ ਸਕਦੇ ਹੋ।

# ਕਿਸਾਨਾਂ ਨੂੰ ਕਣਕ ਦਾ ਗੁਣਵੱਤਾਯੁਕਤ ਬੀਜ ਅਤੇ ਖਾਦ ਦੀ ਸਮੇਂ ਸਿਰ ਉਪਲਬਧਤਾ ਯਕੀਨੀ ਬਣਾਈ ਜਾਵੇ : ਖੇਤੀਬਾੜੀ ਮੰਤਰੀ

ਚੰਡੀਗੜ੍ਹ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਆਉਣ ਵਾਲੇ ਰਬੀ ਦੇ ਸੀਜ਼ਨ ਲਈ ਕਣਕ ਦਾ ਗੁਣਵੱਤਾਯੁਕਤ ਬੀਜ ਅਤੇ ਖਾਦ ਦੀ ਪੂਰੀ ਮਾਤਰਾ ਕਿਸਾਨਾਂ ਨੂੰ ਸਮੇਂ ਸਿਰ ਉਪਲਬਧ ਕਰਵਾਉਣੀ ਯਕੀਨੀ ਬਣਾਈ ਜਾਵੇ।

ਉਨ੍ਹਾਂ ਪਰਾਲੀ ਪ੍ਰਬੰਧਨ ਸਕੀਮ ਤਹਿਤ ਅਵਸ਼ੇਸ਼ ਦੇ ਪ੍ਰਬੰਧਨ ਲਈ ਸਰਕਾਰ ਵੱਲੋਂ ਸਬਸਿਡੀ 'ਤੇ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਅਤੇ ਸਬਸਿਡੀ ਦੀ ਰਕਮ ਜਲਦੀ ਤੋਂ ਜਲਦੀ ਕਿਸਾਨਾਂ ਦੇ ਖਾਤੇ ਵਿੱਚ ਭੇਜਣ ਦੇ ਨਿਰਦੇਸ਼ ਦਿੱਤੇ।

ਸ਼੍ਰੀ ਰਾਣਾ ਇੱਥੇ ਆਪਣੇ ਦਫ਼ਤਰ ਵਿੱਚ ਫਸਲਾਂ ਲਈ ਖਾਦ-ਬੀਜ ਦੀ ਉਪਲਬਧਤਾ ਦੀ ਸਮੀਖਿਆ ਕਰਨ ਲਈ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਸ਼੍ਰੀ ਰਾਜਨਾਰਾਇਣ



ਕੌਸ਼ਿਕ, ਵਧੀਕ ਡਾਇਰੈਕਟਰ ਅਤੇ ਹਰਿਆਣਾ ਰਾਜ ਬੀਜ ਪ੍ਰਮਾਣੀਕਰਨ ਏਜੰਸੀ ਦੇ ਡਾਇਰੈਕਟਰ (ਵਾਧੂ ਚਾਰਜ) ਡਾ. ਰਾਮਪ੍ਰਤਾਪ ਸਿਹਾਗ, ਵਧੀਕ ਡਾਇਰੈਕਟਰ ਡਾ. ਪ੍ਰਦੀਪ ਮੀਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੂੰ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਕਣਕ ਦਾ ਕੱਚਾ ਬੀਜ (ਰਾਅ-ਸੀਡ) ਲਗਭਗ 40 ਲੱਖ 64 ਹਜ਼ਾਰ ਕੁਇੰਟਲ ਹੈ ਜਦਕਿ ਸੂਬੇ ਵਿੱਚ ਸਿਰਫ 17-18 ਲੱਖ ਕੁਇੰਟਲ ਬੀਜ ਦੀ ਹੀ ਬਿਜਾਈ ਹੋ ਪਾਉਂਦੀ ਹੈ। ਇਸ ਕੱਚੇ ਬੀਜ ਦੀ ਪ੍ਰੋਸੈਸਿੰਗ ਅਤੇ ਸਰਟੀਫਿਕੇਸ਼ਨ ਦੀ ਪ੍ਰਕਿਰਿਆ ਜਾਰੀ ਹੈ ਅਤੇ ਸਤੰਬਰ ਮਹੀਨੇ ਤੱਕ ਇਹ ਬੀਜ ਤਿਆਰ ਹੋ ਜਾਵੇਗਾ। ਅਕਤੂਬਰ ਮਹੀਨੇ ਵਿੱਚ ਹੋਣ ਵਾਲੀ ਕਣਕ ਦੀ ਬਿਜਾਈ ਲਈ ਲੋੜੀਂਦੀ ਗਿਣਤੀ ਵਿੱਚ ਬੀਜ ਉਪਲਬਧ ਹੈ।

ਸ਼੍ਰੀ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਛੋਲੇ ਅਤੇ ਮਸਰ ਦੀ ਫਸਲ ਲਈ ਚੰਗੀ ਗੁਣਵੱਤਾ ਦਾ ਬੀਜ ਉਪਲਬਧ ਕਰਵਾਉਣ ਲਈ ਵੀ ਤਿਆਰੀ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਇਨ੍ਹਾਂ ਦਾਲਾਂ ਦੀ ਵਿਕਰੀ ਤੋਂ ਚੰਗੀ ਆਮਦਨ ਹੋ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਆਉਣ ਵਾਲੇ ਰਬੀ ਸੀਜ਼ਨ ਦੀਆਂ ਫਸਲਾਂ ਲਈ ਯੂਰੀਆ, ਡੀ.ਏ.ਪੀ. ਅਤੇ ਐਨ.ਪੀ.ਕੇ. ਆਦਿ ਖਾਦਾਂ ਦਾ ਲੋੜੀਂਦਾ ਸਟਾਕ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਬਿਜਾਈ ਅਤੇ ਉਨ੍ਹਾਂ ਦੇ ਵਾਧੇ ਲਈ ਸਮੇਂ ਸਿਰ ਉਪਲਬਧ ਹੋ ਸਕੇ।

ਖੇਤੀਬਾੜੀ ਮੰਤਰੀ ਨੂੰ ਜਾਣਕਾਰੀ ਦਿੱਤੀ ਗਈ ਕਿ ਅੱਜ ਤੱਕ ਯੂਰੀਆ ਦਾ 2,34,712 ਮੀਟਰਿਕ ਟਨ, ਡੀ.ਏ.ਪੀ. 55,081 ਮੀਟਰਿਕ ਟਨ, ਐਨ.ਪੀ.ਕੇ. 35,049 ਮੀਟਰਿਕ ਟਨ ਅਤੇ ਐਸ.ਐਸ.ਪੀ. 59,610 ਮੀਟਰਿਕ ਟਨ ਸਟਾਕ ਵਿੱਚ ਉਪਲਬਧ ਹੈ। ਸ਼੍ਰੀ ਰਾਣਾ ਨੇ ਦੱਸਿਆ ਕਿ ਖਾਦ ਵੰਡ ਦੇ ਕੰਮ ਨੂੰ ਮੇਰੀ ਫਸਲ ਮੇਰਾ ਬਿਊਰਾ ਪੋਰਟਲ ਨਾਲ ਜੋੜਨ ਨਾਲ ਕਿਸਾਨਾਂ ਨੂੰ ਫਾਇਦਾ ਹੋਇਆ ਹੈ, ਖਾਦ ਦੀ ਕੋਈ ਕਮੀ ਨਹੀਂ ਰਹੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਸਬਸਿਡੀ ਦੀ ਬੱਚਤ ਦੇ ਰੂਪ ਵਿੱਚ 863 ਕਰੋੜ ਰੁਪਏ ਦੀ ਵੀ ਬੱਚਤ ਹੋਈ ਹੈ ਜਿਸ ਲਈ ਕੇਂਦਰ ਸਰਕਾਰ ਨੇ ਹਰਿਆਣਾ ਸਰਕਾਰ ਵੱਲੋਂ ਚੁੱਕੇ ਗਏ ਇਸ ਕਦਮ ਦੀ ਕਾਫ਼ੀ ਪ੍ਰਸ਼ੰਸਾ ਕੀਤੀ ਸੀ।

ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ ਤਹਿਤ ਫਸਲ ਅਵਸ਼ੇਸ਼ ਪ੍ਰਬੰਧਨ ਸਕੀਮ ਵਿੱਚ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਬਾਰੇ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ, ਉਨ੍ਹਾਂ ਪ੍ਰਬੰਧਨ ਲਈ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਸੁਪਰ ਸੀਡਰ, ਬੇਲਿੰਗ ਮਸ਼ੀਨ, ਹੈਪੀ ਸੀਡਰ, ਸ਼ਰਬ ਮਾਸਟਰ, ਜ਼ੀਰੋ ਟਿਲ ਸੀਡ ਕਮ ਫਰਟੀਲਾਈਜ਼ਰ ਡ੍ਰਿਲ ਸਮੇਤ ਹੋਰ ਮਸ਼ੀਨਾਂ ਨੂੰ ਸਮੇਂ ਸਿਰ ਉਪਲਬਧ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਮਸ਼ੀਨ ਦੀ ਖਰੀਦ ਕਰਨ ਦੇ ਤੁਰੰਤ ਬਾਅਦ ਮਸ਼ੀਨ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਉਸ ਮਸ਼ੀਨ ਦੀ ਸਬਸਿਡੀ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਭੇਜ ਦਿੱਤੀ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਖਾਦ, ਬੀਜ ਅਤੇ ਪਰਾਲੀ ਪ੍ਰਬੰਧਨ ਵਿੱਚ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਸਮੇਂ ਸਿਰ ਉਪਲਬਧਤਾ ਯਕੀਨੀ ਬਣਾਈ ਜਾਵੇ।

# ਸਿਧਰਾਵਲੀ ਉਪ-ਸਿਹਤ ਕੇਂਦਰ ਨੂੰ ਪ੍ਰਾਇਮਰੀ ਸਿਹਤ ਕੇਂਦਰ ਵਿੱਚ ਕੀਤਾ ਜਾਵੇਗਾ ਅਪਗ੍ਰੇਡ, 12 ਨਵੇਂ ਅਹੁਦੇ ਮਨਜ਼ੂਰ: ਆਰਤੀ ਸਿੰਘ ਰਾਓ

ਚੰਡੀਗੜ੍ਹ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਵਧੇਰੇ ਮਜ਼ਬੂਤ ਅਤੇ ਸੁਲਭ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਇਸੇ ਲੜੀ ਤਹਿਤ ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਦੇ ਯਤਨਾਂ ਸਦਕਾ ਗੁਰੂਗ੍ਰਾਮ ਜ਼ਿਲ੍ਹੇ ਦੇ ਸਿਧਰਾਵਲੀ ਸਥਿਤ ਉਪ-ਸਿਹਤ ਕੇਂਦਰ ਨੂੰ ਪ੍ਰਾਇਮਰੀ ਸਿਹਤ ਕੇਂਦਰ (ਪੀ.ਐੱਚ.ਸੀ.) ਵਜੋਂ ਅਪਗ੍ਰੇਡ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਨਵੇਂ ਪ੍ਰਾਇਮਰੀ ਸਿਹਤ ਕੇਂਦਰ ਦੇ ਸੁਚਾਰੂ ਸੰਚਾਲਨ ਲਈ 12 ਨਵੇਂ ਅਹੁਦਿਆਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਮਨਜ਼ੂਰਸ਼ੁਦਾ ਅਹੁਦਿਆਂ ਵਿੱਚ ਇੱਕ ਮੈਡੀਕਲ ਅਫ਼ਸਰ, ਇੱਕ ਮਹਿਲਾ ਮੈਡੀਕਲ ਅਫ਼ਸਰ, ਇੱਕ ਡੈਂਟਲ ਸਰਜਨ, ਦੋ ਫਾਰਮਾਸਿਸਟ, ਇੱਕ ਸਟਾਫ਼ ਨਰਸ, ਇੱਕ ਲੈਬ ਟੈਕਨੀਸ਼ੀਅਨ, ਇੱਕ ਐੱਮ.ਪੀ.ਐੱਚ.ਐੱਸ. (ਪੁਰਸ਼), ਇੱਕ ਐੱਮ.ਪੀ.ਐੱਚ.ਐੱਸ. (ਮਹਿਲਾ) ਅਤੇ ਤਿੰਨ



ਕਲਾਸ-੧੦ ਕਰਮਚਾਰੀ ਸ਼ਾਮਲ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਪ੍ਰਦੇਸ਼ ਸਰਕਾਰ ਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਮਿਆਰੀ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਇਸੇ ਉਦੇਸ਼ ਤਹਿਤ ਸਿਹਤ ਸੰਸਥਾਵਾਂ ਨੂੰ ਲੋੜ ਅਨੁਸਾਰ ਅਪਗ੍ਰੇਡ ਕਰਨ ਦੇ ਨਾਲ-ਨਾਲ ਉੱਥੇ ਲੋੜੀਂਦੇ ਡਾਕਟਰੀ ਅਤੇ ਪੈਰਾਮੈਡੀਕਲ ਸਟਾਫ਼ ਦੀ ਉਪਲਬਧਤਾ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਧਰਾਵਲੀ ਉਪ-ਸਿਹਤ ਕੇਂਦਰ ਦੇ ਪ੍ਰਾਇਮਰੀ ਸਿਹਤ ਕੇਂਦਰ ਵਜੋਂ ਅਪਗ੍ਰੇਡ ਹੋਣ ਨਾਲ ਸਿਧਰਾਵਲੀ ਸਮੇਤ ਆਸ-ਪਾਸ ਦੇ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਸਥਾਨਕ ਪੱਧਰ 'ਤੇ ਪਹਿਲਾਂ ਨਾਲੋਂ ਬਿਹਤਰ ਅਤੇ ਵਿਆਪਕ ਸਿਹਤ ਸੇਵਾਵਾਂ ਉਪਲਬਧ ਹੋਣਗੀਆਂ। ਇਸ ਨਾਲ ਪੇਂਡੂ ਨਾਗਰਿਕਾਂ ਦੀ ਆਮ ਇਲਾਜ ਅਤੇ ਸਿਹਤ ਸਬੰਧੀ ਸੇਵਾਵਾਂ ਲਈ ਦੂਰ-ਦੁਰਾਡੇ ਦੀਆਂ ਸਿਹਤ ਸੰਸਥਾਵਾਂ ਉੱਤੇ ਨਿਰਭਰਤਾ ਘੱਟ ਹੋਵੇਗੀ ਅਤੇ ਉਨ੍ਹਾਂ ਨੂੰ ਸਮੇਂ ਸਿਰ ਇਲਾਜ ਦੀ ਸਹੂਲਤ ਮਿਲ ਸਕੇਗੀ।

ਉਨ੍ਹਾਂ ਕਿਹਾ ਕਿ ਸਿਹਤਮੰਦ ਨਾਗਰਿਕ ਹੀ ਮਜ਼ਬੂਤ ਅਤੇ ਵਿਕਸਤ ਹਰਿਆਣਾ ਦੀ ਬੁਨਿਆਦ ਹਨ। ਰਾਜ ਸਰਕਾਰ ਪੇਂਡੂ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਾਗਰਿਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਦੀ ਲੋੜ ਅਤੇ ਸਥਾਨਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਭਵਿੱਖ ਵਿੱਚ ਵੀ ਸਿਹਤ ਸੰਸਥਾਵਾਂ ਨੂੰ ਲੋੜ ਅਨੁਸਾਰ ਮਜ਼ਬੂਤ ਕੀਤਾ ਜਾਵੇਗਾ।

# ਸਰਕਾਰ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 2.0 ਦੇ ਲਾਭਪਾਤਰੀਆਂ ਉੱਤੇ ਆਰਥਿਕ ਬੋਝ ਘੱਟ ਕਰਨ ਦਾ ਜਨਹਿਤੈਸ਼ੀ ਫ਼ੈਸਲਾ

ਚੰਡੀਗੜ੍ਹ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 2.0 ਦੇ ਲਾਭਪਾਤਰੀਆਂ ਉੱਤੇ ਆਰਥਿਕ ਬੋਝ ਘੱਟ ਕਰਨ ਦਾ ਜਨਹਿਤੈਸ਼ੀ ਫ਼ੈਸਲਾ ਲਿਆ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਉੱਤੇ ਇਸ ਯੋਜਨਾ ਤਹਿਤ 60 ਵਰਗ ਮੀਟਰ ਤੱਕ ਦੇ ਘਰਾਂ ਲਈ ਕਨਵੇਅੰਸ ਡੀਡ (ਮਲਕੀਅਤ ਤਬਦੀਲੀ ਵਿਲੇਖ) ਉੱਤੇ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫ਼ੀਸ 500-500 ਰੁਪਏ ਤੈਅ ਕੀਤੀ ਹੈ।

ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਵਿਭਾਗ ਨੇ 10 ਅਗਸਤ, 2026 ਨੂੰ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫ਼ੀਸ ਨਾਲ ਸਬੰਧਤ ਦੋ ਵੱਖ-ਵੱਖ ਹੁਕਮ ਜਾਰੀ ਕੀਤੇ ਸਨ। ਇਹ ਹੁਕਮ 13 ਅਗਸਤ, 2026 ਨੂੰ ਹਰਿਆਣਾ ਸਰਕਾਰ ਦੇ ਗਜ਼ਟ ਵਿੱਚ ਪ੍ਰਕਾਸ਼ਤ ਕੀਤੇ ਗਏ ਸਨ।ਡਾ. ਮਿਸ਼ਰਾ ਨੇ ਕਿਹਾ ਕਿ ਇੰਡੀਅਨ ਸਟੈਂਪ ਐਕਟ, 1899 ਤਹਿਤ ਜਾਰੀ ਪਹਿਲੇ ਹੁਕਮ ਵਿੱਚ, ਹਰਿਆਣਾ ਦੇ ਰਾਜਪਾਲ ਨੇ ਤਹਿਤ 60 ਵਰਗ ਮੀਟਰ ਤੱਕ ਦੇ ਘਰਾਂ ਦੀ ਕਨਵੇਅੰਸ ਡੀਡ ਉੱਤੇ ਲੱਗਣ ਵਾਲੀ ਸਟੈਂਪ ਡਿਊਟੀ ਨੂੰ ਘਟਾ ਕੇ 500 ਰੁਪਏ ਪ੍ਰਤੀ ਡੀਡ ਤੈਅ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਛੋਟ ਉਦੋਂ ਹੀ ਮਿਲੇਗੀ ਜਦੋਂ ਟਰਾਂਸਫ਼ਰੀ (ਜਾਇਦਾਦ ਪ੍ਰਾਪਤ ਕਰਨ ਵਾਲਾ ਵਿਅਕਤੀ) 'ਹਾਊਸਿੰਗ ਫ਼ਾਰ ਆਲ' ਵਿਭਾਗ (4861) ਜਾਂ ਅਧਿਕਾਰਤ ਅਥਾਰਟੀ ਤੋਂ ਇਹ ਸਰਟੀਫ਼ਿਕੇਟ ਪੇਸ਼ ਕਰੇਗਾ ਕਿ ਉਹ ਤਹਿਤ ਇੱਕ ਰਜਿਸਟਰਡ ਲਾਭਪਾਤਰੀ ਹੈ।

ਦੂਜਾ ਹੁਕਮ ਰਜਿਸਟਰੇਸ਼ਨ ਐਕਟ, 1908 ਤਹਿਤ ਰਜਿਸਟਰੇਸ਼ਨ ਫ਼ੀਸ ਨਾਲ ਸਬੰਧਤ ਨਿਯਮਾਂ ਵਿੱਚ ਸੋਧ ਕਰਦਾ ਹੈ। ਇਹ ਤਹਿਤ 60 ਵਰਗ ਮੀਟਰ ਤੱਕ ਦੇ ਘਰਾਂ ਦੀ ਕਨਵੇਅੰਸ ਡੀਡ ਲਈ ਰਜਿਸਟਰੇਸ਼ਨ ਫ਼ੀਸ 500 ਰੁਪਏ ਪ੍ਰਤੀ ਡੀਡ ਤੈਅ ਕਰਦਾ ਹੈ, ਬਸ਼ਰਤੇ ਨਿਰਧਾਰਤ ਲਾਭਪਾਤਰੀ ਸਰਟੀਫ਼ਿਕੇਟ ਪੇਸ਼ ਕੀਤਾ ਜਾਵੇ।

ਇਸ ਦੇ ਅਨੁਸਾਰ, ਦਾ ਯੋਗ ਲਾਭਪਾਤਰੀ ਕਨਵੇਅੰਸ ਡੀਡ ਉੱਤੇ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫ਼ੀਸ ਵਜੋਂ 500-500 ਰੁਪਏ ਦਾ ਭੁਗਤਾਨ ਕਰੇਗਾ। ਇਹ ਛੋਟ ਤਹਿਤ 60 ਵਰਗ ਮੀਟਰ ਤੱਕ ਦੇ ਯੋਗ ਘਰਾਂ ਲਈ ਹੀ ਹੈ ਅਤੇ ਹੋਰ ਜਾਇਦਾਦ ਲੈਣ-ਦੇਣ ਉੱਤੇ ਲਾਗੂ ਹੋਣ ਵਾਲੇ ਖਰਚੇ ਵਿੱਚ ਕਿਸੇ ਵੀ ਤਰ੍ਹਾਂ ਦੀ ਛੋਟ ਜਾਂ ਕਮੀ ਦਾ ਪ੍ਰਬੰਧ ਨਹੀਂ ਕਰਦੀ ਹੈ।

# ਬੱਚਿਆਂ ਨੂੰ ਮਿਲਣ ਸਕੂਲ ਬੱਸ ਚ ਚੜ੍ਹੇ ਮੁੱਖ ਮੰਤਰੀ, ਸੀਐਮ ਨਾਲ ਹੱਥ ਮਿਲਾ ਕੇ ਗਦਗਦ ਹੋਏ ਬੱਚੇ

ਚੰਡੀਗੜ੍ਹ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵੀਰਵਾਰ ਨੂੰ ਆਪਣੇ ਕੈਥਲ ਦੌਰੇ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਪਿੰਡ ਅਰਨੈਚਾ ਵਿੱਚ ਸੜਕ ਉੱਤੇ ਇੱਕ ਸਕੂਲੀ ਬੱਸ ਵਿੱਚ ਸਵਾਰ ਹੋ ਕੇ ਸਕੂਲੀ ਬੱਚਿਆਂ ਨੂੰ ਮਿਲਣ ਲੱਗੇ। ਮੁੱਖ ਮੰਤਰੀ ਨੂੰ ਆਪਣੇ ਵਿੱਚਕਾਰ ਦੇਖ ਕੇ ਸਾਰੇ ਬੱਚੇ ਹੈਰਾਨ ਰਹਿ ਗਏ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਹੱਥ ਮਿਲਾਇਆ ਤਾਂ ਬੱਚੇ ਗਦਗਦ ਨਜ਼ਰ ਆਏ।

ਦਰਅਸਲ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੈਥਲ ਦੇ ਪਿੰਡ ਜੜੌਲਾ ਵਿੱਚ ਆਯੋਜਿਤ ਸੰਤ ਗੁਰੂ ਰਵਿਦਾਸ ਜੀ ਦੀ ਮੂਰਤੀ ਸਥਾਪਨਾ ਸਮਾਰੋਹ ਵਿੱਚ ਹਿੱਸਾ ਲੈਣ ਤੋਂ ਬਾਅਦ ਵਾਪਸ ਜਾਂਦੇ ਸਮੇਂ ਪਿੰਡ ਅਰਨੈਚਾ ਵਿੱਚ ਇੱਕ ਵਰਕਰ ਦੇ ਘਰ ਗਏ ਸਨ। ਇੱਥੇ ਇੱਕ ਸਕੂਲੀ ਬੱਸ ਉਨ੍ਹਾਂ ਦੇ ਕਾਫ਼ਲੇ ਕੋਲ



ਪਹੁੰਚੀ ਤਾਂ ਮੁੱਖ ਮੰਤਰੀ ਉਸ ਸਕੂਲ ਬੱਸ ਵਿੱਚ ਬੱਚਿਆਂ ਨੂੰ ਮਿਲਣ ਲਈ ਸਵਾਰ ਹੋ ਗਏ। ਅਚਾਨਕ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਆਪਣੇ ਵਿਚ ਦੇਖ ਕੇ ਬੱਚੇ ਗਦਗਦ ਹੋ ਗਏ। ਮੁੱਖ ਮੰਤਰੀ ਨੂੰ ਮਿਲਦੇ ਸਮੇਂ ਬੱਚਿਆਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਮੁੱਖ ਮੰਤਰੀ ਬੱਚਿਆਂ ਨਾਲ ਹੱਥ ਮਿਲਾਉਣ ਲੱਗੇ ਤਾਂ ਬੱਚੇ ਹੋਰ ਵੀ ਖ਼ੁਸ਼ ਹੋ ਗਏ।

# ਆਦਿ ਬਦਰੀ ਅਤੇ ਲੋਹਗੜ੍ਹ-ਭਗਵਾਨਪੁਰ ਦੇ ਵਿਕਾਸ ਨੂੰ ਲੋਕ ਨਿਰਮਾਣ ਵਿਭਾਗ ਦੇਵੇਗਾ ਨਵੀਂ ਰਫ਼ਤਾਰ

ਚੰਡੀਗੜ੍ਹ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਪ੍ਰਦੇਸ਼ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਨੂੰ ਸੈਰ-ਸਪਾਟੇ ਦੇ ਨਜ਼ਰੀਏ ਤੋਂ ਵਿਕਸਤ ਕਰ ਕੇ ਉਨ੍ਹਾਂ ਨੂੰ ਨਵੀਂ ਪਛਾਣ ਦਿਵਾਉਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ।

ਇਸੇ ਲੜੀ ਤਹਿਤ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕ) ਵੱਲੋਂ ਯਮੁਨਾਨਗਰ ਜ਼ਿਲ੍ਹੇ ਦੇ ਆਦਿ ਬਦਰੀ ਅਤੇ ਲੋਹਗੜ੍ਹ-ਭਗਵਾਨਪੁਰ ਨੂੰ ਸੈਰ-ਸਪਾਟਾ ਹੱਬ ਵਜੋਂ ਵਿਕਸਤ ਕਰਨ ਲਈ 24 ਕਰੋੜ 16 ਲੱਖ 4 ਹਜ਼ਾਰ ਰੁਪਏ ਦੀ ਪ੍ਰਸ਼ਾਸਨਿਕ ਮਨਜ਼ੂਰੀ ਦੇ ਦਿੱਤੀ ਗਈ ਹੈ।

ਲੋਕ ਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਆਦਿ ਬਦਰੀ ਅਤੇ ਲੋਹਗੜ੍ਹ-ਭਗਵਾਨਪੁਰ ਖੇਤਰ ਦੀ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਨੂੰ ਦੇਖਦੇ ਹੋਏ ਇੱਥੇ ਸੈਰ-ਸਪਾਟਾ ਸਹੂਲਤਾਂ ਦਾ ਵਿਸਤਾਰ ਸਰਕਾਰ ਦੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਹੈ। ਇਸ ਪ੍ਰੋਜੈਕਟ ਦੇ ਲੰਬਿਤ ਕੰਮਾਂ ਨੂੰ ਪੂਰਾ ਕਰਨ ਲਈ ਜੋ ਐਸਟੀਮੇਟ ਤਿਆਰ ਕੀਤਾ ਗਿਆ ਸੀ, ਉਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਦਾ ਉਦੇਸ਼ ਸਿਰਫ਼ ਨਿਰਮਾਣ ਕਾਰਜ ਕਰਨਾ ਨਹੀਂ, ਸਗੋਂ ਪ੍ਰਦੇਸ਼ ਦੀ ਮਹੱਤਵਪੂਰਨ ਵਿਰਾਸਤ ਅਤੇ ਸੈਰ-ਸਪਾਟਾ ਸਥਾਨਾਂ ਤੱਕ ਬਿਹਤਰ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦੀ ਪਹੁੰਚ ਨੂੰ ਯਕੀਨੀ ਬਣਾਉਣਾ ਵੀ ਹੈ। ਆਦਿ ਬਦਰੀ ਅਤੇ ਲੋਹਗੜ੍ਹ-ਭਗਵਾਨਪੁਰ ਦੇ ਸਮੁੱਚੇ ਵਿਕਾਸ ਨਾਲ ਇੱਥੇ ਆਉਣ ਵਾਲੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ ਅਤੇ ਖੇਤਰ ਦੀ ਸੈਰ-ਸਪਾਟਾ ਸਮਰੱਥਾ ਨੂੰ ਨਵੀਂ ਗਤੀ ਮਿਲੇਗੀ।

ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਇਸ ਪਰਿਯੋਜਨਾ ਦੇ ਤਹਿਤ ਲੰਬਿਤ ਕੰਮਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੇ ਖੇਤਰਾਂ ਵਿੱਚ ਮਜ਼ਬੂਤ ਬੁਨਿਆਦੀ ਢਾਂਚਾ ਤਿਆਰ ਕਰ ਕੇ ਸੈਰ-ਸਪਾਟੇ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਸਥਾਨਕ ਪੱਧਰ 'ਤੇ ਰੁਜ਼ਗਾਰ ਅਤੇ ਆਰਥਿਕ ਗਤੀਵਿਧੀਆਂ ਦੇ ਨਵੇਂ ਮੌਕੇ ਵੀ ਪੈਦਾ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਹਰਿਆਣਾ ਦੇ ਅਮੀਰ ਇਤਿਹਾਸ, ਸੱਭਿਆਚਾਰ ਅਤੇ ਵਿਰਾਸਤ ਨੂੰ ਦੇਸ਼-ਵਿਦੇਸ਼ ਦੇ ਸੈਲਾਨੀਆਂ ਤੱਕ ਪਹੁੰਚਾਉਣ ਲਈ ਅਜਿਹੇ ਮਹੱਤਵਪੂਰਨ ਸਥਾਨਾਂ ਦਾ ਯੋਜਨਾਬੱਧ ਵਿਕਾਸ ਲਗਾਤਾਰ ਜਾਰੀ ਰਹੇਗਾ।

# 4-ਰੋਜ਼ਾ ਟ੍ਰੇਨਿੰਗ ਕੈਂਪ ਦੌਰਾਨ ਵਿਦਿਆਰਥੀਆਂ ਨੇ ਸਿੱਖੇ ਸੀ.ਪੀ.ਆਰ. ਅਤੇ ਜੀਵਨ-ਰੱਖਿਆ ਦੇ ਕਈ ਅਹਿਮ ਤਰੀਕੇ

ਹੁਸ਼ਿਆਰਪੁਰ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ ਜੀ ਦੀ ਯੋਗ ਅਗਵਾਈ ਹੇਠ ਚਲਾਈ ਜਾ ਰਹੀ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਸਰਵਹਿਤਕਾਰੀ ਵਿਦਿਆ ਮੰਦਰ ਸਕੂਲ, ਤਲਵਾੜਾ ਵਿਖੇ 4-ਰੋਜ਼ਾ ਫਸਟ ਏਡ ਟ੍ਰੇਨਿੰਗ ਕੈਂਪ ਸਫ਼ਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਸਕੂਲ ਦੇ ਲਗਭਗ 560 ਵਿਦਿਆਰਥੀਆਂ ਨੇ ਬੇਹੱਦ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਜੀਵਨ-ਰੱਖਿਆ ਦੇ ਮਹੱਤਵਪੂਰਨ ਪ੍ਰੈਕਟਿਕਲ ਤਰੀਕੇ ਸਿੱਖੇ।

ਇਸ ਮੌਕੇ ਰੈੱਡ ਕਰਾਸ ਹੁਸ਼ਿਆਰਪੁਰ ਦੇ ਸਕੱਤਰ ਸ਼੍ਰੀ ਮੰਗੇਸ਼ ਸੂਦ ਦੁਆਰਾ ਦੱਸਿਆ ਗਿਆ ਕਿ ਫਸਟ ਏਡ ਟ੍ਰੇਨਿੰਗ ਹਰੇਕ ਵਿਦਿਆਰਥੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਦਾ ਮੁੱਖ ਮਕਸਦ ਬੱਚਿਆਂ ਨੂੰ ਅਜਿਹੇ ਗੁਰ ਸਿਖਾਉਣਾ ਹੈ ਜਿਸ ਨਾਲ ਉਹ ਕਿਸੇ ਵੀ ਹਾਦਸੇ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ ਬਿਨਾਂ ਘਬਰਾਏ ਤੁਰੰਤ ਮੁੱਢਲੀ ਸਹਾਇਤਾ ਦੇ ਸਕਣ। ਇਸ ਸਿਖਲਾਈ ਸਦਕਾ ਵਿਦਿਆਰਥੀ



ਮੁਸ਼ਕਲ ਸਮੇਂ ਵਿੱਚ ਆਪਣੀ ਅਤੇ ਦੂਜਿਆਂ ਦੀ ਕੀਮਤੀ ਜਾਨ ਬਚਾਉਣ ਦੇ ਯੋਗ ਬਣਨਗੇ।

ਟ੍ਰੇਨਿੰਗ ਦੇ ਵੇਰਵੇ ਸਾਂਝੇ ਕਰਦਿਆਂ ਰੈੱਡ ਕਰਾਸ ਦੇ ਸੰਯੁਕਤ ਸਕੱਤਰ, ਸ਼੍ਰੀ ਆਦਿਤਯ ਰਾਣਾ ਜੀ ਦੁਆਰਾ ਦੱਸਿਆ ਗਿਆ ਕਿ ਇਸ 4-ਰੋਜ਼ਾ ਪ੍ਰੋਗਰਾਮ ਦੌਰਾਨ ਫਸਟ ਏਡ ਟ੍ਰੇਨਰ ਸ਼੍ਰੀਮਤੀ ਅਨੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਬਹੁਤ ਹੀ ਸਰਲ ਅਤੇ ਵਿਹਾਰਕ ਤਰੀਕੇ ਨਾਲ ਸਿਖਲਾਈ ਦਿੱਤੀ। ਉਨ੍ਹਾਂ ਨੇ ਦਿਲ ਦਾ ਦੌਰਾ ਪੈਣ 'ਤੇ ਸੀ.ਪੀ.ਆਰ. ਦੇਣ ਦੀ ਸਹੀ ਵਿਧੀ, ਜ਼ਖ਼ਮਾਂ ਦੀ ਪੱਟੀ ਬੰਨ੍ਹਣਾ, ਹੱਡੀ ਟੁੱਟਣ 'ਤੇ ਦਿੱਤੀ ਜਾਣ ਵਾਲੀ ਤੁਰੰਤ ਸਹਾਇਤਾ ਅਤੇ ਸੜਨ ਵਰਗੀਆਂ ਨਾਜ਼ੁਕ ਸਥਿਤੀਆਂ ਵਿੱਚ ਰਾਹਤ ਪਹੁੰਚਾਉਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਕੇ ਲਾਈਵ ਡੈਮੋ ਦਿੱਤੇ।

ਸਰਵਹਿਤਕਾਰੀ ਵਿਦਿਆ ਮੰਦਰ ਸਕੂਲ, ਤਲਵਾੜਾ ਦੇ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਸ਼ਰਮਾ ਨੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਜੀ ਦੀ ਅਗਵਾਈ ਅਤੇ ਸਕੱਤਰ ਸ਼੍ਰੀ ਮੰਗੇਸ਼ ਸੂਦ ਦੀ ਦੇਖ-ਰੇਖ ਹੇਠ ਕੀਤੇ ਗਏ ਇਸ ਸ਼ਲਾਘਾਯੋਗ ਉਪਰਾਲੇ ਦੀ ਵਿਸ਼ੇਸ਼ ਤੌਰ 'ਤੇ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਜਾਗਰੂਕਤਾ, ਆਤਮ-ਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ, ਜੋ ਕਿ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

ਰੈੱਡ ਕਰਾਸ ਸੁਸਾਇਟੀ ਵੱਲੋਂ ਅਖੀਰ ਵਿੱਚ ਦੱਸਿਆ ਗਿਆ ਕਿ ਕੋਈ ਵੀ ਸਕੂਲ, ਕਾਲਜ, ਸੰਸਥਾ ਜਾਂ ਉਦਯੋਗਿਕ ਇਕਾਈ ਆਪਣੇ ਸਟਾਫ਼ ਅਤੇ ਵਿਦਿਆਰਥੀਆਂ ਲਈ ਅਜਿਹੀ ਫਸਟ ਏਡ ਟ੍ਰੇਨਿੰਗਜ਼ ਮੁਹੱਈਆ ਕਰਵਾਉਣ ਲਈ ਸ਼੍ਰੀ ਆਦਿੱਤਿਆ ਰਾਣਾ (ਸੰਯੁਕਤ ਸਕੱਤਰ, ਇੰਡੀਅਨ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ) ਨਾਲ ਉਨ੍ਹਾਂ ਦੇ ਮੋਬਾਈਲ ਨੰਬਰ 9815074447 'ਤੇ ਸਿੱਧਾ ਸੰਪਰਕ ਕਰ ਸਕਦੇ ਹਨ।

# ਮੇਅਰ ਭੁਪਿੰਦਰ ਸਿੰਘ ਬਾਜਵਾ ਤੇ ਚੇਅਰਮੈਨ ਮਾਨਿਕ ਮਹਿਤਾ ਪਹੁੰਚੇ ਗਾਂਧੀ ਨਗਰ ਕੈਂਪ-ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਕੀਤੀਆਂ ਹੱਲ

ਬਟਾਲਾ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਲਗਾਤਾਰ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀ ਮੁਸ਼ਕਿਲਾਂ ਹੱਲ ਕੀਤੀਆਂ ਜਾਂਦੀਆਂ ਹਨ। ਜਿਸ ਦੇ ਚੱਲਦਿਆਂ ਨਗਰ ਨਿਗਮ ਬਟਾਲਾ ਦੇ ਮੇਅਰ ਭੁਪਿੰਦਰ ਸਿੰਘ ਬਾਜਵਾ ਤੇ ਚੇਅਰਮੈਨ ਮਾਨਿਕ ਮਹਿਤਾ ਪਹੁੰਚੇ ਗਾਂਧੀ ਨਗਰ ਕੈਂਪ ਅਤੇ ਲੋਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਗਈਆਂ।

ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਸ਼ਹਿਰ ਵਾਸੀਆਂ ਦੀ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਬਟਾਲਾ ਸ਼ਹਿਰ 'ਚ ਪਿਛਲੇ ਕਰੀਬ ਸਾਢੇ ਚਾਰ ਸਾਲਾਂ ਵਿੱਚ ਵੱਖ ਵੱਖ ਵਿਕਾਸ ਕਾਰਜ ਕਰਵਾ ਕੇ ਸ਼ਹਿਰ ਦੀ ਨੁਹਾਰ ਬਦਲੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਬਟਾਲਾ



ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।

ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਟਰੈਫਿਕ ਲਾਈਟਾਂ ਲਗਾਈਆਂ ਗਈਆਂ ਹਨ। ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖ਼ੂਬਸੂਰਤ ਦਿੱਖ ਦਿੱਤੀ ਗਈ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾ ਕੇ ਉਸਾਰੀ ਕਰਵਾਈ ਗਈ ਹੈ। ਸ਼ਹਿਰ ਵਾਸੀਆਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਕਰਦਿਆਂ ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਟਰੈਫਿਕ ਲਾਈਟਾਂ ਲਗਾਈਆਂ ਗਈਆਂ ਹਨ। ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖ਼ੂਬਸੂਰਤ ਦਿੱਖ ਦਿੱਤੀ ਗਈ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਖਲਈ ਵਿਕਾਸ ਕੰਮ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

# 12 ਸਤੰਬਰ ਤੱਕ ਦਾਅਵੇ-ਇਤਰਾਜ਼ ਦਰਜ ਕਰਵਾ ਸਕਣਗੇ ਵੋਟਰ: ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ, 25 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਐਸ.ਆਈ.ਆਰ.-2026 ਤਹਿਤ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਜ਼ਿਲ੍ਹੇ ਵਿੱਚ 13 ਅਗਸਤ ਨੂੰ ਸਾਰੇ ਵਿਧਾਨ ਸਭਾ ਚੋਣ ਹਲਕਿਆਂ ਦੇ ਚੋਣ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਕਰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 7 ਵਿਧਾਨ ਸਭਾ ਚੋਣ ਹਲਕਿਆਂ ਵਿੱਚ ਕੁੱਲ 1,601 ਪੋਲਿੰਗ ਸਟੇਸ਼ਨ ਹਨ ਅਤੇ ਮੁੱਢਲੀ ਵੋਟਰ ਸੂਚੀ ਵਿੱਚ ਕੁੱਲ 11,69,930 ਵੋਟਰ ਦਰਜ ਹਨ। ਇਨ੍ਹਾਂ ਵਿੱਚ 6,06,876 ਪੁਰਸ਼, 5,63,024 ਮਹਿਲਾਵਾਂ ਅਤੇ 30 ਥਰਡ ਜੈਂਡਰ ਵੋਟਰ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਢਲੀ ਵੋਟਰ ਸੂਚੀ ਸਬੰਧੀ 12 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਜਿਨ੍ਹਾਂ ਯੋਗ ਨਾਗਰਿਕਾਂ ਦਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ ਅਤੇ ਜਿਨ੍ਹਾਂ ਦੀ ਉਮਰ 1 ਅਕਤੂਬਰ 2026 ਨੂੰ 18 ਸਾਲ ਜਾਂ ਇਸ ਤੋਂ ਵੱਧ ਹੋਵੇਗੀ, ਉਹ ਆਪਣਾ ਨਾਮ ਸ਼ਾਮਲ ਕਰਵਾਉਣ



ਲਈ ਫਾਰਮ ਨੰਬਰ 6 ਭਰ ਸਕਦੇ ਹਨ। ਵੋਟਰ ਸੂਚੀ ਵਿੱਚ ਦਰਜ ਕਿਸੇ ਨਾਮ 'ਤੇ ਇਤਰਾਜ਼ ਜਾਂ ਨਾਮ ਹਟਾਉਣ ਲਈ ਫਾਰਮ ਨੰਬਰ 7 ਅਤੇ ਵੇਰਵਿਆਂ ਵਿੱਚ ਸੋਧ ਲਈ ਫਾਰਮ ਨੰਬਰ 8 ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਇਹ ਅਰਜ਼ੀਆਂ ਸਬੰਧਤ ਬੀ.ਐਲ.ਓ./ ਈ.ਆਰ.ਓ. ਦਫ਼ਤਰ ਵਿੱਚ ਜਾਂ ਆਨਲਾਈਨ ਵੋਟਰ ਹੈਲਪਲਾਈਨ ਰਾਹੀਂ ਵੀ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।

ਆਸ਼ਿਕਾ ਜੈਨ ਨੇ ਦੱਸਿਆ ਕਿ ਪ੍ਰਾਪਤ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਸਬੰਧਤ ਚੋਣ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ 8 ਅਕਤੂਬਰ 2026 ਤੱਕ ਕੀਤਾ ਜਾਵੇਗਾ। ਇਸ ਤੋਂ ਬਾਅਦ ਜ਼ਿਲ੍ਹੇ ਵਿੱਚ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 12 ਅਕਤੂਬਰ 2026 ਨੂੰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਵੱਲੋਂ ਅਨਮੈਪ ਵੋਟਰ ਅਤੇ ਮੈਪਿੰਗ ਦੌਰਾਨ ਪਾਇਆਂ ਗਈਆਂ ਤਰੁਟੀਆਂ ਦੇ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਇਸ ਸਬੰਧੀ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਅਤੇ ਮੈਪਿੰਗ ਦੌਰਾਨ ਪਾਇਆਂ ਗਈਆਂ ਤਰੁਟੀਆਂ ਦੇ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਇਸ ਸਬੰਧੀ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਆਪ ਨੂੰ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਜਾਂ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ ਪਾਸੋਂ ਨੋਟਿਸ ਪ੍ਰਾਪਤ ਹੁੰਦਾ ਹੈ ਤਾਂ ਆਪਣੇ ਦਸਤਾਵੇਜ਼ ਨਿਰਧਾਰਤ ਆਪ ਨੂੰ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਜਾਂ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ ਪਾਸੋਂ ਨੋਟਿਸ ਪ੍ਰਾਪਤ ਹੁੰਦਾ ਹੈ ਤਾਂ ਇਸ ਸਬੰਧੀ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਆਪ ਨੂੰ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਜਾਂਆਪਣੇ ਦਸਤਾਵੇਜ਼ ਨਿਰਧਾਰਤ ਮਿਤੀ ਨੂੰ ਦੱਸੇ ਗਏ ਸਥਾਨ 'ਤੇ ਪੇਸ਼ ਕੀਤੇ ਜਾਣ।

# ਪੀ.ਐੱਮ. ਗਤੀਸ਼ਕਤੀ ਪੋਰਟਲ ਦੀ ਵਰਤੋਂ ਵਿੱਚ ਹਰਿਆਣਾ ਦੇਸ਼ ਵਿੱਚ ਪਹਿਲੇ ਸਥਾਨ 'ਤੇ ਬੁਨਿਆਦੀ ਢਾਂਚਾ ਪ੍ਰੋਜੈਕਟ 9 ਤੋਂ ਵੱਧ ਕੇ 34 ਹੋਏ

## ਤਕਨੀਕ ਅਧਾਰਿਤ ਏਕੀਕ੍ਰਿਤ ਯੋਜਨਾ ਨਾਲ ਪ੍ਰੋਜੈਕਟਾਂ ਦੀ ਤਿਆਰੀ ਅਤੇ ਲਾਗੂ ਕਰਨ ਵਿੱਚ ਆਈ ਤੇਜ਼ੀ

ਚੰਡੀਗੜ੍ਹ, 25 ਅਗਸਤ
--ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿੱਚ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਯੋਜਨਾ ਅਤੇ ਲਾਗੂ ਕਰਨ ਨੂੰ ਤੇਜ਼ ਤੇ ਪ੍ਰਭਾਵੀ ਬਣਾਉਣ ਲਈ ਪੀ.ਐਮ. ਗਤੀਸ਼ਕਤੀ ਨੈਸ਼ਨਲ ਮਾਸਟਰ ਪਲਾਨ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਹੈ। ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੌਗੀ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਸਮੀਖਿਆ ਮੀਟਿੰਗ ਵਿੱਚ ਦੱਸਿਆ ਗਿਆ ਕਿ ਪੀ.ਐਮ. ਗਤੀਸ਼ਕਤੀ ਰਾਹੀਂ ਚਿੰਨ੍ਹਿਤ, ਤੈਅ ਜਾਂ ਪੂਰੇ ਕੀਤੇ ਗਏ ਪ੍ਰੋਜੈਕਟਾਂ ਦੀ ਗਿਣਤੀ ਅਪ੍ਰੈਲ ਵਿੱਚ 9 ਤੋਂ ਵੱਧ ਕੇ ਅਗਸਤ ਵਿੱਚ 34 ਹੋ ਗਈ ਹੈ।

ਮੁੱਖ ਸਕੱਤਰ ਨੇ ਮੀਟਿੰਗ ਵਿੱਚ 'ਕੰਪੈਂਡੀਅਮ ਆਫ਼ ਯੂਜ਼ ਕੇਸ ਆਫ਼ ਪੀ.ਐਮ. ਗਤੀਸ਼ਕਤੀ ਇਨ ਹਰਿਆਣਾ' ਦਾ ਵਿਮੋਚਨ ਵੀ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਪ੍ਰੋਜੈਕਟਾਂ ਦੀ ਯੋਜਨਾ ਵਿੱਚ ਇਸ ਪਲੇਟਫਾਰਮ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਪੈਂਡਿੰਗ ਡੇਟਾ ਇੰਟੀਗ੍ਰੇਸ਼ਨ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਉਦਯੋਗ ਅਤੇ ਵਣਜ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਦੱਸਿਆ ਕਿ ਪੀ.ਐਮ. ਗਤੀਸ਼ਕਤੀ ਸਟੇਟ ਮਾਸਟਰ ਪਲਾਨ ਪੋਰਟਲ 'ਤੇ ਅਧਿਕਾਰੀਆਂ ਨੂੰ ਐਕਸੈਸ ਉਪਲਬਧ ਕਰਵਾਉਣ ਦੇ ਮਾਮਲੇ ਵਿੱਚ ਹਰਿਆਣਾ ਦੇਸ਼ ਦੇ ਰਾਜਾਂ ਵਿੱਚ ਪਹਿਲੇ ਸਥਾਨ 'ਤੇ ਹੈ। ਹੁਣ ਤੱਕ 720 ਤੋਂ ਵੱਧ ਅਧਿਕਾਰੀਆਂ ਨੂੰ ਪੋਰਟਲ ਨਾਲ ਜੋੜਿਆ ਜਾ ਚੁੱਕਾ ਹੈ ਅਤੇ 244




ਸਮਰੱਥਾ ਨਿਰਮਾਣ ਸੈਸ਼ਨਾਂ ਰਾਹੀਂ 944 ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ।

ਪੀ.ਐਮ. ਗਤੀਸ਼ਕਤੀ ਦੇ ਜੀ.ਆਈ.ਐਸ. ਅਧਾਰਿਤ ਟੂਲਸ ਨਾਲ ਪ੍ਰੋਜੈਕਟਾਂ ਦੀ ਸਾਈਟ ਅਸੈਸਮੈਂਟ ਪ੍ਰਕਿਰਿਆ ਵਿੱਚ ਵੀ ਮਹੱਤਵਪੂਰਨ ਤੇਜ਼ੀ ਆਈ ਹੈ। ਹਿਸਾਰ ਦੇ ਪ੍ਰਸਤਾਵਿਤ ਜ਼ਿਲ੍ਹਾ ਸਿਵਲ ਹਸਪਤਾਲ ਅਤੇ ਪਾਣੀਪਤ ਦੇ ਮਤਲੌਡਾ ਵਿੱਚ ਪ੍ਰਸਤਾਵਿਤ ਬੱਸ ਟਰਮੀਨਲ ਲਈ ਸਾਈਟ ਅਸੈਸਮੈਂਟ ਦਾ ਸਮਾਂ ਲਗਭਗ 40-45 ਦਿਨਾਂ ਤੋਂ ਘੱਟ ਕੇ ਸਿਰਫ਼ 1-2 ਦਿਨ ਰਹਿ ਗਿਆ ਹੈ। ਵਾਸਤੁਕਲਾ ਵਿਭਾਗ ਵਿੱਚ ਵੀ ਇਹ ਸਮਾਂ 33-39 ਦਿਨਾਂ ਤੋਂ ਘੱਟ ਕੇ 1-2 ਦਿਨ ਹੋ ਗਿਆ ਹੈ।

ਸਿੰਚਾਈ ਵਿਭਾਗ ਨੇ ਹਿਸਾਰ-ਘੱਗਰ ਡ੍ਰੇਨ ਦੇ ਨਾਲ ਵੱਖ-ਵੱਖ ਵਿਭਾਗਾਂ ਦੀਆਂ ਜਾਇਦਾਦਾਂ ਨਾਲ ਜੁੜੇ ਨਾਜਾਇਜ਼ ਕਬਜ਼ਿਆਂ ਦੀ ਪਛਾਣ ਲਈ ਵੀ ਇਸ ਪਲੇਟਫਾਰਮ ਦੀ ਵਰਤੋਂ ਕੀਤੀ। ਇਸ ਨਾਲ ਪ੍ਰਕਿਰਿਆ ਦਾ ਸਮਾਂ ਲਗਭਗ 45 ਦਿਨਾਂ ਤੋਂ ਘੱਟ ਕੇ 1-2 ਦਿਨ ਰਹਿ ਗਿਆ ਅਤੇ ਗ੍ਰਾਊਂਡ ਵੈਰੀਫਿਕੇਸ਼ਨ ਵਿੱਚ ਲਗਭਗ 95 ਫੀਸਦੀ ਡੇਟਾ ਸਹੀ ਪਾਇਆ ਗਿਆ।

ਉਦਯੋਗਿਕ ਬੁਨਿਆਦੀ ਢਾਂਚੇ ਦੀ ਯੋਜਨਾ ਲਈ ਐਚ.ਐਸ.ਆਈ.ਆਈ.ਡੀ.ਸੀ. ਨੇ ਮਾਲ, ਸੜਕ, ਰੇਲ, ਜੰਗਲਾਤ, ਸਿੰਚਾਈ, ਬਿਜਲੀ ਅਤੇ ਕਨੈਕਟੀਵਿਟੀ ਸਮੇਤ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਨੂੰ ਏਕੀਕ੍ਰਿਤ ਕਰਨ ਵਾਲਾ ਜੀ.ਆਈ.ਐਸ. ਅਧਾਰਿਤ ਟੂਲ ਵਿਕਸਿਤ ਕੀਤਾ ਹੈ। ਇਸ ਦੀ ਵਰਤੋਂ ਰੇਵਾੜੀ, ਜੀਂਦ, ਫਰੀਦਾਬਾਦ, ਅੰਬਾਲਾ, ਸੋਨੀਪਤ ਦੇ ਰਾਈ ਅਤੇ ਸਾਰਲ ਤੇ ਨਾਰਾਇਣਗੜ੍ਹ ਵਿੱਚ ਉਦਯੋਗਿਕ ਮਾਡਲ ਟਾਊਨਸ਼ਿਪ ਦੀ ਯੋਜਨਾ ਵਿੱਚ ਕੀਤੀ ਜਾ ਰਹੀ ਹੈ।

ਨੂੰਹ ਵਿੱਚ ਪੀ.ਐਮ. ਗਤੀਸ਼ਕਤੀ ਰਾਹੀਂ ਮੁੱਢਲੇ ਸਿਹਤ ਕੇਂਦਰਾਂ ਦੀ ਪਹੁੰਚ ਦਾ ਜੀ.ਆਈ.ਐਸ. ਅਧਾਰਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਨਾਲ ਆਬਾਦੀ, ਭੂਗੋਲਿਕ ਸਥਿਤੀ ਅਤੇ ਸਿਹਤ ਸਹੂਲਤਾਂ ਦੀ ਪਹੁੰਚ ਦੇ ਆਧਾਰ 'ਤੇ ਲੋੜਵੰਦ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਮਿਲੀ ਹੈ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਚਿੰਨ੍ਹਿਤ 82 ਬੁਨਿਆਦੀ ਢਾਂਚਾ ਪ੍ਰੋਜੈਕਟਾਂ ਵਿੱਚੋਂ 61 ਦੀ ਮੈਪਿੰਗ ਪੀ.ਐਮ. ਗਤੀਸ਼ਕਤੀ ਪਲੇਟਫਾਰਮ 'ਤੇ ਕੀਤੀ ਜਾ ਚੁੱਕੀ ਹੈ, ਜਦੋਂ ਕਿ ਅਪ੍ਰੈਲ ਵਿੱਚ ਇਹ ਗਿਣਤੀ 40 ਸੀ।

ਬਾਕੀ ਪ੍ਰੋਜੈਕਟਾਂ ਦੀ ਮੈਪਿੰਗ ਜਲਦੀ ਪੂਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ 23 ਵਿਭਾਗਾਂ ਦੁਆਰਾ ਏ.ਪੀ.ਆਈ. ਰਾਹੀਂ ਡੇਟਾ ਲੇਅਰਜ਼ ਨੂੰ ਜੋੜਨ ਦੀ ਪ੍ਰਕਿਰਿਆ ਵਿੱਚੋਂ 22 ਵਿਭਾਗਾਂ ਨੇ ਪ੍ਰਕਿਰਿਆ ਸ਼ੁਰੂ ਜਾਂ ਪੂਰੀ ਕਰ ਲਈ ਹੈ।

ਮੁੱਖ ਸਕੱਤਰ ਨੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਏਕੀਕ੍ਰਿਤ ਐਨ.ਓ.ਸੀ. ਪ੍ਰਣਾਲੀ ਵਿਕਸਿਤ ਕਰਨ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਲੋਕ ਨਿਰਮਾਣ ਵਿਭਾਗ ਅਤੇ ਸਬੰਧਤ ਵਿਭਾਗਾਂ ਦੁਆਰਾ ਬੀ.ਆਈ.ਐਸ.ਏ.ਜੀ.-ਐੱਨ. (BISAG-N) ਦੇ ਤਕਨੀਕੀ ਸਹਿਯੋਗ ਨਾਲ ਇਸ ਦਾ ਪਾਇਲਟ ਐਪਲੀਕੇਸ਼ਨ ਵਿਕਸਿਤ ਕੀਤਾ ਜਾ ਰਿਹਾ ਹੈ।

ਸ਼੍ਰੀ ਰਸਤੌਗੀ ਨੇ ਜੀ.ਐਮ.ਡੀ.ਏ. ਨੂੰ ਗੁਰੂਗ੍ਰਾਮ ਦੇ ਸਿਟੀ ਲੌਜਿਸਟਿਕਸ ਪਲਾਨ ਨੂੰ ਜਲਦੀ ਅੰਤਿਮ ਰੂਪ ਦੇਣ ਅਤੇ ਫਰੀਦਾਬਾਦ ਲਈ ਵੀ ਇਸੇ ਤਰ੍ਹਾਂ ਦੀ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਵਿਭਾਗਾਂ ਨੂੰ ਡੇਟਾ ਏਕੀਕਰਣ ਪੂਰਾ ਕਰਨ, ਆਪਸੀ ਤਾਲਮੇਲ ਵਧਾਉਣ ਅਤੇ ਪ੍ਰੋਜੈਕਟਾਂ ਨਾਲ ਜੁੜੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਕਿਹਾ।

ਉਨ੍ਹਾਂ ਕਿਹਾ ਕਿ ਪੀ.ਐਮ. ਗਤੀਸ਼ਕਤੀ ਦਾ ਉਦੇਸ਼ ਬੁਨਿਆਦੀ ਢਾਂਚਾ ਯੋਜਨਾ ਨੂੰ ਵਧੇਰੇ ਵਿਗਿਆਨਕ ਅਤੇ ਏਕੀਕ੍ਰਿਤ ਬਣਾਉਣਾ, ਪ੍ਰੋਜੈਕਟਾਂ ਦੀ ਤਿਆਰੀ ਵਿੱਚ ਲੱਗਣ ਵਾਲੇ ਸਮੇਂ ਨੂੰ ਘੱਟ ਕਰਨਾ ਅਤੇ ਵੱਖ-ਵੱਖ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਯਕੀਨੀ ਬਣਾਉਣਾ ਹੈ, ਤਾਂ ਜੋ ਜਨਤਕ ਨਿਵੇਸ਼ ਦਾ ਲਾਭ ਨਾਗਰਿਕਾਂ ਤੱਕ ਤੇਜ਼ੀ ਨਾਲ ਪਹੁੰਚ ਸਕੇ।

ਮੀਟਿੰਗ ਵਿੱਚ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਏ.ਕੇ. ਸਿੰਘ, ਨਗਰ ਅਤੇ ਗ੍ਰਾਮ ਯੋਜਨਾਬੰਦੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਅਨੁਰਾਗ ਅਗਰਵਾਲ, ਹਰਿਆਣਾ ਬਿਜਲੀ ਉਤਪਾਦਨ ਨਿਗਮ ਦੇ ਪ੍ਰਬੰਧ ਨਿਦੇਸ਼ਕ ਸ਼੍ਰੀ ਪੰਕਜ, ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਡਾ. ਆਦਿਤਿਆ ਦਹੀਆ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਮੁਹਾਲੀ ਬਣੇਗਾ ਆਈ.ਟੀ. ਹੱਬ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**➢ ਟ੍ਰਾਈਸਿਟੀ ਵਿਸ਼ਾਲ ਪ੍ਰਤਿਭਾ ਪੂਲ ਤੱਕ ਪਹੁੰਚ ਮੁਹੱਈਆ ਕਰ ਰਿਹਾ ਹੈ, ਜਿਸ ਨਾਲ ਕੰਪਨੀਆਂ ਲਈ ਵਿਸ਼ੇਸ਼ ਟੀਮਾਂ ਬਣਾਉਣਾ ਆਸਾਨ ਹੋਇਆ ➢ ਮੁਹਾਲੀ ਆਈ.ਟੀ. ਸਿਟੀ, ਚੰਗੀ ਤਰ੍ਹਾਂ ਜੁੜੀਆਂ ਸੜਕਾਂ ਅਤੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਹੋਣ ਦੇ ਨਾਲ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਪੇਸ਼ ਕਰਦਾ ਹੈ**



**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ‘ਨੈਸਕੌਮ (ਨੈਸ਼ਨਲ ਐਸੋਸੀਏਸ਼ਨ ਆਫ਼ ਸਾਫਟਵੇਅਰ ਐਂਡ ਸਰਵਿਸਿਜ਼ ਕੰਪਨੀਜ਼) ਦੇ ਵਫ਼ਦ ਨਾਲ ਅਹਿਮ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ ਪੰਜਾਬ ਤੇਜ਼ੀ ਨਾਲ ਪ੍ਰਮੁੱਖ ਆਈ.ਟੀ. ਹੱਬ ਵਜੋਂ ਉੱਭਰ ਰਿਹਾ ਹੈ, ਜਿਸ ਤਹਿਤ ਮੁਹਾਲੀ ਏ.ਆਈ., ਡਿਜੀਟਲ ਇਨੋਵੇਸ਼ਨ ਅਤੇ ਗਲੋਬਲ ਕੈਪੇਬਿਲਟੀ ਸੈਂਟਰਾਂ ਲਈ ਮੋਹਰੀ ਕੇਂਦਰ ਬਣਨ ਲਈ ਤਿਆਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਮਜ਼ਬੂਤ ਹੁਨਰਮੰਦ ਪ੍ਰਤਿਭਾ ਪੂਲ, ਘੱਟ ਕਾਰੋਬਾਰੀ ਲਾਗਤਾਂ, ‘ਇਨਵੈਸਟ ਪੰਜਾਬ ਅਤੇ ਨਵੀਂ ਜੀ.ਸੀ.ਸੀ. ਨੀਤੀ 2026 ਤਕਨਾਲੋਜੀ ਕੰਪਨੀਆਂ ਅਤੇ ਨਵੇਂ ਨਿਵੇਸ਼ ਲਈ ਮਜ਼ਬੂਤ ਈਕੋ-ਸਿਸਟਮ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਵਿੱਚ ਹੋਰ ਨਿਵੇਸ਼ ਲਿਆਉਣ ਅਤੇ ਆਪਣੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਮੀਟਿੰਗ ਦੀ ਵੀਡੀਓ ਕਲਿੱਪ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ‘ਐਕਸ’ ਉੱਤੇ ਲਿਖਿਆ, ਪੰਜਾਬ ਨੂੰ ਆਈ.ਟੀ. ਖੇਤਰ ਵਿੱਚ ਮੋਹਰੀ ਬਣਾਉਣ ਦੇ ਉਦੇਸ਼ ਨਾਲ ਅੱਜ ਚੰਡੀਗੜ੍ਹ ਵਿੱਚ ਨੈਸਕੌਮ ਦੇ ਵਫ਼ਦ ਨਾਲ ਮਹੱਤਵਪੂਰਨ ਮੀਟਿੰਗ ਕੀਤੀ। ਪੰਜਾਬ ਹੁਣ ਏ.ਆਈ., ਡਿਜੀਟਲ ਇਨੋਵੇਸ਼ਨ ਅਤੇ ਗਲੋਬਲ ਕੈਪੇਬਿਲਟੀ ਸੈਂਟਰਾਂ (ਜੀ.ਸੀ.ਸੀ.) ਲਈ ਪ੍ਰਮੁੱਖ ਕੇਂਦਰ ਵਜੋਂ ਉੱਭਰ ਰਿਹਾ ਹੈ। ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਦੇ ਨਾਲ ਮੁਹਾਲੀ ਉੱਤਰੀ ਭਾਰਤ ਵਿੱਚ ਤੇਜ਼ੀ ਨਾਲ ਪਸੰਦੀਦਾ ਸਥਾਨ ਬਣ ਰਿਹਾ ਹੈ। ਸਾਡੇ ਕੋਲ ਆਈ.ਆਈ.ਟੀ. ਅਤੇ ਆਈ.ਐੱਸ.ਬੀ. ਵਰਗੀਆਂ ਨਾਮਵਰ ਸੰਸਥਾਵਾਂ ਤੋਂ ਮਜ਼ਬੂਤ ਅਤੇ ਹੁਨਰਮੰਦ ਪ੍ਰਤਿਭਾ ਪੂਲ ਹੈ। ਇਸ ਦੇ ਨਾਲ ਹੀ ਘੱਟ ਕਾਰੋਬਾਰੀ ਲਾਗਤਾਂ, ‘ਇਨਵੈਸਟ ਪੰਜਾਬ’ ਅਤੇ ਨਵੀਂ ਜੀ.ਸੀ.ਸੀ. ਨੀਤੀ 2026 ਰਾਹੀਂ ਨਿਵੇਸ਼ਕਾਂ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ‘ਆਪ’ ਸਰਕਾਰ ਪੰਜਾਬ ਵਿੱਚ ਨਵਾਂ ਨਿਵੇਸ਼ ਲਿਆਉਣ ਅਤੇ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਤਕਨਾਲੋਜੀ ਆਧਾਰਤ ਤਬਦੀਲੀ ’ਤੇ ਧਿਆਨ ਕੇਂਦਰਿਤ ਕਰ ਰਿਹਾ ਹੈ ਅਤੇ ਸੂਬੇ ਵਿੱਚ ਅਗਲੀ ਪੀੜ੍ਹੀ ਲਈ ਉਦਯੋਗਿਕ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਉੱਭਰ ਰਹੇ ਤਕਨੀਕੀ ਮਾਡਲਾਂ ਦਾ ਲਾਭ ਉਠਾਉਣਾ ਚਾਹੁੰਦਾ ਹੈ। ਮੈਂ ਨੈਸਕੌਮ ਨੂੰ ਮੁਹਾਲੀ ਵਿੱਚ ਅਤਿ-ਆਧੁਨਿਕ ਸਟਾਰਟਅੱਪ ਇਨਕਿਊਬੇਟਰ ਵਿੱਚ ਪੰਜਾਬ ਨਾਲ ਭਾਈਵਾਲੀ ਕਰਨ ਅਤੇ ਸੂਬੇ ਦੇ ਸਟਾਰਟਅੱਪ ਅਤੇ ਇਨੋਵੇਸ਼ਨ ਈਕੋਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੰਦਾ ਹਾਂ।

ਮੁੱਖ ਮੰਤਰੀ ਨੇ ਆਖਿਆ, ਪੰਜਾਬ ਨੇ ਸੂਬੇ ਦੇ ਖੇਤੀਬਾੜੀ ਖੇਤਰ ਵਿੱਚ ਏ.ਆਈ. ਨੂੰ ਸ਼ਾਮਲ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਆਈ.ਆਈ.ਟੀ. ਰੋਪੜ ਅਤੇ ਕੇਂਦਰੀ ਖੇਤੀਬਾੜੀ ਮੰਤਰਾਲੇ ਨਾਲ ਹੱਥ ਮਿਲਾਇਆ ਹੈ। ਇਹ ਸਹਿਯੋਗ ਕਿਸਾਨਾਂ ਦੀ ਪੈਦਾਵਾਰ ਵਧਾਉਣ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਸਮਾਰਟ ਫਾਰਮਿੰਗ ਮਾਡਲਾਂ ਅਤੇ ਭਵਿੱਖਬਾਣੀ ਵਿਸ਼ਲੇਸ਼ਣ ਨੂੰ ਏਕੀਕ੍ਰਿਤ ਕਰਨ ਵੱਲ ਕੰਮ ਕਰੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਹੁ-ਕੌਮੀ ਕਾਰਪੋਰੇਸ਼ਨਾਂ ਪੰਜਾਬ ਭਰ ਵਿੱਚ, ਖ਼ਾਸ ਕਰ ਕੇ ਮੁਹਾਲੀ ਵਿੱਚ ਨਿਵੇਸ਼ ਲਈ ਭਾਰੀ ਦਿਲਚਸਪੀ ਦਿਖਾ ਰਹੀਆਂ ਹਨ। ਉਨ੍ਹਾਂ ਕਿਹਾ, ਮੁਹਾਲੀ ਵਿਸ਼ਵ ਪੱਧਰੀ ਹਵਾਈ, ਰੇਲ ਅਤੇ ਸੜਕੀ ਸੰਪਰਕ, ਉੱਚ ਪੱਧਰੀ ਮੈਡੀਕਲ ਸਹੂਲਤਾਂ, ਮਿਆਰੀ ਵਿੱਦਿਅਕ ਸੰਸਥਾਵਾਂ ਅਤੇ ਜ਼ਮੀਨ ਦੀ ਉਪਲਬਧਤਾ ਨਾਲ ਬੇਮਿਸਾਲ ਬੁਨਿਆਦੀ ਢਾਂਚਾ ਪੇਸ਼ ਕਰਦਾ ਹੈ। ਇਹ ਚੀਜ਼ਾਂ ਮੁਹਾਲੀ ਨੂੰ ਗਲੋਬਲ ਕੰਪਨੀਆਂ ਅਤੇ ਤਕਨਾਲੋਜੀ ਆਧਾਰਤ ਨਿਵੇਸ਼ ਲਈ ਆਕਰਸ਼ਕ ਸਥਾਨ ਬਣਾਉਂਦੀਆਂ ਹਨ।

ਉਨ੍ਹਾਂ ਕਿਹਾ, ਮੁਹਾਲੀ ਵਿੱਚ ਅਤੇ ਇਸ ਦੇ ਆਲੇ-ਦੁਆਲੇ ਛੇ ਵਿਸ਼ਵ ਪੱਧਰੀ ਯੂਨੀਵਰਸਿਟੀਆਂ ਸਥਿਤ ਹਨ, ਜੋ ਗਲੋਬਲ ਕੰਪਨੀਆਂ ਨੂੰ ਪ੍ਰਤਿਭਾ ਪੂਲ ਤੱਕ ਸਿੱਧੀ ਪਹੁੰਚ ਦਿੰਦੀਆਂ ਹਨ। ਹੁਨਰਮੰਦ ਮਨੁੱਖੀ ਸ਼ਕਤੀ, ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਅਤੇ ਸੰਪਰਕ ਦਾ ਇਹ ਸੁਮੇਲ ਕੰਪਨੀਆਂ ਨੂੰ ਆਪਣੇ ਕੰਮਕਾਜ ਸਥਾਪਤ ਕਰਨ ਅਤੇ ਵਧਾਉਣ ਲਈ ਨਿੱਗਰ ਈਕੋ-ਸਿਸਟਮ ਮੁਹੱਈਆ ਕਰਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ, ਜਿਸ ਨੇ ਇਤਿਹਾਸਕ ‘ਰਾਈਟ ਟੂ ਬਿਜ਼ਨਸ ਐਕਟ’ ਪਾਸ ਕੀਤਾ, ਜਿਸ ਨਾਲ ਉੱਦਮੀਆਂ ਲਈ ਕੰਮਕਾਜ ਸ਼ੁਰੂ ਕਰਨ ਦੀ ਪ੍ਰਕਿਰਿਆ ਸੁਖਾਲੀ ਹੋਈ। ਉਨ੍ਹਾਂ ਕਿਹਾ, ਪੰਜਾਬ ਦਾ ਮਜ਼ਬੂਤ ਸਿੰਗਲ ਵਿੰਡੋ ਸਿਸਟਮ ਅਤੇ ਡਿਜੀਟਾਈਜ਼ਡ ਜਨਤਕ ਸੇਵਾ ਡਿਲੀਵਰੀ ਉਦਯੋਗ ਦੇ ਮਾਪਦੰਡਾਂ ਵਜੋਂ ਉੱਭਰੀ ਹੈ। ਕਈ ਹੋਰ ਰਾਜਾਂ ਨੇ ਵੀ ਪੰਜਾਬ ਮਾਡਲ ਅਪਣਾਇਆ ਹੈ। ਸਾਡੀ ਸਰਕਾਰ ਕਾਰੋਬਾਰਾਂ ਲਈ ਪੰਜਾਬ ਵਿੱਚ ਨਿਵੇਸ਼ ਕਰਨਾ, ਕੰਮ ਕਰਨਾ ਅਤੇ ਵਿਸਤਾਰ ਕਰਨਾ ਆਸਾਨ ਬਣਾਉਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਪੁਸ਼ਟੀ ਕੀਤੀ, ਸਾਡੀ ਸਰਕਾਰ ਨਿਵੇਸ਼ ਈਕੋ-ਸਿਸਟਮ ਨੂੰ ਮਜ਼ਬੂਤ ਕਰਨ, ਤਕਨਾਲੋਜੀ-ਸੰਚਾਲਿਤ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਮੀਟਿੰਗ ਦੌਰਾਨ ਉਦਯੋਗ ਤੇ ਵਣਜ ਅਤੇ ਇਨਵੈਸਟਮੈਂਟ ਪ੍ਰੋਮੋਸ਼ਨ ਮੰਤਰੀ ਅਮਨ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਜੈਸ਼ੰਕਰ ਵੱਲੋਂ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ; ਦੁਵੱਲੇ ਸਬੰਧਾਂ ਅਤੇ ਆਲਮੀ ਵਿਕਾਸ ’ਤੇ ਚਰਚਾ

**ਮਾਸਕੋ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸੋਮਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ ਹੈ। ਇਸ ਦੌਰਾਨ ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਅਤੇ ਆਲਮੀ ਵਿਕਾਸ ’ਤੇ ਚਰਚਾ ਕੀਤੀ। ਜੈਸ਼ੰਕਰ, ਜੋ ਮਾਸਕੋ ਪਹੁੰਚੇ ਸਨ, ਰੂਸ ਦੇ ਦੋ ਦਿਨਾਂ ਦੌਰੇ ’ਤੇ ਹਨ। ਇਹ ਪੁਤਿਨ ਦੇ 12-13 ਸਤੰਬਰ ਨੂੰ ਬ੍ਰਿਕਸ (BRICS) ਨੇਤਾਵਾਂ ਦੇ ਸੰਮੇਲਨ ਲਈ ਨਵੀਂ ਦਿੱਲੀ ਦੇ ਸੰਭਾਵਿਤ ਦੌਰੇ ਤੋਂ ਪਹਿਲਾਂ ਹੋਇਆ ਹੈ।

ਇਹ ਬੈਠਕ ਅਜਿਹੇ ਸਮੇਂ ਵਿੱਚ ਮਹੱਤਵ ਰੱਖਦੀ ਹੈ ਜਦੋਂ ਭਾਰਤ ਅਤੇ ਰੂਸ ਆਪਣੇ ਆਰਥਿਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਕਈ ਖੇਤਰਾਂ ਵਿੱਚ ਸਹਿਯੋਗ ਦਾ ਵਿਸਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦਿਨ ਦੀ ਸ਼ੁਰੂਆਤ ਵਿੱਚ, ਵਿਦੇਸ਼ ਮੰਤਰੀ ਨੇ ਦੁਵੱਲੀ ਵਪਾਰ ਅਤੇ ਆਰਥਿਕ ਸਹਿਯੋਗ ਨੂੰ ਹੋਰ ਵਧਾਉਣ ਦੇ ਤਰੀਕਿਆਂ ਬਾਰੇ ਰੂਸ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਡੈਨਿਸ ਮੰਤੂਰੋਵ ਨਾਲ ਗੱਲਬਾਤ ਕੀਤੀ।

ਜੈਸ਼ੰਕਰ ਨੇ ਮੰਤੂਰੋਵ ਨਾਲ ਸਹਿ-ਪ੍ਰਧਾਨਗੀ ਵਾਲੇ ਇੱਕ ਸਮਾਗਮ ਵਿੱਚ ਕਿਹਾ, ਇੱਥੋਂ ਤੱਕ ਕਿ ਇੱਕ ਗੁੰਝਲਦਾਰ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਦੇ ਵਿਚਕਾਰ ਵੀ, ਸਾਡਾ ਸਹਿਯੋਗ ਡੂੰਘਾ ਹੁੰਦਾ ਰਿਹਾ ਹੈ, ਜੋ ਉਸ ਆਪਸੀ ਹਿੱਤ ਅਤੇ ਵਿਸ਼ਵਾਸ ਨੂੰ ਦਰਸਾਉਂਦਾ ਹੈ ਜੋ ਸਾਡੀ ਦੁਪੱਖੀ ਭਾਈਵਾਲੀ ਨੂੰ ਪਰਿਭਾਸ਼ਤ ਕਰਦਾ ਹੈ।

ਵਿਦੇਸ਼ ਮੰਤਰਾਲੇ ਨੇ ਇਸ ਤੋਂ ਪਹਿਲਾ ਜਾਰੀ ਇੱਕ ਬਿਆਨ ਵਿੱਚ ਕਿਹਾ ਸੀ ਕਿ ਆਪਣੇ ਦੌਰੇ ਦੌਰਾਨ, ਜੈਸ਼ੰਕਰ ਖੇਤਰੀ ਅਤੇ ਆਲਮੀ ਮੁੱਦਿਆਂ ’ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਵੀ ਮੁਲਾਕਾਤ ਕਰਨਗੇ।

# ਰਾਜਪਾਲ ਨੇ ਲੋਕ ਭਵਨ ਕ੍ਰੈਚ ਦਾ ਉਦਘਾਟਨ ਕੀਤਾ; ਚੰਡੀਗੜ੍ਹ ਵਿੱਚ ਪਹਿਲੀ ਵਾਰ ਮਾਪਿਆਂ ਲਈ ਸੀਸੀਟੀਵੀ ਪਹੁੰਚ ਦੀ ਸ਼ੁਰੂਆਤ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਮਿਸ਼ਨ ਸ਼ਕਤੀ ਦੀ ‘ਪਾਲਨਾ’ ਯੋਜਨਾ ਦੇ ਤਹਿਤ ਸੈਕਟਰ 7 ਵਿਖੇ ਲੋਕ ਭਵਨ ਕ੍ਰੈਚ ਦਾ ਉਦਘਾਟਨ ਕੀਤਾ। ਇਹ ਬੱਚਿਆਂ ਲਈ ਸੁਰੱਖਿਅਤ, ਗੁਣਵੱਤਾ ਵਾਲੀਆਂ ਬਾਲ ਦੇਖਭਾਲ ਸੁਵਿਧਾਵਾਂ ਪ੍ਰਦਾਨ ਕਰਨ ਅਤੇ ਕੰਮਕਾਜੀ ਮਾਪਿਆਂ ਨੂੰ ਬਿਹਤਰ ਸਹਿਯੋਗ ਦੇਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹੈ।

ਇਸ ਨਵੇਂ ਕ੍ਰੈਚ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਮਾਪਿਆਂ/ਸਰਪ੍ਰਸਤਾਂ ਲਈ ਸੁਰੱਖਿਅਤ ਸੀਸੀਟੀਵੀ ਦੇਖਣ ਦੀ ਸੁਵਿਧਾ ਹੈ। ਪਹਿਲਾਂ ਸਹਿਮਤੀ ਨਾਲ, ਇਹ ਸੁਵਿਧਾ ਉਨ੍ਹਾਂ ਨੂੰ ਕ੍ਰੈਚ ਦੇ ਸੰਚਾਲਨ ਦੇ ਘੰਟਿਆਂ ਦੌਰਾਨ ਆਪਣੇ ਬੱਚਿਆਂ ਨੂੰ ਦੇਖਣ ਦੇ ਸਮਰੱਥ ਬਣਾਉਂਦੀ ਹੈ। ਇਹ ਸੁਵਿਧਾ ਯੂ.ਟੀ. ਚੰਡੀਗੜ੍ਹ ਵਿੱਚ ਪਹਿਲੀ ਵਾਰ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਬਾਅਦ ਵਿੱਚ ਇਸ ਨੂੰ ਹੋਰ ਕ੍ਰੈਚ ਸੈਂਟਰਾਂ ਤੱਕ ਵਿਸਤਾਰਿਤ ਕੀਤਾ ਜਾਵੇਗਾ। ਉਦਘਾਟਨ ਦੇ ਦੌਰਾਨ, ਸ਼੍ਰੀ ਕਟਾਰੀਆ ਨੇ ਨਵ ਵਿਕਸਿਤ ਪੋਸ਼ਣ ਵਾਟਿਕਾ ਦਾ ਦੌਰਾ ਕੀਤਾ, ਰੁੱਖ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ ਅਤੇ ਕ੍ਰੈਚ ਦੀਆਂ ਸੁਵਿਧਾਵਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਵੀ ਕੀਤੀ। ਮਾਪਿਆਂ ਨੇ ਇਸ ਪਹਿਲ ਦਾ ਸੁਆਗਤ ਕੀਤਾ ਅਤੇ ਆਪਣੇ ਬੱਚਿਆਂ ਨੂੰ ਪ੍ਰਦਾਨ ਕੀਤੇ ਗਏ ਸੁਰੱਖਿਅਤ ਅਤੇ ਪੋਸ਼ਣ ਵਾਲੇ ਮਾਹੌਲ ਲਈ ਆਪਣੀ ਸ਼ਲਾਘਾ ਵਿਅਕਤ ਕੀਤੀ, ਜੋ ਵਿਸ਼ੇਸ਼ ਕਰਕੇ ਕੰਮ ਕਰਨ ਵਾਲੇ ਮਾਪਿਆਂ ਅਤੇ ਮਹਿਲਾਵਾਂ ਨੂੰ ਆਪਣੀਆਂ ਪੇਸ਼ੇਵਰ ਜ਼ਿੰਮੇਦਾਰੀਆਂ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰੇਗਾ।

ਇਸ ਅਵਸਰ ’ਤੇ ਸ਼੍ਰੀ ਕਟਾਰੀਆ ਦੇ ਨਾਲ ਸਕੱਤਰ ਸ਼੍ਰੀ ਹਰਪ੍ਰੀਤ ਸਿੰਘ ਸੂਦਨ, ਅਤੇ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ, ਡਾਇਰੈਕਟਰ ਸ਼੍ਰੀ ਨਵੀਨ ਡੈਨਿਕਸ ਦੇ ਨਾਲ-ਨਾਲ ਸੀਨੀਅਰ ਅਧਿਕਾਰੀ, ਸਟਾਫ਼, ਬੱਚੇ ਅਤੇ ਉਨ੍ਹਾਂ ਦੇ ਮਾਪੇ ਉਪਸਥਿਤ ਸਨ।

# ਈ.ਡੀ. ਵਲੋਂ ਮੁਜ਼ੱਫਰਨਗਰ, ਗਾਜ਼ੀਆਬਾਦ ਅਤੇ ਫ਼ਰੀਦਾਬਾਦ ਵਿਚ 9 ਥਾਵਾਂ ’ਤੇ ਛਾਪੇਮਾਰੀ

**ਮੁਜ਼ੱਫਰਨਗਰ (ਯੂ.ਪੀ.), 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜਾਅਲੀ ਇਨਪੁਟ ਟੈਕਸ ਕ੍ਰੈਡਿਟ (ਆਈਟੀਸੀ) ਦੀ ਧੋਖਾਧੜੀ ਅਤੇ ਉਸ ਨੂੰ ਅੱਗੇ ਪਾਸ ਕਰਨ ਦੇ ਮਾਮਲੇ ਵਿਚ, ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ), 2002 ਦੇ ਉਪਬੰਧਾਂ ਦੇ ਤਹਿਤ ਮੁਜ਼ੱਫਰਨਗਰ, ਗਾਜ਼ੀਆਬਾਦ ਅਤੇ ਫ਼ਰੀਦਾਬਾਦ ਵਿਚ ਨੌਂ ਥਾਵਾਂ ’ਤੇ ਛਾਪੇਮਾਰੀ ਕੀਤੀ । ਅਧਿਕਾਰੀ

ਅਧਿਕਾਰੀ ਨੇ ਦੱਸਿਆ ਕਿ ਈਡੀ ਦੇ ਲਖਨਊ ਜ਼ੋਨਲ ਦਫਤਰ ਨੇ ਤੜਕੇ ਜੰਬੂਦਵਿਪ ਐਕਸਪੋਰਟਸ ਐਂਡ ਇੰਪੋਰਟਸ ਲਿਮਟਿਡ ਨਾਲ ਜੁੜੇ ਇਕ ਮਾਮਲੇ ਦੇ ਸੰਬੰਧ ਵਿਚ ਛਾਪੇਮਾਰੀ ਕੀਤੀ। ਦੋਸ਼ ਹੈ ਕਿ ਸੰਸਥਾ ਕਥਿਤ ਤੌਰ ’ਤੇ ਮਾਲ ਦੀ ਅਸਲ ਆਵਾਜਾਈ ਤੋਂ ਬਿਨਾਂ ਜਾਅਲੀ ਇਨਵੌਇਸਾਂ ਅਤੇ ਈ-ਵੇਅ ਬਿੱਲਾਂ ਰਾਹੀਂ ਜਾਅਲੀ ਆਈਟੀਸੀ ਤਿਆਰ ਕਰਨ ਅਤੇ ਪਾਸ ਕਰਨ ਵਿਚ ਸ਼ਾਮਿਲ ਹੈ।

# ਬੈਂਕ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 11 ਸਤੰਬਰ ਨੂੰ ਦੇਸ਼ ਵਿਆਪੀ ਹੜਤਾਲ ਦਾ ਐਲਾਨ

**ਨਵੀਂ ਦਿੱਲੀ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ (ਯੂ ਐੱਫ਼ ਬੀ ਯੂ) ਨੇ ਹਫ਼ਤੇ ਵਿੱਚ ਸਿਰਫ਼ 5 ਦਿਨ ਬੈਂਕ ਖੋਲ੍ਹਣ ਦੀ ਮੰਗ ਨੂੰ ਲਾਗੂ ਕਰਨ ਵਿੱਚ ਹੋ ਰਹੀ ਦੇਰੀ, ਕੰਮ ਦੇ ਆਧਾਰ ਉੱਤੇ ਇਨਸੈਂਟਿਵ (ਬੋਨਸ) ਦੇਣ ਦੀ ਯੋਜਨਾ ਨੂੰ ਲੈ ਕੇ ਮਤਭੇਦਾਂ ਅਤੇ ਪੈਨਸ਼ਨ ਨਾਲ ਜੁੜੀਆਂ ਸਮੱਸਿਆਵਾਂ ਸਮੇਤ ਕਈ ਲੰਬਿਤ ਮੰਗਾਂ ਨੂੰ ਲੈ ਕੇ 11 ਸਤੰਬਰ ਨੂੰ ਦੇਸ਼ ਵਿਆਪੀ ਹ ੜਤਾਲ ਕਰਨ ਦਾ ਫ਼ੈਸਲਾ ਕੀਤਾ ਹੈ। ਜੇਕਰ ਹੜਤਾਲ ਹੁੰਦੀ ਹੈ, ਤਾਂ ਦੇਸ਼ ਦੇ ਕਈ ਹਿੱਸਿਆਂ ਵਿੱਚ ਬੈਂਕਿੰਗ ਸੇਵਾਵਾਂ, ਖ਼ਾਸਕਰ ਜਨਤਕ ਖੇਤਰ ਦੇ ਬੈਂਕਾਂ ਵਿੱਚ, ਚਾਰ ਦਿਨਾਂ ਲਈ ਪ੍ਰਭਾਵਿਤ ਹੋਣਗੀਆਂ।

ਯੂ ਐੱਫ਼ ਬੀ ਯੂ (UFBU), ਜੋ ਕਿ ਬੈਂਕ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਨੌਂ ਯੂਨੀਅਨਾਂ ਦਾ ਇੱਕ ਸੰਗਠਨ ਹੈ, ਨੇ 28 ਸਤੰਬਰ ਤੋਂ ਤਿੰਨ ਦਿਨਾਂ ਦੀ ਦੇਸ਼ ਵਿਆਪੀ ਹੜਤਾਲ ਦੀ ਵੀ ਧਮਕੀ ਦਿੱਤੀ ਹੈ।

ਉਨ੍ਹਾਂ ਨੇ ਸਰਕਾਰ ਅਤੇ ਬੈਂਕ ਪ੍ਰਬੰਧਨ ਵੱਲੋਂ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦੇਣ ਦੀ ਸੂਰਤ ਵਿੱਚ 26 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਹੜਤਾਲ ’ਤੇ ਜਾਣ ਦਾ ਫ਼ੈਸਲਾ ਵੀ ਕੀਤਾ ਹੈ।

ਯੂ ਐੱਫ ਬੀ ਯੂ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਫ਼ੈਸਲਾ ਐਤਵਾਰ ਨੂੰ ਹੋਈ ਇੱਕ ਮੀਟਿੰਗ ਵਿੱਚ ਯੂਨੀਅਨਾਂ ਵੱਲੋਂ ਸਰਕਾਰ ਦੇ ‘ਨਕਾਰਾਤਮਕ ਰਵੱਈਏ’ ਨੂੰ ਲੈ ਕੇ ਲਿਆ ਗਿਆ ਹੈ।ਯੂਨੀਅਨਾਂ ਮੁਤਾਬਕ, 8 ਮਾਰਚ 2024 ਨੂੰ ਹੋਏ 12ਵੇਂ ਦੋ-ਪੱਖੀ ਸਮਝੌਤੇ ਅਤੇ 9ਵੇਂ ਸੰਯੁਕਤ ਨੋਟ ਵਿੱਚ ਪੰਜ ਦਿਨ ਦੀ ਬੈਂਕਿੰਗ ਵਿਵਸਥਾ ’ਤੇ ਸਹਿਮਤੀ ਬਣੀ ਸੀ। ਇਸ ਤਹਿਤ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਕੰਮ ਦੇ ਸਮੇਂ ਵਿੱਚ ਰੋਜ਼ਾਨਾ 40 ਮਿੰਟ ਦਾ ਵਾਧਾ ਕਰਨ ਦਾ ਪ੍ਰਸਤਾਵ ਸੀ।

ਯੂਨੀਅਨਾਂ ਦਾ ਕਹਿਣਾ ਹੈ ਕਿ ਇਸ ਪ੍ਰਸਤਾਵ ਨੂੰ ਸਰਕਾਰ ਕੋਲ ਭੇਜੇ ਜਾਣ ਦੇ ਬਾਵਜੂਦ ਦੋ ਸਾਲ ਤੋਂ ਵੱਧ ਸਮੇਂ ਤੋਂ ਮਨਜ਼ੂਰੀ ਨਹੀਂ ਮਿਲੀ ਹੈ।

# ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ’ਤੇ ਚੋਣ ਲੜੇਗੀ - ਬੀ.ਐਲ. ਸੰਤੋਸ਼



**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਬਦਲਾਅ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਭਾਜਪਾ ਇਸ ਬਦਲਾਅ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ’ਤੇ ਚੋਣ ਲੜੇਗੀ ਅਤੇ ਜਿੱਤ ਹਾਸਲ ਕਰਕੇ ਸੂਬੇ ਵਿਚ ਆਪਣੀ ਸਰਕਾਰ ਬਣਾਏਗੀ। ਇਹ ਗੱਲ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ.ਐਲ. ਸੰਤੋਸ਼ ਨੇ ਕਹੀ। ਉਹ ਆਪਣੇ ਦੋ ਦਿਨਾਂ ਦੇ ਸੰਗਠਨਾਤਮਕ ਦੌਰੇ ਦੇ ਪਹਿਲੇ ਦਿਨ ਪਟਿਆਲਾ ਵਿਖੇ ਹੋਈ ਪਹਿਲੀ ਖੇਤਰੀ ਬੈਠਕ ਨੂੰ ਸੰਬੋਧਨ ਕਰ ਰਹੇ ਸਨ।

ਇਸ ਤੋਂ ਪਹਿਲਾਂ ਅੱਜ ਸਵੇਰੇ ਬੀ.ਐਲ. ਸੰਤੋਸ਼ ਦਾ ਮੁਹਾਲੀ ਹਵਾਈ ਅੱਡੇ ’ਤੇ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਨਰਿੰਦਰ ਸਿੰਘ ਰੈਣਾ ਵਲੋਂ ਸਵਾਗਤ ਕੀਤਾ ਗਿਆ।

ਆਪਣੇ ਦੌਰੇ ਦੌਰਾਨ ਬੀ.ਐਲ. ਸੰਤੋਸ਼ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਭਾਜਪਾ ਆਗੂਆਂ ਅਤੇ ਸੰਗਠਨ ਦੇ ਅਹੁਦੇਦਾਰਾਂ ਨਾਲ ਖੇਤਰੀ ਬੈਠਕਾਂ ਰਾਹੀਂ ਸੰਗਠਨ ਦੀਆਂ ਗਤੀਵਿਧੀਆਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਸਮੀਖਿਆ ਕਰਨਗੇ। ਇਨ੍ਹਾਂ ਬੈਠਕਾਂ ਵਿਚ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਅਤੇ ਸੂਬੇ ਦੇ ਲੋਕਾਂ ਤੱਕ ਪਾਰਟੀ ਦੀਆਂ ਨੀਤੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਪਹੁੰਚਾਉਣ ’ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਬੀ.ਐਲ. ਸੰਤੋਸ਼ ਨੇ ਅੱਜ ਪਟਿਆਲਾ ਅਤੇ ਬਠਿੰਡਾ ਵਿਚ ਸੰਗਠਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੀਤੀ। 25 ਅਗਸਤ ਨੂੰ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਚ ਖੇਤਰੀ ਬੈਠਕਾਂ ਹੋਣਗੀਆਂ। ਅੰਮ੍ਰਿਤਸਰ ਵਿਚ ਸੂਬਾ ਜਨਰਲ ਸਕੱਤਰਾਂ ਨਾਲ ਇਕ ਵੱਖਰੀ ਬੈਠਕ ਵੀ ਹੋਵੇਗੀ।

ਇਨ੍ਹਾਂ ਬੈਠਕਾਂ ਦਾ ਮਕਸਦ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕਰਨਾ ਅਤੇ ਜ਼ਮੀਨੀ ਪੱਧਰ ’ਤੇ ਸੰਗਠਨ ਦੀਆਂ ਤਿਆਰੀਆਂ, ਆਪਸੀ ਤਾਲਮੇਲ ਅਤੇ ਕਾਰਕੁਨਾਂ ਦੀ ਸਰਗਰਮੀ ਨੂੰ ਹੋਰ ਮਜ਼ਬੂਤ ਕਰਨਾ ਹੈ।

# ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਨੇ ਪੱਛਮੀ ਕਮਾਂਡ ਦੇ ਜੀ.ਓ.ਸੀ. ਨਾਲ ਕੀਤੀ ਮੁਲਾਕਾਤ



**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸੂਚਨਾ ਕਮਿਸ਼ਨਰ,ਪੰਜਾਬ, ਹਰਪ੍ਰੀਤ ਸੰਧੂ ਨੇ ਅੱਜ ਚੰਡੀਮੰਦਰ ਵਿਖੇ ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ(ਜੀਓਸੀ), ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ, ਏਵੀਐਸਐਮ, ਐਸਐਮ ਨਾਲ ਮੁਲਾਕਾਤ ਕੀਤੀ ਅਤੇ ਭਾਰਤ ਦੀ ਅਮੀਰ ਫੌਜੀ ਵਿਰਾਸਤ ਅਤੇ ਸ਼ਾਨਾਮੱਤੇ ਇਤਿਹਾਸ ਬਾਰੇ ਸਾਰਥਕ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੌਰਾਨ, ਹਰਪ੍ਰੀਤ ਸੰਧੂ ਨੂੰ ਆਪਣੀ ਕਲਾਕਿਰਤ, ‘ਪੀਕੌਕ - ਦ ਗਲੋਰੀ ਆਫ਼ ਇੰਡੀਆ’, ਜੋ ਕਿ ਦੇਸ਼ ਦੇ ਸੱਭਿਆਚਾਰ ਦੇ ਮਾਣ ਦਾ ਪ੍ਰਤੀਕ ਹੈ, ਦੇ ਨਾਲ-ਨਾਲ ਆਪਣੀ ਕੌਫੀ ਟੇਬਲ ਕਿਤਾਬ ‘ਸੁਖਨਾ ਝੀਲ ਐਟ ਡਾਨ’ ਪੇਸ਼ ਕੀਤੀ, ਜੋ ਕਿ ਚੰਡੀਗੜ੍ਹ ਦੇ ਨਿਰਮਾਣ ਦੇ 75ਵੇਂ ਸਾਲ ਅਤੇ ਸ਼ਹਿਰ ਦੀ ਆਰਕੀਟੈਕਚਰਲ, ਸੱਭਿਆਚਾਰਕ ਅਤੇ ਕੁਦਰਤੀ ਵਿਰਾਸਤ ਦੇ ਜਸ਼ਨਾਂ ਨੂੰ ਸਮਰਪਿਤ ਹੈ।

ਉਨ੍ਹਾਂ ਨੇ ਆਪਣੇ ਖੋਜ ਪ੍ਰਕਾਸ਼ਨ, ‘ਵੀਟ ਫੀਲਡਜ਼ ਆਫ਼ ਪੰਜਾਬ - ਦ ਸਪਿਰਿਟ ਆਫ਼ ਵਿਸਾਖੀ’ ਵੀ ਪੇਸ਼ ਕੀਤੀ, ਜੋ ਕਿ ਪੰਜਾਬ ਦੀ ਖੇਤੀਬਾੜੀ ਵਿਰਾਸਤ ਦੇ ਦਸਤਾਵੇਜ਼ੀਕਰਨ ਅਤੇ ਇਸ ਧਰਤੀ ਅਤੇ ਇੱਥੋਂ ਦੇ ਲੋਕਾਂ ਨਾਲ ਭਾਰਤੀ ਫੌਜ ਦੇ ਅਟੁੱਟ ਰਿਸ਼ਤੇ ਨੂੰ ਮਾਨਤਾ ਦੇਣ ਲਈ ਇੱਕ ਅਹਿਮ ਯੋਗਦਾਨ ਦਾ ਪ੍ਰਤੀਕ ਹੈ। ਇਹ ਵਿਚਾਰ-ਵਟਾਂਦਰਾ ਪੰਜਾਬ ਦੀ ਅਮੀਰ ਸੱਭਿਆਚਾਰਕ ਅਤੇ ਖੇਤੀ ਵਿਰਾਸਤ ਦੇ ਨਾਲ-ਨਾਲ ਭਾਰਤੀ ਫੌਜ ਦੀ ਸ਼ਾਨਾਮੱਤੀ ਵਿਰਾਸਤ ਨੂੰ ਉਤਸ਼ਾਹਿਤ ਕਰਨ ਲਈ ਸਾਂਝੀ ਵਚਨਬੱਧਤਾ ਸਪੱਸ਼ਟ ਸਬੂਤ ਹੈ। ਅਜਿਹੇ ਉਪਰਾਲਿਆਂ ਸਦਕਾ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਅਤੇ ਇਨ੍ਹਾਂ ਦੀ ਵਿਰਾਸਤ ਵਿਚਕਾਰ ਸਬੰਧ ਹੋਰ ਪਕੇਰੇ ਹੁੰਦੇ ਹਨ। ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ਼, ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ, ਏਵੀਐਸਐਮ, ਐਸਐਮ, ਨੇ ਰਾਜ ਸੂਚਨਾ ਕਮਿਸ਼ਨਰ, ਪੰਜਾਬ, ਹਰਪ੍ਰੀਤ ਸੰਧੂ ਨੂੰ ਪੱਛਮੀ ਕਮਾਂਡ ਦਾ ਇਨਸਿਗਨੀਆ ਭੇਟ ਕਰਕੇ ਸਨਮਾਨਿਤ ਕੀਤਾ - ਜੋ ਕਿ ਭਾਰਤੀ ਫੌਜ ਦੀ ਬਹਾਦਰੀ, ਸੇਵਾ ਅਤੇ ਸਥਾਈ ਵਿਰਾਸਤ ਦਾ ਮਾਣਮੱਤਾ ਪ੍ਰਤੀਕ ਹੈ।

ਭਾਰਤ ਦੀ ਅਮੀਰ ਫੌਜੀ ਵਿਰਾਸਤ ਨੂੰ ਸਮਰਪਿਤ ਇਸ ਅਰਥਪੂਰਨ ਵਿਚਾਰ ਵਟਾਂਦਰੇ ਰਾਹੀਂ ਦੇਸ਼ ਦੀ ਵਿਲੱਖਣ ਹਥਿਆਰਬੰਦ ਫੌਜੀ ਰਿਵਾਇਤ ਨੂੰ ਸੁਰੱਖਿਅਤ ਰੱਖਣ ਅਤੇ ਸਨਮਾਨ ਦੇਣ ਦੀ ਸੁਹਿਰਦ ਕੋਸ਼ਿਸ਼ ਕੀਤੀ ਗਈ।

# ਪੁਲਿਸ ਵੱਲੋਂ ਕਾਬੂ ਕੀਤੇ ਤਿੰਨੋਂ ਨੌਜਵਾਨ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧਤ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪੁਲਿਸ ਵੱਲੋਂ ਸੈਕਟਰ 43 ਸਥਿਤ ਬੱਸ ਅੱਡੇ ਦੇ ਨਜ਼ਦੀਕ ਤੋਂ ਲੰਘੀ ਦੇਰ ਰਾਤ ਇੱਕ ਟਿਫ਼ਨ ਬੰਬ ਬਰਾਮਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਲੀਸ ਨੇ ਤਿੰਨ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ, ਜਿਨ੍ਹਾਂ ਤੋਂ ਪੁਲੀਸ ਨੇ 5 ਕਿੱਲੋ ਜੈਲੇਟਿਨ ਸਟਿਕ ਵਿਸਫ਼ੋਟਕ, ਇੱਕ ਪਿਸਤੌਲ ਅਤੇ ਪੰਜ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਪੁਲੀਸ ਵੱਲੋਂ ਕਾਬੂ ਕੀਤੇ ਤਿੰਨ ਨੌਜਵਾਨਾਂ ਵਿੱਚੋਂ ਦੋ ਨੌਜਵਾਨ ਤਰਨ ਤਾਰਨ ਦੇ ਹਨ, ਜਦੋਂ ਕਿ ਇੱਕ ਨੌਜਵਾਨ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ। ਜਿਨ੍ਹਾਂ ਦੀ ਪਛਾਣ 19 ਸਾਲਾ ਲਵਪ੍ਰੀਤ ਸਿੰਘ ਵਾਸੀ ਪਿੰਡ ਸਰਹਾਲੀ (ਜ਼ਿਲ੍ਹਾ ਤਰਨ ਤਾਰਨ), 21 ਸਾਲਾ ਜਸ਼ਨਪ੍ਰੀਤ ਸਿੰਘ ਵਾਸੀ ਪਿੰਡ ਦਿਓਬਥ (ਜ਼ਿਲ੍ਹਾ ਤਰਨ ਤਾਰਨ) ਅਤੇ 19 ਸਾਲਾ ਪ੍ਰਭਪ੍ਰੀਤ ਸਿੰਘ ਵਾਸੀ ਪਿੰਡ ਤਰਸਿੱਕਾ (ਜ਼ਿਲ੍ਹਾ ਅੰਮ੍ਰਿਤਸਰ) ਵਜੋਂ ਹੋਈ ਹੈ।

ਪੁਲਿਸ ਦੀ ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਤਿੰਨੋਂ ਨੌਜਵਾਨ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜੇ ਹੋਏ ਹਨ। ਇਹ ਵਿਦੇਸ਼ ਵਿੱਚ ਬੈਠੇ ਸਤਨਾਮ ਸੱਤਾ ਨੌਸ਼ਹਿਰਾ ਦੇ ਸੰਪਰਕ ਵਿੱਚ ਸਨ, ਜਿਸ ਦੇ ਕਹਿਣ ’ਤੇ ਤਿੰਨਾਂ ਨੌਜਵਾਨਾਂ ਨੇ ਚੰਡੀਗੜ੍ਹ ਵਿੱਚ ਟਿਫ਼ਨ ਬੰਬ ਨਾਲ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣਾ ਸੀ। ਪੁਲੀਸ ਨੇ ਤਿੰਨਾਂ ਨੌਜਵਾਨਾਂ ਵਿਰੁੱਧ ਥਾਣਾ ਸੈਕਟਰ 36 ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਚੰਡੀਗੜ੍ਹ ਪੁਲੀਸ ਵੱਲੋਂ ਇਹਨਾਂ ਤਿੰਨਾਂ ਨੌਜਵਾਨਾਂ ਦੇ ਅਗਲੇ ਨੈੱਟਵਰਕ ਅਤੇ ਇਸ ਵਾਰਦਾਤ ਵਿੱਚ ਸ਼ਾਮਲ ਹੋਰਨਾ ਮੁਲਜ਼ਮਾਂ ਦੀ ਭਾਲ ਵੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪੁਲੀਸ ਨੇ ਲੰਘੀ ਦੇਰ ਰਾਤ ਗੁਪਤ ਸੂਚਨਾ ਦੇ ਆਧਾਰ ’ਤੇ ਕਾਰਵਾਈ ਕਰਦਿਆਂ ਸੈਕਟਰ 43 ਵਿਖੇ ਸਥਿਤ ਬੱਸ ਅੱਡੇ ਦੇ ਨਜ਼ਦੀਕ ਤੋਂ ਇੱਕ ਬੈਗ ਵਿੱਚੋਂ ਟਿਫ਼ਨ ਬੰਬ ਬਰਾਮਦ ਕੀਤਾ ਸੀ। ਪੁਲੀਸ ਨੇ ਟਿਫ਼ਨ ਬੰਬ ਦੇ ਨਾਲ ਹੀ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਵੀ ਸ਼ੱਕ ਦੇ ਆਧਾਰ ’ਤੇ ਗ੍ਰਿਫ਼ਤਾਰ ਕਰ ਲਿਆ ਸੀ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਿਵੇਸ਼ਕਾਂ ਅਤੇ ਉਦਯੋਗਪਤੀਆਂ ਨਾਲ ਕੀਤੀ ਰਾਊਂਡਟੇਬਲ ਕਾਨਫਰੰਸ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਹਰਿਆਣਾ ਵਿੱਚ ਨਿਵੇਸ਼ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਗਤੀ ਦੇਣ ਅਤੇ ਸੂਬੇ ਨੂੰ ਦੇਸ਼ ਦੇ ਪ੍ਰਮੁੱਖ ਉਦਯੋਗਿਕ ਅਤੇ ਨਿਵੇਸ਼ ਕੇਂਦਰ ਵਜੋਂ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੁੰਬਈ ਵਿੱਚ ਚੱਲ ਰਹੇ ‘ਹੈਪਨਿੰਗ ਹਰਿਆਣਾ 2.0’ ਗਲੋਬਲ ਕੈਪੀਟਲ ਕੈਂਪੇਨ ਤਹਿਤ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਪ੍ਰਮੁੱਖ ਨਿਵੇਸ਼ਕਾਂ, ਗਲੋਬਲ ਇਨਵੈਸਟਮੈਂਟ ਫਰਮਾਂ ਅਤੇ ਉਦਯੋਗ ਜਗਤ ਦੇ ਪ੍ਰਤੀਨਿਧੀਆਂ ਨਾਲ ਰਾਊਂਡਟੇਬਲ ਕਾਨਫਰੰਸ ਕੀਤੀ। ਇਸ ਮੌਕੇ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਵੀ ਮੌਜੂਦ ਸਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਦੀ ਆਰਥਿਕ ਗਤੀ ਨੂੰ ਤੇਜ਼ ਕਰਨ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਵਿੱਚ ਉਦਯੋਗ ਜਗਤ ਦੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਟੀਚਾ ਸੂਬੇ ਨੂੰ ਅਜਿਹਾ ਭਰੋਸੇਮੰਦ, ਰਿਸਪੌਂਸਿਵ ਅਤੇ ਇਨਵੈਸਟਰ-ਫ੍ਰੈਂਡਲੀ ਰਾਜ ਬਣਾਉਣਾ ਹੈ, ਜਿੱਥੇ ਨਿਵੇਸ਼ਕਾਂ ਨੂੰ ਬਿਹਤਰ ਕਾਰੋਬਾਰੀ ਮੌਕਿਆਂ ਦੇ ਨਾਲ-ਨਾਲ ਸਰਕਾਰ ਨਾਲ ਕੰਮ ਕਰਨ ਵਿੱਚ ਵਿਸ਼ਵਾਸ ਅਤੇ ਸਕਾਰਾਤਮਕ ਤਜਰਬਾ ਮਿਲੇ। ਮੁੱਖ ਮੰਤਰੀ ਨੇ ਕਿਹਾ ਕਿ ਮੀਟਿੰਗ ਦੌਰਾਨ ਨਿਵੇਸ਼ਕਾਂ ਨੇ ਆਪਣੇ ਤਜ਼ਰਬਿਆਂ ਦੇ ਆਧਾਰ ’ਤੇ ਕਈ ਮਹੱਤਵਪੂਰਨ ਅਤੇ ਵਿਹਾਰਕ ਸੁਝਾਅ ਦਿੱਤੇ ਹਨ। ਸਰਕਾਰ ਵੱਲੋਂ ਇਨ੍ਹਾਂ ਸਾਰੇ ਸੁਝਾਵਾਂ ਨੂੰ ਸਬੰਧਤ ਵਿਭਾਗਾਂ ਨਾਲ ਮਿਲ ਕੇ ਟਾਈਮ-ਬਾਊਂਡ ਐਕਸ਼ਨ ਪਲਾਨ ਵਿੱਚ ਬਦਲਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿੱਥੇ ਵੀ ਜ਼ਰੂਰੀ ਹੋਵੇਗਾ, ਸੁਝਾਵਾਂ ਦੇ ਅਮਲ ਲਈ ਸਪੱਸ਼ਟ ਵਿਭਾਗ ਦੀ ਆਨਰਸ਼ਿਪ ਯਕੀਨੀ ਬਣਾਈ ਜਾਵੇਗੀ। ਜ਼ਮੀਨ, ਮਨਜ਼ੂਰੀ ਅਤੇ ਹੋਰ ਪ੍ਰਕਿਰਿਆਵਾਂ ਨਾਲ ਜੁੜੇ ਵਿਸ਼ਿਆਂ ਦੇ ਸਰਲੀਕਰਨ ਲਈ ਵੀ ਸਰਕਾਰ ਲੋੜੀਂਦੇ ਸੁਧਾਰ ਕਰੇਗੀ।

ਮੁੱਖ ਮੰਤਰੀ ਨੇ ਨਿਵੇਸ਼ਕਾਂ ਨੂੰ ਕਿਹਾ ਕਿ ਨਿਵੇਸ਼ਕਾਂ ਦੀਆਂ ਪੋਰਟਫੋਲੀਓ ਕੰਪਨੀਆਂ ਹਰਿਆਣਾ ਵਿੱਚ ਵਿਸਥਾਰ, ਮੈਨੂਫੈਕਚਰਿੰਗ, ਜੀਸੀਸੀ ਤਕਨਾਲੋਜੀ ਅਤੇ ਲੌਜਿਸਟਿਕਸ ਦੇ ਖੇਤਰ ਵਿੱਚ ਮੌਕੇ ਤਲਾਸ਼ ਰਹੀਆਂ ਹਨ, ਤਾਂ ਹਰਿਆਣਾ ਸਰਕਾਰ ਦੀ ਟੀਚਾ ਉਨ੍ਹਾਂ ਨਾਲ ਅੱਗੇ ਵੀ ਗੱਲਬਾਤ ਕਰਨ ਅਤੇ ਹਰਸੰਭਵ ਸਹੂਲਤ ਦੇਣ ਲਈ ਤਿਆਰ ਹੈ। ਹਰਿਆਣਾ ਸਰਕਾਰ ਸਿਰਫ਼ ਨਿਵੇਸ਼ ਨਹੀਂ, ਸਗੋਂ ਉਦਯੋਗ ਜਗਤ ਨਾਲ ਲੰਬੇ ਸਮੇਂ ਦੀ ਸਾਈਦਾਰੀ ਸਥਾਪਤ ਕਰਨਾ ਚਾਹੁੰਦੀ ਹੈ।

ਮੀਟਿੰਗ ਵਿੱਚ ਨਿਵੇਸ਼ਕਾਂ ਵੱਲੋਂ ਡਿਫੈਂਸ ਸੈਕਟਰ ਵਿੱਚ ਨਿਵੇਸ਼ ਅਤੇ ਸੰਭਾਵਨਾਵਾਂ ’ਤੇ ਖਾਸ ਤੌਰ ’ਤੇ ਚਰਚਾ ਕੀਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਨਿਵੇਸ਼ਕਾਂ ਵੱਲੋਂ ਡਿਫੈਂਸ ਸੈਕਟਰ ਨੂੰ ਲੈ ਕੇ ਸਭ ਤੋਂ ਵੱਧ ਸੁਝਾਅ ਅਤੇ ਰੁਚੀ ਸਾਹਮਣੇ ਆਈ ਹੈ। ਸਰਕਾਰ ਇਸ ਖੇਤਰ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਜਲਦੀ ਹੀ ਡਿਫੈਂਸ ਸੈਕਟਰ ਨਾਲ ਜੁੜੀ ਨੀਤੀ ਲਿਆਉਣ ’ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਡਿਫੈਂਸ ਮੈਨੂਫੈਕਚਰਿੰਗ ਅਤੇ ਸਬੰਧਤ ਉਦਯੋਗਾਂ ਨੂੰ ਹੁਣ ਦੇਣ ਲਈ ਵੱਖ-ਵੱਖ ਥਾਵਾਂ ’ਤੇ ਕਲੱਸਟਰ ਆਧਾਰਿਤ ਵਿਕਾਸ ਦੀਆਂ ਸੰਭਾਵਨਾਵਾਂ ’ਤੇ ਕੰਮ ਕੀਤਾ ਜਾ ਰਿਹਾ ਹੈ। ਪਿਛਲੇ ਬਜਟ ਵਿੱਚ ਹਰਿਆਣਾ ਵਿੱਚ 10 ਨਵੇਂ ਆਈਐਮਟੀ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਦਿਸ਼ਾ ਵਿੱਚ ਜ਼ਮੀਨ ਸਬੰਧੀ ਕੰਮ ਅੱਗੇ ਵਧ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਿਸਾਰ ਸਥਿਤ ਮਹਾਰਾਜਾ ਅਗਰਸੇਨ ਏਅਰਪੋਰਟ ਦੇ ਨਾਲ ਮੈਨੂਫੈਕਚਰਿੰਗ ਕਲੱਸਟਰ ਵਿਕਸਤ ਕੀਤਾ ਜਾ ਰਿਹਾ ਹੈ। ਇਸੇ ਖੇਤਰ ਵਿੱਚ ਡਿਫੈਂਸ ਕਲੱਸਟਰ ਨੂੰ ਅੱਗੇ ਵਧਾਉਣ ਦੀਆਂ ਸੰਭਾਵਨਾਵਾਂ ’ਤੇ ਵੀ ਕੰਮ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਵਰ ਏਅਰਪੋਰਟ ਦੇ ਨੇੜੇ ਹਰਿਆਣਾ ਖੇਤਰ ਵਿੱਚ ਇੱਕ ਹੋਰ ਉਦਯੋਗਿਕ ਕਲੱਸਟਰ ਵਿਕਸਤ ਕਰਨ ਦੀ ਯੋਜਨਾ ’ਤੇ ਵੀ ਕੰਮ ਅੱਗੇ ਵਧਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਾਂ ਨੂੰ ਸਿਰਫ਼ ਜ਼ਮੀਨ ਅਤੇ ਸਹੂਲਤਾਂ ਉਪਲਬਧ ਕਰਵਾਉਣਾ ਹੀ ਕਾਫ਼ੀ ਨਹੀਂ ਹੈ, ਸਗੋਂ ਉਨ੍ਹਾਂ ਦੀ ਲੋੜ ਅਨੁਸਾਰ ਕੁਸ਼ਲ ਮਨੁੱਖੀ ਸਰੋਤ ਉਪਲਬਧ ਕਰਵਾਉਣਾ ਵੀ ਸਰਕਾਰ ਦੀ ਤਰਜੀਹ ਹੈ। ਹਰਿਆਣਾ ਸਰਕਾਰ ਨੇ ਆਈਟੀਆਈ ਅਤੇ ਪੌਲੀਟੈਕਨਿਕ ਸੰਸਥਾਵਾਂ ਨੂੰ ਉਦਯੋਗਾਂ ਨਾਲ ਜੋੜਦੇ ਹੋਏ ਐਮਓਯੂ ਰਾਹੀਂ ਉਦਯੋਗ ਦੀ ਲੋੜ ਦੇ ਅਨੁਸਾਰ ਨੌਜਵਾਨਾਂ ਨੂੰ ਸਿਖਲਾਈ ਦੇਣ ਦੀ ਦਿਸ਼ਾ ਵਿੱਚ ਕਦਮ ਚੁੱਕੇ ਹਨ। ਇਸ ਨਾਲ ਉਦਯੋਗਾਂ ਨੂੰ ਜ਼ਰੂਰੀ ਸਕਿਲਡ ਮੈਨਪਾਵਰ ਮਿਲੇਗੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਮੁੱਖ ਮੰਤਰੀ ਨੇ ਨਿਵੇਸ਼ਕਾਂ ਅਤੇ ਉਨ੍ਹਾਂ ਦੀ ਲੀਡਰਸ਼ਿਪ ਟੀਮ ਨੂੰ ਅਪ੍ਰੈਲ 2027 ਵਿੱਚ ਹਰਿਆਣਾ ਵਿੱਚ ਆਯੋਜਿਤ ਹੋਣ ਵਾਲੇ ਹੈਪਨਿੰਗ ਹਰਿਆਣਾ ਗਲੋਬਲ ਇਨਵੈਸਟਰ ਸਮਿਟ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਸੁਖਬੀਰ ਬਾਦਲ ਦੀ ਹਮਲੇ ਤੋਂ ਬਾਅਦ ਸਿਆਸਤ ਵਿੱਚ ਵਾਪਸੀ; ਦੋ ਹਫਤਿਆਂ ਬਾਅਦ ਸੰਭਾਲਣਗੇ ਮੋਰਚਾ

**ਬਠਿੰਡਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮਹਾਰਾਸ਼ਟਰ ਵਿੱਚ ਹੋਏ ਜਾਨਲੇਵਾ ਹਮਲੇ ਦੌਰਾਨ ਜ਼ਖ਼ਮੀ ਹੋਣ ਤੋਂ ਲਗਪਗ ਦੋ ਹਫ਼ਤਿਆਂ ਬਾਅਦ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੰਗਲਵਾਰ ਤੋਂ ਆਪਣੀਆਂ ਜਨਤਕ ਅਤੇ ਪਾਰਟੀ ਗਤੀਵਿਧੀਆਂ ਨੂੰ ਮੁੜ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।

ਸੁਖਬੀਰ ਬਾਦਲ ਮੰਗਲਵਾਰ ਦੁਪਹਿਰ ਨੂੰ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਵਿਖੇ ਤਖ਼ਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਣਗੇ। ਇਸ ਦੌਰਾਨ ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਆਗੂ ਅਤੇ ਵਰਕਰ ਮੌਜੂਦ ਰਹਿਣਗੇ। ਤਲਵੰਡੀ ਸਾਬੋ ਹਲਕੇ ਦੇ ਅਕਾਲੀ ਦਲ ਦੇ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਪਾਰਟੀ ਵਰਕਰ ਤਖ਼ਤ ਸਾਹਿਬ ਦੇ ਦੌਰੇ ਸਮੇਂ ਪਾਰਟੀ ਪ੍ਰਧਾਨ ਦੇ ਨਾਲ ਹੋਣਗੇ। ਰਵੀਪ੍ਰੀਤ ਨੇ ਕਿਹਾ ਕਿ ਮੱਥਾ ਟੇਕਣ ਤੋਂ ਬਾਅਦ ਸੁਖਬੀਰ ਜੀ ਬਾਦਲ ਪਿੰਡ ਸਥਿਤ ਆਪਣੇ ਘਰ ਜਾਣਗੇ।

ਸੂਤਰਾਂ ਅਨੁਸਾਰ, ਸੁਖਬੀਰ ਬਾਦਲ ਬੁੱਧਵਾਰ ਨੂੰ ਮਲੋਟ ਵਿਖੇ ਪਾਰਟੀ ਦੀ ‘ਪੰਜਾਬ ਬਚਾਓ ਰੈਲੀ’ ਵਿੱਚ ਸ਼ਾਮਲ ਹੋਣਗੇ। ਯੂਥ ਅਕਾਲੀ ਦਲ ਨੇ ਉਨ੍ਹਾਂ ਦੇ ਸ਼ਹਿਰ ਪਹੁੰਚਣ ’ਤੇ ਸਵਾਗਤ ਕਰਨ ਲਈ ਇੱਕ ਰੋਡਸ਼ੋਅ ਦੀ ਯੋਜਨਾ ਬਣਾਈ ਹੈ। ਸੂਤਰਾਂ ਨੇ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਬਾਦਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਅੰਮ੍ਰਿਤਸਰ ਜਾਣਗੇ। ਉਨ੍ਹਾਂ ਦਾ 28 ਅਗਸਤ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਬਾ ਬਕਾਲਾ ਵਿਖੇ ਅਕਾਲੀ ਦਲ ਦੇ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਨ ਦਾ ਵੀ ਪ੍ਰੋਗਰਾਮ ਹੈ। ਫਿਲਹਾਲ ਸੁਖਬੀਰ ਬਾਦਲ ਦਿੱਲੀ ਵਿੱਚ ਮੌਜੂਦ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ, ਜਦੋਂ ਉਹ ਬਾਂਹ ਦੀ ਸੱਟ ਤੋਂ ਉੱਭਰ ਰਹੇ ਸਨ, ਉਨ੍ਹਾਂ ਦੀ ਪਤਨੀ ਅਤੇ ਬਠਿੰਡਾ ਤੋਂ ਚਾਰ ਵਾਰ ਸੰਸਦ ਮੈਂਬਰ ਰਹੇ ਹਰਸਿਮਰਤ ਕੌਰ ਬਾਦਲ ਨੇ ਰੈਲੀਆਂ ਸਮੇਤ ਪਾਰਟੀ ਦੇ ਮੁੱਖ ਸਮਾਗਮਾਂ ਦੀ ਅਗਵਾਈ ਕੀਤੀ।

# ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਚੰਡੀਗੜ੍ਹ ਵਿੱਚ ‘ਜੈਮਸ ਆਫ ਇੰਡੀਆ’ ਦਾ ਪਾਇਲਟ ਫੇਜ ਸ਼ੁਰੂ ਕੀਤਾ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਦੇਸ਼ ਦੇ ਹਰੇਕ ਜ਼ਿਲ੍ਹੇ ਵਿੱਚ ਉੱਭਰ ਰਹੇ ਰਚਨਾਕਾਰਾਂ ਦੀ ਪਛਾਣ, ਪ੍ਰੋਤਸਾਹਨ ਅਤੇ ਉਨ੍ਹਾਂ ਨੂੰ ਨੈਸ਼ਨਲ ਡਿਜੀਟਲ ਪਲੈਟਫਾਰਮ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ‘ਜੈਮਸ ਆਫ ਇੰਡੀਆ’ ਨਾਮ ਦੀ ਇੱਕ ਰਾਸ਼ਟਰੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਨਾਗਰਿਕਾਂ, ਨੌਜਵਾਨਾਂ ਅਤੇ ਡਿਜੀਟਲ ਰਚਨਾਕਾਰਾਂ ਨੂੰ ਆਪਣੇ ਜ਼ਿਲ੍ਹਿਆਂ ਦੀ ਵਿਲੱਖਣ ਪਛਾਣ, ਕਹਾਣੀਆਂ, ਪਰੰਪਰਾਵਾਂ, ਪ੍ਰਾਪਤੀਆਂ ਅਤੇ ਹੋਰ ਵਿਸ਼ੇਸ਼ਤਾਵਾਂ ਨੂੰ ਮੌਲਿਕ ਡਿਜੀਟਲ ਸਟੋਰੀ-ਟੈਲਿੰਗ ਰਾਹੀਂ ਪੇਸ਼ ਕਰਨ ਲਈ ਉਤਸ਼ਾਹਿਤ ਕਰਨਾ ਹੈ। ਇਹ ਪਹਿਲ ਮੰਤਰਾਲੇ ਦੁਆਰਾ ਪ੍ਰਸਾਰ ਭਾਰਤੀ ਰਾਹੀਂ ਲਾਗੂ ਕੀਤੀ ਜਾ ਰਹੀ ਹੈ। ਇਸ ਦੇ ਤਹਿਤ WAVES OTT ਦੇ MyWAVES ਸੈਕਸ਼ਨ ਨੂੰ ਰਚਨਾਕਾਰਾਂ ਦੇ ਰਜਿਸਟ੍ਰੇਸ਼ਨ ਅਤੇ ਐਂਟਰੀਆਂ ਨੂੰ ਜਮ੍ਹਾਂ ਕਰਨ ਲਈ ਨੈਸ਼ਨਲ ਡਿਜੀਟਲ ਪਲੈਟਫਾਰਮ ਦੇ ਰੂਪ ਵਿੱਚ ਵਰਤਿਆ ਜਾਵੇਗਾ। WAVES OTT ਐਪਲੀਕੇਸ਼ਨ ਨੂੰ Google Play Store ਅਤੇ Apple App Store ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

‘ਜੈਮਸ ਆਫ ਇੰਡੀਆ’ ਦਾ ਪਾਇਲਟ ਫੇਜ 21 ਜੁਲਾਈ 2026 ਨੂੰ ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ, ਅਰੁਣਾਚਲ ਪ੍ਰਦੇਸ਼, ਚੰਡੀਗੜ੍ਹ, ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦਿਊ, ਗੋਆ ਅਤੇ ਲੱਦਾਖ ਸਮੇਤ ਚੁਣੇ ਹੋਏ ਪਾਇਲਟ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸ਼ੁਰੂ ਕੀਤਾ ਗਿਆ। ਪਾਇਲਟ ਫੇਜ ਲਈ ਐਂਟਰੀਆਂ ਜਮ੍ਹਾਂ ਕਰਨ ਦੀ ਮਿਆਦ 1 ਅਗਸਤ ਤੋਂ 31 ਅਗਸਤ 2026 ਤੱਕ ਹੈ। ਇਸ ਮਿਆਦ ਦੌਰਾਨ ਯੋਗ ਉਮੀਦਵਾਰ ਆਪਣਾ original content ਜਮ੍ਹਾਂ ਕਰ ਸਕਦੇ ਹਨ। ਇਸ ਪਹਿਲ ਨੂੰ ਦੇਸ਼ ਦੇ ਸਾਰੇ ਜ਼ਿਲ੍ਹਿਆਂ ਵਿੱਚ ਸ਼ਾਮਲ ਕਰਦੇ ਹੋਏ ਰਾਸ਼ਟਰੀ ਪੱਧਰ ’ਤੇ ਲਾਗੂ ਕਰਨ ਦੀ ਕਲਪਨਾ ਕੀਤੀ ਗਈ ਹੈ। ਇਸ ਅਧੀਨ ਲਗਭਗ 50 ਲੱਖ ਨਾਗਰਿਕਾਂ ਅਤੇ ਉੱਭਰਦੇ ਰਚਨਾਕਾਰਾਂ ਦੀ ਭਾਗੀਦਾਰੀ ਅਤੇ ਜਨਸੰਖਿਆ ਦੇ ਅਧਾਰ ’ਤੇ ਹਰੇਕ ਜ਼ਿਲ੍ਹੇ ਤੋਂ ਲਗਭਗ 500 ਤੋਂ 15,000 ਤੋਂ ਵੱਧ ਐਂਟਰੀਆਂ ਪ੍ਰਾਪਤ ਹੋਣ ਦਾ ਅਨੁਮਾਨ ਹੈ। ਵੱਖ-ਵੱਖ ਪੱਧਰਾਂ ’ਤੇ ਲਗਭਗ 15,000 ਪੁਰਸਕਾਰ ਪ੍ਰਦਾਨ ਕੀਤੇ ਜਾਣ ਦੀ ਵੀ ਉਮੀਦ ਹੈ। ਨਾਗਰਿਕ, ਯੁਵਾ ਅਤੇ ਉੱਭਰ ਰਹੇ ਡਿਜੀਟਲ ਰਚਨਾਕਾਰ WAVES OTT ਐਪਲੀਕੇਸ਼ਨ ਡਾਊਨਲੋਡ ਕਰਕੇ ਮੋਬਾਈਲ ਨੰਬਰ ਰਾਹੀਂ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਤੋਂ ਬਾਅਦ MyWAVES ਸੈਕਸ਼ਨ ਵਿੱਚ Creator Profile ਬਣਾ ਕੇ ÒGems of IndiaÓ ਪ੍ਰੋਗਰਾਮ ਦੀ ਚੋਣ ਕਰਦੇ ਹੋਏ ਨਿਰਧਾਰਿਤ ਵੇਰਵੇ ਦੇ ਨਾਲ ਆਪਣੇ orginal content ਨੂੰ ਅਪਲੋਡ ਕੀਤਾ ਜਾ ਸਕਦਾ ਹੈ। ਭਾਗੀਦਾਰ ਆਪਣੇ ਜ਼ਿਲ੍ਹੇ ਦੀ ਕਿਸੇ ਵੀ ਖਾਸ ਵਿਸ਼ੇਸ਼ਤਾ, ਕਹਾਣੀ ਜਾਂ ਪ੍ਰਾਪਤੀ ਨੂੰ ਰਚਨਾਤਮਕ ਰੂਪ ਵਿੱਚ ਪੇਸ਼ ਕਰ ਸਕਦੇ ਹਨ। ਇਨ੍ਹਾਂ ਵਿੱਚ ਸਥਾਨਕ ਸੱਭਿਆਚਾਰ ਅਤੇ ਵਿਰਾਸਤ, ਸੈਰ-ਸਪਾਟੇ ਦੇ ਸਥਾਨ, ਲੋਕ ਪਰੰਪਰਾਵਾਂ ਅਤੇ ਪ੍ਰਦਰਸ਼ਨ ਕਲਾਵਾਂ, ਦਸਤਕਾਰੀ ਅਤੇ ਹੱਥਖੱਡੀਆਂ (ਹੈਂਡੀਕ੍ਰਾਫਟ ਅਤੇ ਹੈਂਡਲੂਮ), ਸਥਾਨਕ ਪਕਵਾਨ, ਤਿਉਹਾਰ, ਮੌਖਿਕ ਪਰੰਪਰਾਵਾਂ, ਕੁਦਰਤ ਅਤੇ ਈਕੋ-ਟੂਰਿਜ਼ਮ, ਇਤਿਹਾਸਕ ਸਥਾਨ ਅਤੇ ਸਮਾਰਕ, ਪ੍ਰੇਰਨਾਦਾਇਕ ਸਥਾਨਕ ਸ਼ਖ਼ਸੀਅਤਾਂ, ਨਵੀਨਤਾਵਾਂ ਅਤੇ ਜ਼ਿਲ੍ਹੇ ਦੀਆਂ ਹੋਰ ਵਿਲੱਖਣ ਵਿਸ਼ੇਸ਼ਤਾਵਾਂ ਸ਼ਾਮਲ ਹਨ।

# ਨਾਰੀ ਸੰਸਾਰ

## ਸ਼ਖ਼ਸੀਅਤ ਦਾ ਸਿਰਜਕ 'ਸੁਭਾਅ'

### ਡਾ. ਅਮਨਦੀਪ ਸਿੰਘ ਟੱਲੇਵਾਲੀਆ

ਕਿਸੇ ਵੀ ਇਨਸਾਨ ਦਾ ਸੁਭਾਅ ਉਸਦੇ ਆਲੇ-ਦੁਆਲੇ 'ਤੇ ਨਿਰਭਰ ਕਰਦਾ ਹੈ। ਆਲੇ-ਦੁਆਲੇ ਤੋਂ ਭਾਵ ਕੇਵਲ ਬਾਹਰੀ ਵਾਤਾਵਰਣ ਜਾਂ ਸਾਡਾ ਆਸ ਪਾਸ ਹੀ ਨਹੀਂ ਸਗੋਂ ਇਸ ਤੋਂ ਵੀ ਪਹਿਲਾਂ ਮਾਂ ਦੀ ਕੁੱਖ ਹਰ ਇਨਸਾਨ ਦਾ ਆਲਾ-ਦੁਆਲਾ ਹੁੰਦੀ ਹੈ। ਕੁੱਖ ਵਿੱਚ ਪਲ ਰਿਹਾ ਬੱਚਾ, ਆਪਣੀ ਮਾਂ ਦੇ ਹਰ ਪ੍ਰਭਾਵ ਨੂੰ ਕਬੂਲਦਾ ਹੈ, ਗਰਭ ਦੌਰਾਨ ਜੋ ਕੁਝ ਮਾਂ ਨਾਲ ਵਾਪਰਦਾ ਹੈ, ਉਸਦਾ ਸਿੱਧਾ ਪ੍ਰਭਾਵ ਬੱਚੇ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ 'ਤੇ ਜ਼ਰੂਰ ਪੈਂਦਾ ਹੈ। ਕੁਦਰਤ ਨੇ ਮਨੁੱਖ ਨੂੰ ਜਿਹੋ ਜਿਹੇ ਸੁਭਾਅ ਵਾਲਾ ਬਣਾ ਦਿੱਤਾ, ਉਸੇ ਅਨੁਸਾਰ ਹੀ ਉਹ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦਾ ਹੈ। ਇਹ ਸੁਭਾਅ ਗਰਭ ਦੇ ਅੰਦਰੋਂ ਹੀ ਬਣਕੇ ਆਉਂਦਾ ਹੈ। ਬਾਹਰਲਾ ਵਾਤਾਵਰਣ ਤਾਂ ਉਸ ਸੁਭਾਅ ਵਿੱਚ ਸਮੇਂ-ਸਮੇਂ ਸਿਰ ਥੋੜ੍ਹਾ ਮੋਟਾ ਰੰਗ ਭਰਦਾ ਰਹਿੰਦਾ ਹੈ। ਪਰ ਬੰਦੇ ਦਾ ਅਸਲੀ ਸੁਭਾਅ ਨਹੀਂ ਬਦਲਦਾ, ਸਿਰਫ਼ ਮੌਕਾਪ੍ਰਸਤ ਜ਼ਰੂਰ ਬਣ ਸਕਦਾ ਹੈ। ਸਾਇੰਸ ਨੇ ਤਾਂ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਹਰੇਕ ਬੰਦੇ ਦੇ ਸੁਭਾਅ 'ਤੇ ਸੱਤ ਪੀੜ੍ਹੀਆਂ ਦੇ ਸੁਭਾਅ ਦਾ ਪ੍ਰਭਾਵ ਪੈਂਦਾ ਹੈ। ਕਈ ਬੱਚੇ ਆਪਣੇ ਮਾਂ-ਬਾਪ ਵਰਗੇ ਨਹੀਂ ਹੁੰਦੇ। ਦਾਦੇ ਜਾਂ ਦਾਦੀ ਵਰਗੇ ਹੁੰਦੇ ਹਨ। ਕਈਆਂ 'ਤੇ ਪੜਦਾਦੇ ਜਾਂ ਪੜਨਾਨੇ ਦਾ ਸੁਭਾਅ ਵੀ ਭਾਰੂ ਹੋ ਸਕਦਾ ਹੈ। ਬਾਹਰੀ ਪ੍ਰਸਥਿਤੀਆਂ ਤਾਂ ਸਮੇਂ-ਸਮੇਂ ਬਦਲਦੀਆਂ ਰਹਿੰਦੀਆਂ ਹਨ,



ਪਰ ਅੰਦਰੂਨੀ ਤੌਰ 'ਤੇ ਇਨਸਾਨ ਨਹੀਂ ਬਦਲਦਾ। ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇੱਕ ਬੱਚਾ ਛੋਟਾ ਹੁੰਦਾ ਬਹੁਤ ਨਰਮ ਅਤੇ ਸ਼ਰੀਫ ਹੈ, ਉਹ ਵੱਡਾ ਹੋਇਆ ਵੀ ਨਰਮ ਅਤੇ ਸ਼ਰੀਫ ਹੀ ਰਹੇਗਾ, ਪਰ ਜੇਕਰ ਬਾਹਰੀ ਪ੍ਰਸਥਿਤੀਆਂ ਕਰਕੇ ਉਸਨੂੰ ਕਠੋਰ ਬਣਨਾ ਪੈ ਜਾਵੇ, ਕੁਝ ਸਮੇਂ ਬਾਅਦ ਬਾਹਰੀ ਪ੍ਰਸਥਿਤੀਆਂ ਠੀਕ ਹੋਣ 'ਤੇ ਉਹ ਫਿਰ ਆਪਣੇ ਸ਼ਰੀਫ ਅਤੇ ਨਰਮ ਸੁਭਾਅ ਨੂੰ ਨਹੀਂ ਛੱਡਦਾ, ਕਠੋਰ ਹੁੰਦਾ ਹੋਇਆ ਵੀ ਉਹ ਨਰਮਾਈ ਵਰਤੇਗਾ। ਇਸਦੇ ਉਲਟ ਜੇਕਰ ਛੋਟਾ ਬੱਚਾ ਬਹੁਤ ਜ਼ਿੱਦੀ ਜਾਂ ਲੜਾਕਾ ਹੋਵੇਗਾ ਤਾਂ ਹੋ ਸਕਦਾ ਹੈ ਕਿ ਉਹ ਵੱਡਾ ਹੋ ਕੇ ਮੌਕਾਪ੍ਰਸਤ ਬਣਨ ਲਈ ਨਰਮ ਜਾਂ ਸ਼ਰੀਫ ਬਣ ਜਾਵੇ, ਪਰ ਉਸ ਅੰਦਰਲਾ ਜ਼ਿੱਦੀ ਮਨੁੱਖ ਉਸ ਨੂੰ ਨਹੀਂ ਛੱਡਦਾ। ਅਸੀਂ ਆਪਣੇ ਆਲੇ-ਦੁਆਲੇ, ਨਰਮ, ਗਰਮ, ਠੰਢੇ, ਮਿੱਠੇ, ਰੁੱਖੇ, ਚੁੱਪ ਕੀਤੇ, ਬੜਬੋਲੇ, ਮਜ਼ਾਕੀਏ, ਟਿੱਚਰੀ, ਲਾਲਚੀ, ਖੁੱਲ੍ਹੇ-ਡੁੱਲੇ, ਜ਼ਿੱਦੀ, ਡਰਪੋਕ, ਨਿਡਰ ਜਾਂ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਸੁਭਾਅ ਵਾਲੇ ਲੋਕਾਂ ਨੂੰ ਜਾਣਦੇ ਹਾਂ ਜੋ ਸਾਰੀ ਉਮਰ ਉਸੇ ਤਰ੍ਹਾਂ ਹੀ ਵਿਚਰਦੇ ਹਨ। ਸੁਭਾਅ ਜਿਸ 'ਤੇ ਪਰਿਵਾਰਕ ਸੰਸਕਾਰਾਂ ਦਾ ਵੀ ਪ੍ਰਭਾਵ ਪੈਂਦਾ ਹੈ, ਆਲੇ-ਦੁਆਲੇ ਦਾ ਵੀ, ਪਰ ਕੋਈ ਵੀ ਇਨਸਾਨ ਆਪਣੇ ਆਪ ਨੂੰ ਬਦਲਣ ਨੂੰ ਤਿਆਰ ਨਹੀਂ ਹੁੰਦਾ ਜਾਂ ਇਹ ਕਹਿ ਲਵੋ ਜੇਕਰ ਕਿਸੇ ਦੇ ਸੁਭਾਅ ਨੂੰ ਬਦਲਣ ਦੀ ਕਿਸੇ ਵਿੱਚ ਤਾਕਤ ਹੁੰਦੀ ਤਾਂ ਦੁਨੀਆਂ 'ਤੇ ਸਭ ਝਗੜੇ ਨਿੱਬੜ ਜਾਣੇ ਸਨ। ਜੇਕਰ ਇੱਕ ਨੂੰਹ ਆਪਣੀ ਸੱਸ ਦੇ ਸੁਭਾਅ ਨੂੰ ਸਮਝ ਲਵੇ ਤਾਂ ਨੂੰਹ ਬਹੁਤ ਸੌਖੀ ਰਹਿ ਸਕਦੀ ਹੈ। ਘਰ ਦੇ ਵੱਖ-ਵੱਖ ਜੀਆਂ ਦਾ ਸੁਭਾਅ ਵੱਖਰਾ ਹੁੰਦਾ ਹੈ। ਜੇਕਰ ਸਾਰੇ ਜੀਅ ਇੱਕ-ਦੂਜੇ ਦੇ ਸੁਭਾਅ ਨੂੰ ਸਮਝਕੇ, ਵਿਚਰਦੇ ਰਹਿਣ ਤਾਂ ਲੜਾਈ ਝਗੜੇ ਦਾ ਮਤਲਬ ਹੀ ਨਹੀਂ। ਮਿੱਠ-ਬੋਲੜੇ ਇਨਸਾਨ ਭਾਵੇਂ ਸਭ ਨੂੰ ਵਧੀਆ ਲੱਗਦੇ ਹਨ, ਪਰ ਇਹ ਜ਼ਰੂਰੀ ਨਹੀਂ ਕਿ ਉਹ ਮਿੱਠਾ ਬੋਲਣਾ, ਉਨ੍ਹਾਂ ਦਾ ਸੁਭਾਅ ਹੀ ਹੋਵੇ। ਅਸੀਂ ਕਿਸੇ ਵੀ ਇਨਸਾਨ ਦੇ ਬਾਹਰੀ ਜਾਂ ਪ੍ਰੋਫੈਸ਼ਨਲ ਸੁਭਾਅ ਨੂੰ ਹੀ ਜਾਣਦੇ ਹਾਂ, ਪਰ ਸਿਆਣੇ ਕਹਿੰਦੇ ਹਨ ਕਿ ਜਾਂ ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ। ਸੁਭਾਅ ਹੀ ਸਾਡੀ ਸ਼ਖ਼ਸੀਅਤ ਦਾ ਮੁੱਢ ਹੁੰਦਾ ਹੈ। ਜਦੋਂ ਅਸੀਂ ਕਿਸੇ ਬਾਰੇ ਕਿਸੇ ਦੂਸਰੇ ਤੋਂ ਪੁੱਛਦੇ ਹਾਂ ਕਿ ਫਲਾਣਾ ਬੰਦਾ ਕਿਹੋ ਜਿਹਾ ਹੈ ਤਾਂ ਉੱਥੇ ਕਿਸੇ ਇਨਸਾਨ ਦੇ ਕੱਦ ਕਾਠ ਗੋਰੇ-ਕਾਲੇ ਰੰਗ ਦੀ ਨਹੀਂ, ਸਭ ਤੋਂ ਪਹਿਲਾਂ ਸੁਭਾਅ ਦੀ ਗੱਲ ਚੱਲਦੀ ਹੈ। ਕਹਿਣ ਤੋਂ ਭਾਵ ਸੁਭਾਅ ਇਨਸਾਨ ਦਾ ਮੁੱਢਲਾ ਪਛਾਣ ਚਿੰਨ੍ਹ ਹੈ। ਆਦਮੀ ਆਪਣੇ ਸੁਭਾਅ ਦਾ ਖੱਟਿਆ ਹੀ ਖਾਂਦਾ ਹੈ, ਆਪਣੇ ਸੁਭਾਅ ਨੂੰ ਮਖੌਟੇ ਵਿੱਚ ਪਾ ਕੇ ਰੱਖਣਾ ਵੀ ਇੱਕ ਕਲਾ ਹੈ, ਪਰ ਕਿਸੇ ਦੇ ਅਸਲ ਸੁਭਾਅ ਨੂੰ ਜਾਣ ਲੈਣਾ ਉਸ ਤੋਂ ਵੀ ਵੱਡੀ ਕਲਾ ਹੈ। ਸੋ ਇੱਕ-ਦੂਜੇ ਦੇ ਸੁਭਾਅ ਨੂੰ ਪਛਾਣੋ, ਜੇਕਰ ਕੋਈ ਚੰਗਾ ਹੈ ਤਾਂ ਇਹ ਜਾਣੋ ਕਿ ਉਹ ਚੰਗਾ ਕਿਉਂ ਹੈ? ਜੇਕਰ ਕੋਈ ਮਾੜਾ ਹੈ ਤਾਂ ਇਹ ਜਾਣੋ ਕਿ ਕੀ ਉਹ ਸੱਚਮੁੱਚ ਮਾਂ ਦੀ ਕੁੱਖ ਵਿੱਚੋਂ ਹੀ ਅਜਿਹਾ ਸੁਭਾਅ ਲੈ ਕੇ ਪੈਦਾ ਹੋਇਆ ਸੀ ਜਾਂ ਉਸਦੇ ਹਾਲਾਤ ਹੀ ਅਜਿਹੇ ਰਹੇ ਹਨ। ਜਦੋਂ ਅਸੀਂ ਇੱਕ-ਦੂਜੇ ਦੇ ਸੁਭਾਅ ਨੂੰ ਸਮਝਣ ਵਿੱਚ ਪਰਿਪੱਕ ਹੋ ਜਾਵਾਂਗੇ ਤਾਂ ਬਹੁਤ ਝਗੜੇ, ਸ਼ੰਕੇ ਦੂਰ ਹੋ ਜਾਣਗੇ।

**ਸੰਪਰਕ: 98146-99446**

## ਚੁਗਲੀ ਵੀ ਇੱਕ ਡਿਊਟੀ ਹੈ...

### ਸੁਖਪਾਲ ਸਿੰਘ ਗਿੱਲ

ਧਾਰਮਿਕ, ਸਮਾਜਿਕ ਅਤੇ ਸਾਹਿਤਕ ਖੇਤਰ ਵਿੱਚ ਚੁਗਲਖੋਰੀ ਅਤੇ ਚੁਗਲਖੋਰ ਨੂੰ ਮਾੜਾ ਇਨਸਾਨ ਮੰਨਿਆ ਜਾਂਦਾ ਹੈ। ਪਿੱਠ ਪਿੱਛੇ ਨਿੰਦਾ ਕਰਨ ਨੂੰ ਚੁਗਲਖੋਰੀ ਦਾ ਨਾਂ ਦਿੱਤਾ ਜਾਂਦਾ ਹੈ। ਇਹ ਨੌਬਤ ਉਦੋਂ ਆਉਂਦੀ ਹੈ ਜਦੋਂ ਚੁਗਲੀ ਕਰਨ ਵਾਲਾ ਚੁਗਲੀ ਕਰਨ ਵਾਲੇ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਰੱਖਦਾ। ਇਸ ਲਈ ਆਪਣੀ ਭੜਾਸ ਕੱਢਣ ਲਈ ਚੁਗਲੀ ਦੀ ਆਦਤ ਪਾਉਂਦਾ ਹੈ। ਚੰਗਾ ਤਾਂ ਹੋਵੇ ਜੇ ਮੁਕਾਬਲਾ ਕੀਤਾ ਜਾਵੇ, ਪਰ ਚੁਗਲੀ ਕਰਕੇ ਹੀ ਬੁੱਤਾ ਸਾਰ ਲਿਆ ਜਾਂਦਾ ਹੈ। ਨਮੋਸ਼ੀ ਤੋਂ ਬਚਣ ਲਈ ਚੁਗਲਖੋਰ, ਚੁਗਲਖੋਰੀ ਨੂੰ ਇਹ ਕਹਿ ਕੇ ਹੱਲਾਸ਼ੇਰੀ ਦਿੰਦਾ ਹੈ ਕਿ ਹੋਈ ਗੱਲ ਕਰਨੀ ਚੁਗਲੀ ਨਹੀਂ ਹੁੰਦੀ। ਜਿਵੇਂ ਬੰਦੇ ਦੇ ਆਚਾਰ ਵਿਵਹਾਰ ਨਾਲ ਸ਼ਖ਼ਸੀਅਤ ਨਿੱਖਰਦੀ ਹੈ, ਉਸੇ ਤਰ੍ਹਾਂ ਚੁਗਲਖੋਰੀ ਦੀ ਆਦਤ ਬੰਦੇ ਦੀ ਸ਼ਖ਼ਸੀਅਤ ਨੂੰ ਨਿਘਾਰਦੀ ਹੈ। ਇਸ ਲਈ ਚੁਗਲੀ ਕਰਨ ਦੀ ਆਦਤ ਨੂੰ ਸਮਾਜ ਵਿੱਚ ਬੁਰਾ ਮੰਨਿਆ ਜਾਂਦਾ ਹੈ। ਵਿਅੰਗਆਤਮਕ ਤੌਰ 'ਤੇ ਔਰਤ ਨੂੰ ਆਦਮੀ ਨਾਲੋਂ ਚੁਗਲਖੋਰੀ ਦੀ ਆਦਤ ਵਿੱਚ ਨਿਖੇੜਨ ਦੀ ਗਵਾਹੀ ਇਸ ਤਰ੍ਹਾਂ ਦਿੱਤੀ ਜਾਂਦੀ ਹੈ 'ਭੈਣੇ ਤੈਨੂੰ ਦੱਸੂ ਹੋਰ ਕਿਸੇ ਨੂੰ ਦੱਸੀਂ ਨਾ'। ਪਰ ਹਕੀਕਤ ਇਸਤੋਂ ਵੱਖਰੀ ਹੈ। ਇੱਕ ਹੋਰ ਪ੍ਰੌੜਤਾ ਰੂਪੀ ਦੰਦ ਕਥਾ ਹੈ ਕਿ ਸਭ ਤੋਂ ਵੱਡਾ ਝੂਠ ਬੋਲ ਕੇ ਦੱਸੋ ਤਾਂ ਉੱਤਰ ਮਿਲਿਆ 'ਰੇਲ ਦਾ ਡੱਬਾ ਔਰਤਾਂ ਨਾਲ ਭਰਿਆ ਪਿਆ ਸੀ, ਪਰ ਸਭ ਚੁੱਪ ਸਨ।' ਇਨ੍ਹਾਂ ਰਾਹੀਂ ਸੰਕੇਤ ਇਹ ਦਿੱਤੇ ਗਏ ਹਨ ਕਿ ਔਰਤ ਚੁੱਪ ਅਤੇ ਚੁਗਲੀ ਬਿਨਾਂ ਨਹੀਂ ਰਹਿ ਸਕਦੀ, ਪਰ ਹਕੀਕਤ ਔਰਤ ਦਾ ਨਿਰਾਦਰ ਹੈ। ਹਕੀਕੀ ਤੌਰ 'ਤੇ ਚੁਗਲੀ ਦੀ ਬੁਰੀ ਆਦਤ ਨੂੰ ਕਿਸੇ ਲਿੰਗ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਇਹ ਬੁਰੀ ਆਦਤ ਸੋਝੀ ਅਤੇ ਪਰਿਵਾਰਕ ਹਾਲਾਤ 'ਤੇ ਨਿਰਭਰ ਕਰਦੀ ਹੈ। ਪਿੰਡਾਂ ਵਿੱਚ ਚੁਗਲਖੋਰੀ ਦੀ ਬੁਰੀ ਆਦਤ ਵਾਲੇ ਨੂੰ ਚੁਗਲਖੋਰ ਦਾ ਖਿਤਾਬ ਵੀ ਮਿਲ ਜਾਂਦਾ ਹੈ। ਸਮਾਜ ਵਿੱਚ ਚਲਾਕ ਕਿਸਮ ਦੇ ਲੋਕ ਆਪਣੀ ਗੱਲ ਕਿਸੇ ਹੋਰ ਤਕ ਅਸਿੱਧੇ ਤੌਰ 'ਤੇ ਪਹੁੰਚਾਉਣੀ ਚਾਹੁੰਦੇ ਹਨ ਤਾਂ ਉਹ ਜਾਣਬੁੱਝ ਕੇ ਚੁਗਲਖੋਰ ਕੋਲ ਕਰ ਦਿੰਦੇ ਹਨ। ਚੁਗਲਖੋਰੀ ਨਾਲ ਸਮਾਜ ਵਿੱਚ ਝਗੜੇ ਪੈਦਾ ਹੁੰਦੇ ਹਨ ਜੋ ਭਾਈਚਾਰਕ ਏਕਤਾ ਨੂੰ ਢਾਅ ਲਾਉਂਦੇ ਹਨ। ਖੁੰਡ ਚਰਚਾ ਸਮੇਂ ਚੁਗਲਖੋਰੀ ਭਾਰੂ ਰਹਿੰਦੀ ਹੈ। ਇਹ ਵੀ ਪਰਿਵਾਰਕ ਸਮਾਜੀਕਰਨ 'ਤੇ ਨਿਰਭਰ ਹੈ ਕਿ ਜੋ ਸਿੱਖਿਆ ਉਹੀ ਬੋਲਿਆ ਜਾਂਦਾ ਹੈ। ਮਾਂ ਦੇ ਪੇਟ ਵਿੱਚੋਂ ਕੋਈ ਵੀ ਸਿੱਖ ਕੇ ਨਹੀਂ ਆਉਂਦਾ ਬਲਕਿ ਪੈਦਾ ਹੋਣ ਤੋਂ ਬਾਅਦ ਹੀ ਹੌਲੀ ਹੌਲੀ ਸਿੱਖਦਾ ਹੈ।

**ਸੰਪਰਕ : 98781-11445**

## ਆਪਣੀ ਪ੍ਰਤਿਭਾ ਦੀ ਕਰੋ ਪਛਾਣ

### ਗੁਰਤੇਜ ਸਿੰਘ



ਜ਼ਿੰਦਗੀ ਵਿੱਚ ਭੱਜਦੌੜ ਕੇਵਲ ਸਫਲਤਾ ਲਈ ਕੀਤੀ ਜਾਂਦੀ ਹੈ, ਉਸ ਨੂੰ ਹਾਸਲ ਕਰਨ ਲਈ ਸਭ ਕੁੱਝ ਕੁਰਬਾਨ ਕਰਨ ਦਾ ਜੋ ਜਜ਼ਬਾ ਹੁੰਦਾ ਹੈ, ਉਹ ਬਾ-ਕਮਾਲ ਹੁੰਦਾ ਹੈ। ਸਫਲਤਾ ਖ਼ੁਦ ਮਾਪੀ ਨਹੀਂ ਜਾਂਦੀ। ਇਹ ਫ਼ੈਸਲਾ ਹਮੇਸ਼ਾਂ ਲੋਕ ਹੀ ਕਰਦੇ ਹਨ ਕਿ ਉਹ ਸਫਲ ਹੈ ਜਾਂ ਫਿਰ ਅਸਫਲ। ਸਫਲਤਾ ਕਦੇ ਵੀ ਸਿੱਧੀ ਨਹੀਂ ਉਪਜਦੀ, ਬਲਕਿ ਅਸਫਲਤਾ ਦੇ ਗਹਿਰੇ ਹਨੇਰੇ ਨੂੰ ਚੀਰ ਕੇ ਪ੍ਰਗਟ ਹੁੰਦੀ ਹੈ। ਹਰ ਸਫਲਤਾ ਦੇ ਪਿੱਛੇ ਅਸਫਲਤਾ ਦੀਆਂ ਅਣਗਿਣਤ ਕਹਾਣੀਆਂ ਹੁੰਦੀਆਂ ਹਨ। ਸਫਲ ਵਿਅਕਤੀਆਂ ਦੀ ਸਫਲਤਾ ਰੂਪੀ ਚਮਕ ਨੂੰ ਦੇਖ ਕੇ ਸਭ ਚਕਾਚੌਂਧ ਹੁੰਦੇ ਹਨ, ਪਰ ਉਨ੍ਹਾਂ ਵੱਲੋਂ ਵੇਖੇ ਹਨੇਰਿਆਂ ਤੋਂ ਸੰਸਾਰ ਸਦਾ ਹੀ ਅਣਜਾਣ ਰਿਹਾ ਹੈ। ਜਿਸ ਦੇ ਅੰਦਰ ਕੁੱਝ ਚੰਗਾ ਕਰ ਗੁਜ਼ਰਨ ਦੀ ਇੱਛਾ ਪ੍ਰਬਲ ਹੋਵੇ, ਉਸ ਨੂੰ ਸਫਲ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ। ਉਹ ਹਾਰ ਕੇ ਵੀ ਹਾਰ ਨਹੀਂ ਮੰਨਦਾ ਕਿਉਂਕਿ ਹਾਰਨਾ ਮਨ ਦੀ ਇੱਕ ਸਥਿਤੀ ਹੈ। ਅਕਸਰ ਹੀ ਮਨੁੱਖ ਉਦੋਂ ਹਾਰਦਾ ਹੈ, ਜਦੋਂ ਉਸ ਦੇ ਦਿਮਾਗ਼ ਵਿੱਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਹੁਣ ਜਿੱਤਣਾ ਅਸੰਭਵ ਹੈ।

ਆਪਣੀ ਪ੍ਰਤਿਭਾ ਨੂੰ ਪਛਾਣ ਕੇ ਚੁਣਿਆ ਰਸਤਾ ਹੀ ਸਾਨੂੰ ਸਾਡੀ ਮੰਜ਼ਿਲ ਤਕ ਲੈ ਕੇ ਜਾਂਦਾ ਹੈ। ਸੰਸਾਰ ਦਾ ਹਰੇਕ ਮਨੁੱਖ ਕੋਈ ਨਾ ਕੋਈ ਪ੍ਰਤਿਭਾ ਦਾ ਮਾਲਕ ਹੈ। ਜ਼ਿੰਦਗੀ ਫ਼ੈਸਲਿਆਂ ਦਾ ਇੱਕ ਰੰਗਮੰਚ ਹੈ ਜਿੱਥੇ ਸਾਡੇ ਫ਼ੈਸਲੇ ਸਾਡੀਆਂ ਗਤੀਵਿਧੀਆਂ ਨੂੰ ਨਿਰਦੇਸ਼ਨ ਬਖ਼ਸ਼ਦੇ ਹਨ। ਸਹੀ ਫੈਸਲਾ ਲੈਣ ਦੀ ਸ਼ਕਤੀ ਆਤਮ-ਵਿਸ਼ਵਾਸ ਨਾਲ ਉਪਜਦੀ ਹੈ। ਆਤਮ-ਵਿਸ਼ਵਾਸ ਦੀ ਪੈਦਾਇਸ਼ ਜ਼ਿੰਮੇਵਾਰੀਆਂ ਵਿੱਚੋਂ ਹੁੰਦੀ ਹੈ ਜੋ ਜਿੰਨਾ ਜ਼ਿੰਮੇਵਾਰ ਹੋਵੇਗਾ ਉਹ ਉਨਾਂ ਹੀ ਆਤਮ-ਵਿਸ਼ਵਾਸ ਨਾਲ ਲਬਰੇਜ਼ ਹੋਵੇਗਾ। ਕਿਸੇ ਕੰਮ ਪ੍ਰਤੀ ਸਾਡਾ ਲਿਆ ਗਿਆ ਫ਼ੈਸਲਾ ਕਿੰਨਾ ਗ਼ਲਤ ਜਾਂ ਸਹੀ ਹੈ, ਉਸ ਨੂੰ ਸਮੇਂ ਦੀ ਕਸਵੱਟੀ ਹੀ ਵਧੀਆ ਪਰਖਦੀ ਹੈ। ਜੋ ਸਮੇਂ ਦੀ ਕਦਰ ਕਰਦਾ ਹੈ, ਸਮਾਂ ਵੀ ਉਸ ਨੂੰ ਕਦਰਵਾਨ ਬਣਾ ਦਿੰਦਾ ਹੈ। ਕਿਸੇ ਕੰਮ ਨੂੰ ਕਰਨ ਤੋਂ ਪਹਿਲਾਂ ਆਪਣੀ ਪ੍ਰਤਿਭਾ ਨੂੰ ਜ਼ਰੂਰ ਟਟੋਲੋ। ਉਸ ਕੰਮ ਵਿੱਚ ਦਿਲਚਸਪੀ ਲਾਜ਼ਮੀ ਹੈ। ਕਰੀਅਰ ਸਬੰਧੀ ਫ਼ੈਸਲਾ ਸਭ ਤੋਂ ਪਹਿਲਾਂ ਆਪਣੇ-ਆਪ ਵਿੱਚ ਕਰਨਾ ਚਾਹੀਦਾ ਹੈ ਕਿ ਅਸੀਂ ਕਿਸ ਦਿਸ਼ਾ ਵਿੱਚ ਜਾਣਾ ਹੈ। ਜਿਸ ਖੇਤਰ ਵਿੱਚ ਅਸੀਂ ਜਾਣ ਦਾ ਦ੍ਰਿੜ ਨਿਸ਼ਚਾ ਕਰ ਲਿਆ ਹੋਵੇ ਤਾਂ ਉਸ ਖੇਤਰ ਦੇ ਮਾਹਿਰ ਦਾ ਮਸ਼ਵਰਾ ਜ਼ਰੂਰ ਲੈਣਾ ਚਾਹੀਦਾ ਹੈ। ਜੇਕਰ ਸਾਨੂੰ ਬਹੁਤ ਸਾਰੀਆਂ ਦਿਸ਼ਾਵਾਂ ਵੱਲ ਜਾਣ ਦੇ ਸੁਝਾਅ ਮਿਲ ਰਹੇ ਹਨ ਤਾਂ ਸਾਨੂੰ ਆਪਣੀ ਪ੍ਰਤਿਭਾ ਖ਼ੁਦ ਖੋਜਣੀ ਹੋਵੇਗੀ। ਆਪਣੇ ਦਿਲ ਦੀ ਸੁਣੋ ਜ਼ਰੂਰ, ਪਰ ਫ਼ੈਸਲੇ ਦਿਮਾਗ਼ ਨਾਲ ਹੀ ਹੋਣੇ ਚਾਹੀਦੇ ਹਨ। ਕਈ ਵਾਰ ਬੱਚੇ ਦੀ ਰੁਚੀ ਜਾਣੇ ਬਿਨਾਂ ਹੀ ਉਸ ਨੂੰ ਕਿਸੇ ਖੇਤਰ ਵਿੱਚ ਜਬਰਦਸਤੀ ਧਕੇਲਿਆ ਜਾਂਦਾ ਹੈ। ਉਹ ਨਾ ਚਾਹੁੰਦੇ ਹੋਏ ਵੀ ਮਾਪਿਆਂ ਦੇ ਸੁਪਨੇ ਨੂੰ ਪੂਰਾ ਕਰਨ ਹਿਤ ਆਪਣੇ ਅਰਮਾਨਾਂ ਨੂੰ ਤਿਲ-ਤਿਲ ਕਰਕੇ ਮਾਰੇਗਾ ਅਤੇ ਸਾਰੀ ਉਮਰ ਤਣਾਅ ਦੇ ਆਲਮ ਵਿੱਚ ਡੁੱਬਿਆ ਰਹੇਗਾ। ਉਹ ਕਿਸੇ ਕੰਮ ਨੂੰ ਚੰਗੀ ਤਰ੍ਹਾਂ ਨਹੀਂ ਨਿਭਾ ਸਕੇਗਾ ਕਿਉਂਕਿ ਉਸ ਦਾ ਮਨ ਦੋਚਿੱਤੀ ਤਲਵਾਰ ਵਰਗਾ ਹੋ ਜਾਵੇਗਾ। ਚੰਗਾ ਹੋਵੇ ਮਾਪੇ ਬੱਚੇ ਦੀ ਰਾਏ ਜਾਣ ਕੇ ਕਿ ਉਹ ਕਿਸ ਖੇਤਰ ਵਿੱਚ ਜਾਣਾ ਚਾਹੁੰਦੇ ਹਨ। ਇਹ ਆਮ ਵੇਖਣ ਵਿੱਚ ਆਉਂਦਾ ਹੈ ਕਿ ਖ਼ਾਸ ਕਰਕੇ ਪਿੰਡਾਂ ਦੇ ਬੱਚਿਆਂ ਵਿੱਚ ਉਨ੍ਹਾਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਉਹ ਕਿਸ ਤਰ੍ਹਾਂ ਦੀ ਪੜ੍ਹਾਈ ਕਰਨ ਜਾਂ ਕਿਸ ਖੇਤਰ ਵੱਲ ਰੁਖ ਕਰਨ। ਪ੍ਰਤਿਭਾ ਪਛਾਣੇ ਬਿਨਾਂ ਅਤੇ ਮਾਰਗ ਦਰਸ਼ਕ ਦੀ ਅਣਹੋਂਦ ਕਰਕੇ ਉਹ ਗ਼ਲਤ ਰਾਹ ਚੁਣ ਕੇ ਆਪਣਾ ਕੀਮਤੀ ਸਮਾਂ, ਪੈਸਾ ਤੇ ਪ੍ਰਤਿਭਾ ਨੂੰ ਨਸ਼ਟ ਕਰਦੇ ਹਨ। ਸਮਾਂ ਅਤੇ ਤੀਰ ਕਦੇ ਵਾਪਸ ਨਹੀਂ ਆਉਂਦੇ। ਬਹੁਤ ਵਾਰ ਬੱਚਿਆਂ ਵਿੱਚ ਕਿਸੇ ਖੇਤਰ ਦੀ ਪੜ੍ਹਾਈ ਨੂੰ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਪ੍ਰਤਿਭਾ ਹੁੰਦੇ ਹੋਏ ਵੀ ਉਹ ਉਸ ਖੇਤਰ ਵਿੱਚ ਜਾਣ ਤੋਂ ਵਾਂਝੇ ਰਹਿ ਜਾਂਦੇ ਹਨ। ਇੱਥੇ ਆਸਾਨ ਜਾਂ ਮੁਸ਼ਕਲ ਦੀ ਗੱਲ ਨਹੀਂ ਹੁੰਦੀ, ਜਨੂੰਨ ਮੁਸ਼ਕਿਲਾਂ ਨੂੰ ਆਸਾਨ ਵੇਖਣਾ ਸ਼ੁਰੂ ਕਰ ਦਿੰਦਾ ਹੈ। ਪ੍ਰਤਿਭਾ ਦੀ ਪਛਾਣ ਕਰਨੀ ਸੌਖਾ ਕੰਮ ਨਹੀਂ, ਪਰ ਨਾਮੁਮਕਿਨ ਨਹੀਂ ਹੈ। ਕਈ ਵਾਰ ਜ਼ਿੰਦਗੀ ਦਾ ਕਾਫ਼ੀ ਸਮਾਂ ਬੀਤਣ ਤੋਂ ਬਾਅਦ ਆਪਣੇ ਮੂਲ ਦੀ ਪਛਾਣ ਹੁੰਦੀ ਹੈ। ਉਹ ਉਸ ਸਮੇਂ ਵੀ ਆਪਣੇ ਮੁਕਾਮ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਕੋਸ਼ਿਸ਼ਾਂ ਹੀ ਕਾਮਯਾਬ ਹੁੰਦੀਆਂ ਹਨ। ਮੁਸ਼ਕਿਲਾਂ ਦਾ ਸਾਹਮਣਾ ਆਮ ਨਾਲੋਂ ਜ਼ਿਆਦਾ ਕਰਨਾ ਪੈਂਦਾ ਹੈ, ਪਰ ਸਫਲਤਾ ਦੀ ਪੌੜੀ ਆਖਰ ਚੜ੍ਹ ਹੀ ਜਾਂਦੇ ਹਨ। ਬਹੁਤੇ ਲੋਕਾਂ ਦਾ ਸਵਾਲ ਹੁੰਦਾ ਹੈ ਕਿ ਆਦਮੀ ਨੇ ਆਪਣੀ ਕਲਾ ਵੀ ਪਛਾਣ ਲਈ ਹੋਵੇ ਤੇ ਮਿਹਨਤ ਵੀ ਕੀਤੀ ਹੋਵੇ, ਪਰ ਫਿਰ ਵੀ ਅਸਫਲ ਹੋ ਜਾਵੇ ਇਸ ਦਾ ਕੀ ਕਾਰਨ ਹੈ? ਇਸ ਦਾ ਜਵਾਬ ਇਹ ਹੈ ਕਿ ਜਮਾਤ ਦੇ ਤੀਹ ਬੱਚਿਆਂ ਨੇ ਡਾਕਟਰ ਬਣਨ ਦਾ ਸੰਕਲਪ ਲਿਆ ਹੈ ਅਤੇ ਦ੍ਰਿੜ ਨਿਸ਼ਚੇ ਨਾਲ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਇੱਕੋ ਹੀ ਕੋਚਿੰਗ ਸੈਂਟਰ ਤੋਂ ਕਰਦੇ ਹਨ, ਪਰ ਫਿਰ ਵੀ ਉਨ੍ਹਾਂ ਵਿੱਚੋਂ ਸਿਰਫ਼ ਪੰਜ ਬੱਚੇ ਹੀ ਪ੍ਰਵੇਸ਼ ਪ੍ਰੀਖਿਆ ਪਾਸ ਕਰਦੇ ਹਨ। ਇੱਥੇ ਸੂਝ-ਬੂਝ ਅਤੇ ਮਿਹਨਤ ਕਰਨ ਦੇ ਤਰੀਕੇ ਦਾ ਅੰਤਰ ਹੋ ਸਕਦਾ ਹੈ।

ਹਰ ਸਫਲ ਵਿਅਕਤੀ ਦੀ ਦੁੱਖ ਭਰੀ ਕਹਾਣੀ ਹੁੰਦੀ ਹੈ, ਹਰ ਦਰਦ ਭਰੀ ਕਹਾਣੀ ਦਾ ਅੰਤ ਸਫਲਤਾ ਹੁੰਦਾ ਹੈ, ਜੋ ਲੋਕ ਕਿਸੇ 'ਤੇ ਹੱਸਦੇ ਹਨ, ਸਮਾਂ ਉਨ੍ਹਾਂ ਉੱਪਰ ਹੱਸਦਾ ਹੈ। ਦੁਨੀਆਂ ਤੋਂ ਵੱਖਰਾ ਸੋਚਣ, ਕਰਨ ਵਾਲਿਆਂ 'ਤੇ ਲੋਕ ਹੱਸਦੇ ਆਏ ਹਨ ਅਤੇ ਹੱਸਦੇ ਰਹਿਣਗੇ। ਸਮਾਂ ਉਨ੍ਹਾਂ ਨੂੰ ਚੁੱਪ ਕਰਵਾਉਂਦਾ ਹੈ। ਇਸ ਲਈ ਹਮੇਸ਼ਾ ਹਾਂ-ਪੱਖੀ ਰਹੋ ਤੇ ਆਸ਼ਾਵਾਦੀ ਬਣੋ। ਆਸ਼ਾਵਾਦੀ ਕਦੇ ਨਹੀਂ ਸੋਚਦਾ ਉਹ ਅਸਫਲ ਵੀ ਹੋ ਸਕਦਾ ਹੈ, ਪਰ ਨਿਰਾਸ਼ਾਵਾਦੀ ਹਮੇਸ਼ਾ ਸੋਚਦਾ ਹੈ ਕਿ ਸਫਲਤਾ ਉਸ ਲਈ ਨਹੀਂ ਬਣੀ। ਆਸ਼ਾਵਾਦੀ ਅਸਫਲਤਾ ਨੂੰ ਵੀ ਸਫਲਤਾ ਵਾਂਗ ਮਾਣਦਾ ਹੈ, ਪਰ ਨਿਰਾਸ਼ਾਵਾਦੀ ਕੋਲ ਸ਼ਿਕਵੇ ਸ਼ਿਕਾਇਤਾਂ ਹੀ ਹੁੰਦੀਆਂ ਹਨ। ਆਸ਼ਾਵਾਦੀ ਕਦੇ ਸ਼ਿਕਵੇ ਨਹੀਂ ਕਰਦੇ ਕਿਉਂਕਿ ਉਹ ਜਾਣਦੇ ਹਨ ਉੱਚੀ ਉਡਾਣ ਦੇ ਪਰਿੰਦੇ ਕਦੇ ਸ਼ਿਕਵੇ ਨਹੀਂ ਕਰਦੇ। ਆਪਣੀ ਪ੍ਰਤਿਭਾ ਦੀ ਪਛਾਣ ਕਰਨੀ, ਸਖ਼ਤ ਮਿਹਨਤ, ਸੰਜਮ ਤੇ ਮੁਸ਼ਕਿਲਾਂ ਨੂੰ ਹੱਸ ਕੇ ਜਰਨ ਦੀ ਸ਼ਕਤੀ ਸਫਲਤਾ ਦਾ ਮੂਲ ਮੰਤਰ ਹੈ। ਹਰ ਪ੍ਰਤਿਭਾ ਦਾ ਕੋਈ ਆਦਰਸ਼ ਜ਼ਰੂਰ ਹੁੰਦਾ ਹੈ। ਉਸ ਦੇ ਵਿਖਾਏ ਰਾਹ 'ਤੇ ਚੱਲਣਾ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ, ਪਰ ਹੂਬਹੂ ਉਸ ਦੀ ਨਕਲ ਕਰਨੀ ਸਾਨੂੰ ਮਜ਼ਾਕ ਦਾ ਪਾਤਰ ਬਣਾ ਸਕਦੀ ਹੈ। ਸਾਡਾ ਜਜ਼ਬਾ ਦੇਸ਼-ਸਮਾਜ ਨੂੰ ਕੁਝ ਚੰਗਾ ਦੇਣ ਦਾ ਹੋਣਾ ਚਾਹੀਦਾ ਹੈ ਅਤੇ ਸਾਡੀ ਕਲਾ ਦਾ ਜਨਹਿਤ ਹੋਣਾ ਲਾਜ਼ਮੀ ਹੈ। ਬਸ ਜ਼ਰੂਰਤ ਹੈ ਆਪਣੇ ਅੰਦਰ ਝਾਤ ਮਾਰਨ ਦੀ ਅਤੇ ਆਪਣੀਆਂ ਅਸੀਮ ਸ਼ਕਤੀਆਂ ਨੂੰ ਜਾਨਣ ਦੀ। ਸਮੇਂ ਦੀ ਚਾਲ ਨਾਲ ਚਾਲ ਮਿਲਾਉਣੀ ਹੋਵੇਗੀ। ਸਮੇਂ ਦੇ ਹਾਣੀ ਹੀ ਸਫਲਤਾ ਨੂੰ ਆਪਣੀ ਰਾਣੀ ਬਣਾਉਂਦੇ ਹਨ। ਚੰਗਾ ਸਾਹਿਤ ਪ੍ਰਤਿਭਾ ਨੂੰ ਤਰਾਸ਼ਦਾ ਹੈ, ਜੋ ਲੋਕ ਚੰਗਾ ਸਾਹਿਤ ਪੜ੍ਹਦੇ ਹਨ, ਉਨ੍ਹਾਂ ਦਾ ਪ੍ਰਤਿਭਾਸ਼ਾਲੀ ਬਣਨਾ ਲਾਜ਼ਮੀ ਹੋ ਜਾਂਦਾ ਹੈ। ਅਜਿਹੇ ਲੋਕਾਂ ਨੂੰ ਜੀਵਨ ਜਿਊਣ ਦੀ ਜਾਚ ਆ ਜਾਂਦੀ ਹੈ। ਉਨ੍ਹਾਂ ਦੀ ਰੁਚੀ ਕੁੱਝ ਚੰਗਾ ਕਰਨ ਦੀ ਬਣ ਜਾਂਦੀ ਹੈ ਅਤੇ ਫਿਰ ਸਫ਼ਲਤਾ-ਅਸਫ਼ਲਤਾ ਤੋਂ ਉੱਪਰ ਉੱਠੇ ਇਹ ਲੋਕ ਹੀ ਸੰਤ ਕਹਾਉਂਦੇ ਹਨ।

**ਸੰਪਰਕ: 94641-72783**

## ਰਿਸ਼ਤਿਆਂ ਦੀ ਗੁੰਝਲਦਾਰ ਬਣਤਰ

### ਸੁਰਿੰਦਰ ਕੌਰ ਸ਼ਾਂਤ

ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਦੁਨੀਆਂ ਵਿੱਚ ਆਉਂਦਿਆਂ ਹੀ ਰਿਸ਼ਤਿਆਂ ਦੇ ਬੰਧਨ ਵਿੱਚ ਬੱਝ ਜਾਂਦਾ ਹੈ ਅਤੇ ਆਪਣੇ ਆਖਰੀ ਸਾਹਾਂ ਤਕ ਇਸ ਬੰਧਨ 'ਚ ਬੱਝਾ ਰਹਿੰਦਾ ਹੈ। ਸਭ ਤੋਂ ਪਹਿਲਾਂ ਬੱਚੇ ਦਾ ਆਪਣੀ ਮਾਂ ਨਾਲ ਰਿਸ਼ਤਾ ਜੁੜਦਾ ਹੈ ਕਿਉਂਕਿ ਮਾਂ ਅਤੇ ਬੱਚੇ ਦੇ ਰਿਸ਼ਤੇ ਜਿੰਨਾ ਕੋਈ ਵੀ ਪਿਆਰਾ ਰਿਸ਼ਤਾ ਨਹੀਂ ਹੈ। ਬਸ ਦੁਨੀਆਂ 'ਤੇ ਇਹ ਹੀ ਇੱਕੋ-ਇੱਕ ਰਿਸ਼ਤਾ ਹੈ ਜੋ ਪਾਕ-ਪਵਿੱਤਰ ਤੇ ਨਿਰਸਵਾਰਥ ਹੁੰਦਾ ਹੈ। ਕਹਿੰਦੇ ਹਨ ਕਿ ਜਿਸ ਰਿਸ਼ਤੇ ਵਿੱਚ ਇਮਾਨਦਾਰੀ ਨਹੀਂ ਹੁੰਦੀ ਉਹ ਰਿਸ਼ਤੇ ਜ਼ਿੰਦਗੀ ਦੀ ਕਸੌਟੀ 'ਤੇ ਕਦੇ ਵੀ ਖਰੇ ਨਹੀਂ ਉੱਤਰਦੇ ਅਤੇ ਸਮੇਂ ਤੋਂ ਪਹਿਲਾਂ ਹੀ ਦਮ ਤੋੜ ਦਿੰਦੇ ਹਨ। ਹਰ ਇਨਸਾਨ ਦੀ ਜ਼ਿੰਦਗੀ 'ਚ ਮਾਂ ਦਾ ਰਿਸ਼ਤਾ ਹੀ ਅਜਿਹਾ ਹੁੰਦਾ ਹੈ ਜੋ ਬੱਚੇ ਦੇ ਹਰ ਦੁੱਖ-ਸੁੱਖ ਅਤੇ ਤਕਲੀਫ਼ਾਂ ਨੂੰ ਆਪਣੇ ਸੀਨੇ ਅੰਦਰ ਸਮੇਟ ਲੈਂਦੀ ਹੈ। ਮਾਂ ਤੋਂ ਹੀ ਬੱਚਾ ਰਿਸ਼ਤੇ ਨਿਭਾਉਣ ਦੀ ਜਾਚ ਸਿੱਖਦਾ ਹੈ।

ਪਹਿਲਾਂ ਰਿਸ਼ਤਿਆਂ ਦੀ ਡੋਰ ਬੜੀ ਪੱਕੀ ਹੁੰਦੀ ਸੀ ਜੋ ਆਖਰੀ ਸਾਹਾਂ ਤਕ ਨਹੀਂ ਸੀ ਟੁੱਟਦੀ। ਹਰ ਰਿਸ਼ਤੇ ਵਿੱਚ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੁੰਦੀ ਸੀ। ਸਾਂਝੇ ਪਰਿਵਾਰ ਇਸ ਦੀ ਮਿਸਾਲ ਹੁੰਦੇ ਸਨ। ਉਸ ਸਮੇਂ ਦੀਆਂ ਮੁਟਿਆਰਾਂ ਵੀ ਆਪਣੇ ਬਾਬੁਲ ਅੱਗੇ ਅਰਜ਼ੋਈ ਕਰਕੇ ਸਾਂਝੇ ਪਰਿਵਾਰ ਵਿੱਚ ਵਿਆਹ ਕਰਵਾਉਣ ਦੀ ਮੰਗ ਕਰਦੀਆਂ ਸਨ:

ਦੇਈਂ-ਦੇਈਂ ਵੇ ਬਾਬਲਾ ਮੈਨੂੰ ਓਸ ਘਰ,
ਜਿੱਥੇ ਸੱਸ ਦੇ ਬਾਹਲੇ ਪੁੱਤ।
ਇੱਕ ਮੰਗੀਏ ਤੇ ਇੱਕ ਵਿਆਹੀਏ,
ਮੈਂ ਸ਼ਾਦੀਆਂ ਦੇਖਾਂ ਨਿੱਤ॥

ਸੱਚਮੁੱਚ ਕਿੰਨਾ ਨਿੱਘ ਹੁੰਦਾ ਸੀ ਉਸ ਵੇਲੇ ਦੇ ਰਿਸ਼ਤਿਆਂ 'ਚ। ਸਾਂਝੇ ਪਰਿਵਾਰਾਂ ਵਿੱਚ ਤਾਂ ਹਰ ਸਮੇਂ ਵਿਆਹ ਸ਼ਾਦੀ ਵਾਲਾ ਮਾਹੌਲ ਬਣਿਆ ਰਹਿੰਦਾ ਸੀ ਅਤੇ ਘਰ ਦਾ ਮੁਖੀ ਹੀ ਸਾਰੇ ਛੋਟੇ-ਵੱਡੇ ਫ਼ੈਸਲੇ ਲੈਂਦਾ ਸੀ ਜੋ ਸਭ ਨੂੰ ਮਨਜ਼ੂਰ ਹੁੰਦੇ ਸਨ ਤੇ ਕਿਸੇ ਵਿੱਚ ਹਿੰਮਤ ਨਹੀਂ ਸੀ ਹੁੰਦੀ ਕਿ ਉਸ ਫ਼ੈਸਲੇ 'ਤੇ ਕੋਈ ਕਿੰਤੂ-ਪ੍ਰੰਤੂ ਕਰ ਸਕੇ, ਪਰ ਅਜੋਕੇ ਸਮੇਂ ਵਿੱਚ ਤਾਂ ਰਿਸ਼ਤਿਆਂ ਦੀ ਡੋਰ ਇੰਨੀ ਕੱਚੀ ਹੋ ਗਈ ਹੈ ਕਿ ਪਤਾ ਨਹੀਂ ਕਿਸ ਵੇਲੇ ਥੋੜ੍ਹੀ ਜਿਹੀ ਠੋਕਰ ਨਾਲ ਹੀ ਟੁੱਟ ਜਾਵੇ। ਹੁਣ ਘਰ ਦਾ ਮੁਖੀ ਜੋ ਫ਼ੈਸਲੇ ਲੈਂਦਾ ਹੈ, ਉਹ ਕਿਸੇ ਨੂੰ ਵੀ ਗਵਾਰਾ ਨਹੀਂ ਹੁੰਦਾ, ਚਾਹੇ ਉਹ ਧੀ ਹੋਵੇ ਜਾਂ ਪੁੱਤ।

ਹੁਣ ਤਾਂ ਮੁਟਿਆਰਾਂ ਇਸ ਤਰ੍ਹਾਂ ਦਾ ਸਹੁਰਾ ਘਰ ਲੋਚਦੀਆਂ ਹਨ ਜਿੱਥੇ ਉਨ੍ਹਾਂ 'ਚ ਦਖਲਅੰਦਾਜ਼ੀ ਕਰਨ ਵਾਲਾ ਕੋਈ ਤੀਸਰਾ ਨਾ ਹੋਵੇ ਅਤੇ ਰਿਸ਼ਤੇ ਇੰਨੇ ਨਾਜ਼ੁਕ ਹੋ ਗਏ ਹਨ ਕਿ ਕਿਸੇ ਦਾ ਕਿਸੇ 'ਤੇ ਕੋਈ ਹੱਕ ਹੀ ਨਹੀਂ ਰਿਹਾ ਅਤੇ ਜੇਕਰ ਕੋਈ ਹੱਕ ਜਤਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਨੂੰ ਨਿਰਾਸ਼ਤਾ ਦਾ ਹੀ ਮੂੰਹ ਵੇਖਣਾ ਪੈਂਦਾ ਹੈ।

ਅਜੋਕੇ ਯੁੱਗ ਨੇ ਤਾਂ ਰਿਸ਼ਤਿਆਂ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਹੈ। ਇੰਟਰਨੈੱਟ ਅਤੇ ਸੋਸ਼ਲ ਸਾਈਟਸ ਨੇ ਰਿਸ਼ਤਿਆਂ ਅਤੇ ਦਿਲਾਂ 'ਚ ਇੰਨੀਆਂ ਦੂਰੀਆਂ ਵਧਾ ਦਿੱਤੀਆਂ ਹਨ ਕਿ ਚਾਹੁੰਦੇ ਹੋਏ ਵੀ ਇਹ ਮਿਟ ਨਹੀਂ ਸਕਦੀਆਂ। ਅਸੀਂ ਨੇੜੇ ਹੋ ਕੇ ਕੋਹਾਂ ਦੂਰ ਗਏ ਹਾਂ। ਪਹਿਲਾਂ ਚਿੱਠੀ ਪੱਤਰ ਰਾਹੀਂ ਹੀ ਸਕੇ ਸਬੰਧੀਆਂ ਦੀ ਸੁੱਖ-ਸਾਂਦ ਪੁੱਛੀ ਜਾਂਦੀ ਸੀ। ਘਰ ਦੀ ਸੁਆਣੀ, ਭੈਣ-ਭਰਾ ਅਤੇ ਸੱਜ ਵਿਆਹੀ ਨੂੰ ਚਿੱਠੀ ਦੀ ਬੜੀ ਸ਼ਿੱਦਤ ਨਾਲ ਤਾਂਘ ਰਹਿੰਦੀ ਸੀ। ਜਦੋਂ ਗਲੀ ਵਿੱਚ ਡਾਕੀਏ ਦੇ ਸਾਈਕਲ ਦੀ ਘੰਟੀ ਵੱਜਦੀ ਸੀ ਤਾਂ ਇਹ ਤਾਂਘ ਪਿਆਰੀ ਜਿਹੀ ਖ਼ੁਸ਼ੀ ਵਿੱਚ ਬਦਲ ਜਾਂਦੀ ਸੀ। ਨਵੀਂ ਵਿਆਹੀ ਜਦੋਂ ਆਪਣੇ ਮਾਹੀਏ ਵੱਲੋਂ ਲਿਖੀ ਚਿੱਠੀ ਪੜ੍ਹਦੀ ਤਾਂ ਉਸ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗਦੇ ਤੇ ਉਹ ਖ਼ੁਦ ਨੂੰ ਅੰਬਰਾਂ



'ਚ ਉਡਾਰੀਆਂ ਮਾਰਦੀ ਮਹਿਸੂਸ ਕਰਦੀ ਸੀ। ਚਿੱਠੀ 'ਚ ਮਾਹੀਏ ਦੇ ਆਉਣ ਦੀ ਖ਼ਬਰ ਪੜ੍ਹ ਕੇ ਤਾਂ ਉਸ ਦੇ ਚਾਅ, ਸੱਧਰਾਂ ਸੰਭਾਲੇ ਨਹੀਂ ਸੀ ਜਾਂਦੇ। ਉਸ ਦਾ ਹੁਸਨ ਡੁੱਲ੍ਹ-ਡੁੱਲ੍ਹ ਪੈਣ ਲੱਗਦਾ ਤੇ ਉਹ ਸ਼ੀਸ਼ੇ ਵਿੱਚ ਖ਼ੁਦ ਨੂੰ ਵੇਖ-ਵੇਖ ਸ਼ਰਮਾ ਜਾਂਦੀ। ਫਿਰ ਉਹ ਮਿਲਾਪ ਦੀਆਂ ਉਨ੍ਹਾਂ ਘੜੀਆਂ ਨੂੰ ਮਹਿਸੂਸ ਕਰਦੀ ਜਿਨ੍ਹਾਂ ਦੀ ਉਹ ਬੇਸਬਰੀ ਨਾਲ ਉਡੀਕ ਕਰ ਰਹੀ ਹੁੰਦੀ ਸੀ। ਅਜੋਕੇ ਸਮੇਂ ਨੇ ਇਨ੍ਹਾਂ ਹੁਸੀਨ ਪਲਾਂ ਨੂੰ ਜਿਵੇਂ ਹਵਾ ਵਿੱਚ ਹੀ ਉਡਾ ਦਿੱਤਾ ਹੋਵੇ। ਹੁਣ ਨਾ ਕਿਸੇ ਡਾਕੀਏ ਦੁਆਰਾ ਚਿੱਠੀ ਲਿਆਉਣ ਦੀ ਉਡੀਕ ਹੁੰਦੀ ਹੈ ਅਤੇ ਨਾ ਹੀ ਮਾਹੀਏ ਦੇ ਵਿਯੋਗ 'ਚ ਤੜਪ ਰਹੀ ਸੱਜ ਵਿਆਹੀ ਨੂੰ ਉਸ ਨਾਲ ਵਸਲ ਦੀ ਉਡੀਕ। ਹੁਣ ਹਰ ਰਿਸ਼ਤਾ ਸਿਰਫ਼ ਸਵਾਰਥ ਦੀ ਬੁਨਿਆਦ 'ਤੇ ਖੜ੍ਹਾ ਹੈ। ਅੱਜ ਦੇ ਸਮੇਂ ਵਿੱਚ ਕੋਈ ਬੱਚਾ ਨਾ ਆਪਣੇ ਦਾਦਾ-ਦਾਦੀ ਤੋਂ ਰਾਜੇ-ਰਾਣੀਆਂ ਜਾਂ ਪਰੀਆਂ ਦੀਆਂ ਕਹਾਣੀਆਂ ਸੁਣ ਕੇ ਸੌਂਦਾ ਹੈ ਅਤੇ ਨਾ ਹੀ ਉਨ੍ਹਾਂ ਵੱਲੋਂ ਦਿਖਾਏ ਰਾਹ 'ਤੇ ਕੋਈ ਚੱਲਦਾ ਹੈ। ਘਰਾਂ 'ਚ ਬਜ਼ੁਰਗਾਂ ਪ੍ਰਤੀ ਪਿਆਰ-ਸਤਿਕਾਰ ਦੀ ਭਾਵਨਾ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਘਰ 'ਚ ਫਾਲਤੂ ਸਮਝ ਕੇ ਕੇਅਰ ਹੋਮ ਵਿੱਚ ਰੱਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਪੈਸਾ ਕਮਾਉਣ ਦੀ ਦੌੜ 'ਚ ਮਾਪਿਆਂ ਕੋਲ ਆਪਣੇ ਬੱਚਿਆਂ ਲਈ ਟਾਈਮ ਨਹੀਂ ਹੁੰਦਾ ਜਿਸ ਕਾਰਨ ਬੱਚੇ ਉਨ੍ਹਾਂ ਦੇ ਪਿਆਰ ਅਤੇ ਸੰਸਕਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਬੱਚੇ ਮਾਪਿਆਂ ਕੋਲ ਬੈਠਣ ਦੀ ਜਗ੍ਹਾ ਮੋਬਾਈਲ ਫੋਨ, ਵੀਡੀਓ ਗੇਮਜ਼, ਕਲੱਬ, ਬਾਰਾਂ ਦੇ ਇੰਨੇ ਆਦੀ ਹੋ ਗਏ ਹਨ ਕਿ ਉਨ੍ਹਾਂ ਨੂੰ ਕਿਸੇ ਰਿਸ਼ਤੇ ਦੀ ਕੋਈ ਸਮਝ ਹੀ ਨਹੀਂ ਰਹੀ। ਜਿਹੜੇ ਗੱਭਰੂ-ਮੁਟਿਆਰਾਂ ਪਰਿਵਾਰਕ ਰਿਸ਼ਤੇ ਨਹੀਂ ਨਿਭਾਅ ਸਕਦੇ ਉਨ੍ਹਾਂ ਤੋਂ ਸਮਾਜਿਕ ਰਿਸ਼ਤੇ ਨਿਭਾਉਣ ਦੀ ਉਮੀਦ ਬੇਮਤਲਬ ਹੈ? ਪਰਿਵਾਰਾਂ ਦੇ ਹਾਲਾਤ ਇੰਨੇ ਬਦਤਰ ਹੋ ਗਏ ਹਨ ਕਿ ਮੁੰਡਿਆਂ ਨੇ ਤਾਂ ਮਾਪਿਆਂ ਦੀ ਗੱਲ ਸੁਣਨੀ ਹੀ ਕੀ ਸੀ ਕੁੜੀਆਂ ਵੀ ਆਪਣੀ ਮਨਮਰਜ਼ੀ ਕਰਦੀਆਂ ਹਨ। ਮਾਪੇ ਆਪਣੇ ਬੱਚਿਆਂ ਨੂੰ ਜੋ ਸਮਝਾਉਣਾ ਚਾਹੁੰਦੇ ਹਨ ਉਹ ਉਸ ਤੋਂ ਕੋਹਾਂ ਦੂਰ ਹਨ। ਪਹਿਲੇ ਸਮਿਆਂ 'ਚ ਜੇ ਕੋਈ ਕਿਸੇ ਨਾਲ ਨਾਰਾਜ਼ ਹੋ ਜਾਂਦਾ ਸੀ ਤਾਂ ਉਸ ਨੂੰ ਮਿਲਣ ਦੀ ਉਡੀਕ ਕੀਤੀ ਜਾਂਦੀ ਸੀ ਕਿ ਜਦੋਂ ਮਿਲਿਆ ਤਾਂ ਭੜਾਸ ਕੱਢ ਲਈ ਜਾਏਗੀ, ਪਰ ਜਦੋਂ ਤਕ ਉਸ ਨੂੰ ਮਿਲਣ ਦੀ ਉਡੀਕ ਖ਼ਤਮ ਹੁੰਦੀ ਸੀ, ਉਸ ਸਮੇਂ ਤਕ ਗੁੱਸਾ ਠੰਢਾ ਹੋ ਚੁੱਕਾ ਹੁੰਦਾ ਸੀ। ਹੁਣ ਜਦੋਂ ਕਿਸੇ ਨੂੰ ਕਿਸੇ ਦੀ ਗੱਲ 'ਤੇ ਗੁੱਸਾ ਆ ਜਾਵੇ ਤਾਂ ਉਹ ਮੋਬਾਈਲ 'ਤੇ ਗਾਲਾਂ ਕੱਢ ਕੇ ਬੇਇਜ਼ਤੀ ਕਰਨ ਲੱਗੇ ਦੇਰ ਨਹੀਂ ਲਗਾਉਂਦਾ। ਅੱਜਕੱਲ੍ਹ ਲੋਕਾਂ ਵਿੱਚੋਂ ਸਹਿਣਸ਼ੀਲਤਾ ਖ਼ਤਮ ਹੁੰਦੀ ਜਾ ਰਹੀ ਹੈ। ਸਹਿਣਸ਼ੀਲਤਾ ਤੋਂ ਵਿਰਵਾ ਮਨੁੱਖ ਹਮੇਸ਼ਾਂ ਆਪਣਿਆਂ ਨੂੰ ਗੁਆ ਬੈਠਦਾ ਹੈ ਅਤੇ ਜਦੋਂ ਤਕ ਉਸ ਨੂੰ ਰਿਸ਼ਤਿਆਂ ਨੂੰ ਨਿਭਾਉਣ ਦੀ ਸਮਝ ਪੈਂਦੀ ਹੈ ਤਾਂ ਇਹ ਰਿਸ਼ਤੇ ਉਸ ਤੋਂ ਬਹੁਤ ਦੂਰ ਜਾ ਚੁੱਕੇ ਹੁੰਦੇ ਹਨ।

## ਕਰੋ ਸਾਕਾਰਾਤਮਕ ਵਤੀਰੇ ਦਾ ਵਿਕਾਸ

### ਡਾ. ਆਗਿਆਜੀਤ ਸਿੰਘ



ਵਤੀਰਾ ਸਮਾਜਿਕ ਵਿਵਹਾਰ ਹੈ ਅਤੇ ਇਹ ਮਨੁੱਖੀ ਵਿਵਹਾਰ ਦਾ ਭਾਵਨਾਤਮਕ ਪੱਖ ਹੈ। ਲੋਕਾਂ ਦੇ ਵਿਸ਼ਵਾਸ ਅਤੇ ਰਾਇ ਉਨ੍ਹਾਂ ਦੇ ਵਤੀਰੇ ਨੂੰ ਦਰਸਾਉਂਦੇ ਹਨ। ਹਰੇਕ ਵਿਅਕਤੀ ਦਾ ਕਿਸੇ ਦੂਜੇ ਵਿਅਕਤੀ ਪ੍ਰਤੀ ਕੋਈ ਨਾ ਕੋਈ ਵਿਚਾਰ ਹੁੰਦਾ ਹੈ ਜਿਹੜਾ ਉਸ ਦਾ ਵਤੀਰਾ ਕਹਾਉਂਦਾ ਹੈ। ਇਹ ਜਾਂ ਤਾਂ ਸਾਕਾਰਾਤਮਕ ਹੋਵੇਗਾ ਜਾਂ ਨਾਕਾਰਾਤਮਕ। ਇਸ ਲਈ ਇਹ ਵਿਚਕਾਰਲਾ ਜਾਂ ਨਿਰਪੱਖ ਨਹੀਂ ਹੋ ਸਕਦਾ। ਇਸ ਦੀ ਰਚਨਾ ਉਸ ਦੀ ਜ਼ਿੰਦਗੀ ਦੇ ਪਿਛਲੇ ਤਜਰਬਿਆਂ ਤੋਂ ਹੁੰਦੀ ਹੈ। ਜੇ ਜ਼ਿੰਦਗੀ ਦੇ ਤਜਰਬੇ ਮਿੱਠੇ, ਚੰਗੇ ਅਤੇ ਹੁਲਾਸ ਵਾਲੇ ਹਨ ਤਾਂ ਇਹ ਸਾਕਾਰਾਤਮਕ ਹੋ ਜਾਵੇਗਾ ਅਤੇ ਇਸ ਦੇ ਉਲਟ ਜੇ ਉਸ ਦੇ ਤਜਰਬੇ ਖੱਟੇ, ਭੈੜੇ ਅਤੇ ਗ਼ਮ ਦੇਣ ਵਾਲੇ ਹਨ ਤਾਂ ਉਸ ਦਾ ਵਤੀਰਾ ਨਾਕਾਰਾਤਮਕ ਬਣ ਜਾਵੇਗਾ ਅਤੇ ਉਹ ਵਿਅਕਤੀ ਨਿਰਾਸ਼ਾਵਾਦੀ ਹੋਵੇਗਾ। ਆਮ ਤੌਰ 'ਤੇ ਜ਼ਿਆਦਾਤਰ ਵਿਅਕਤੀਆਂ ਦਾ ਵਤੀਰਾ ਨਾਕਾਰਾਤਮਕ ਹੀ ਹੁੰਦਾ ਹੈ। ਉਹ ਹਰ ਚੀਜ਼ ਦਾ ਗ਼ਲਤ ਪਾਸਾ ਹੀ ਦੇਖਦੇ ਹਨ। ਉਨ੍ਹਾਂ ਦੀ ਸੋਚ ਵੀ ਗ਼ਲਤ ਹੁੰਦੀ ਹੈ। ਉਹ ਹਮੇਸ਼ਾਂ ਇਹ ਕਿਆਸ ਕਰਦੇ ਹਨ ਕਿ ਕੁੱਝ ਭੈੜਾ ਹੀ ਹੋਣ ਵਾਲਾ ਹੈ। ਉਹ ਜ਼ਿੰਦਗੀ ਦਾ ਚੰਗਾ ਪੱਖ ਨਹੀਂ ਸੋਚਦੇ। ਅਜਿਹੇ ਵਿਅਕਤੀ ਚੰਗੀਆਂ ਚੀਜ਼ਾਂ ਤੋਂ ਵੀ ਭੈੜੀ ਚੀਜ਼ ਦੀ ਆਸ ਰੱਖਦੇ ਹਨ। ਉਨ੍ਹਾਂ ਨੂੰ ਫੁੱਲਾਂ ਵਿੱਚੋਂ ਖ਼ੁਸ਼ਬੂ ਦੀ ਥਾਂ 'ਤੇ ਬਦਬੂ ਹੀ ਆਉਂਦੀ ਹੈ। ਅਜਿਹੇ ਵਿਅਕਤੀ ਨਾਂਹ ਪੱਖੀ ਹੁੰਦੇ ਹਨ ਅਤੇ ਦੂਜੇ ਵਿਅਕਤੀਆਂ ਦਾ ਬੁਰਾ ਹੀ ਸੋਚਦੇ ਹਨ। ਉਹ ਦੂਜਿਆਂ ਦੀ ਨੁਕਤਾਚੀਨੀ ਕਰਨ ਵਿੱਚ ਖ਼ੁਸ਼ੀ ਪ੍ਰਾਪਤ ਕਰਦੇ ਹਨ। ਲੋਕਾਂ ਦੀਆਂ ਬਦਖੋਈਆਂ ਕਰਨ ਵਿੱਚ ਲੁਤਫ਼ ਲੈਂਦੇ ਹਨ। ਉਹ ਕਦੇ ਇਹ ਨਹੀਂ ਸੋਚਦੇ ਕਿ ਅਜਿਹੇ ਨੁਕਸ ਉਨ੍ਹਾਂ ਵਿੱਚ ਵੀ ਹੋ ਸਕਦੇ ਹਨ। ਅਜਿਹੇ ਵਿਅਕਤੀ ਹੀਣ ਭਾਵਨਾਵਾਂ ਵਿੱਚ ਗ੍ਰਸੇ ਜਾਂਦੇ ਹਨ ਅਤੇ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਵਤੀਰਾ ਵਿਅਕਤੀਤਵ ਦਾ ਇੱਕ ਜ਼ਰੂਰੀ ਹਿੱਸਾ ਹੈ। ਕਿਸੇ ਵਿਅਕਤੀ ਦਾ ਵਿਅਕਤੀਤਵ ਉਸ ਦੀ ਬਾਹਰਲੀ ਸ਼ਕਲ, ਪਹਿਰਾਵਾ ਜਾਂ ਬਾਹਰਲਾ ਪ੍ਰਭਾਵ ਨਹੀਂ, ਉਸ ਦੇ ਅੰਦਰਲੇ ਗੁਣ ਹੁੰਦੇ ਹਨ। ਜੇ ਕਿਸੇ ਦਾ ਵਤੀਰਾ ਸਾਕਾਰਾਤਮਕ ਹੋਵੇਗਾ ਤਾਂ ਉਹ ਚੰਗੀ ਸ਼ਖ਼ਸੀਅਤ ਦਾ ਮਾਲਕ ਹੈ, ਨਹੀਂ ਤਾਂ ਉਸ ਦੇ ਵਿਅਕਤੀਤਵ ਵਿੱਚ ਕੋਈ ਵਿਗਾੜ ਜ਼ਰੂਰ ਹੋਏਗਾ। ਵਿਅਕਤੀਤਵ ਵਿੱਚ ਕਿਸੇ ਵਿਅਕਤੀ ਦਾ ਵਤੀਰਾ, ਦਿਲਚਸਪੀਆਂ, ਆਦਤਾਂ, ਅੰਦਰੂਨੀ ਭਾਵਨਾਵਾਂ, ਖ਼ੁਆਹਿਸ਼ਾਂ, ਆਦਰਸ਼, ਸੋਚ ਸ਼ਕਤੀ ਆਦਿ ਸਭ ਕੁਝ ਆ ਜਾਂਦਾ ਹੈ। ਵਿਅਕਤੀਤਵ ਕਿਸੇ ਵਿਅਕਤੀ ਦੇ ਵਿਵਹਾਰ ਦਾ ਸ਼ੀਸ਼ਾ ਹੁੰਦਾ ਹੈ, ਜਿਸ ਤੋਂ ਉਸ ਦੀ ਅੰਦਰਲੀ ਸ਼ਕਲ ਪ੍ਰਗਟ ਹੁੰਦੀ ਹੈ। ਸਾਕਾਰਾਤਮਕ ਵਤੀਰਾ ਚੰਗੀ ਮਾਨਸਿਕ ਸਿਹਤ ਦੀ ਨਿਸ਼ਾਨੀ ਹੈ। ਜਿਸ ਵਿਅਕਤੀ ਦਾ ਸਾਕਾਰਾਤਮਕ ਵਤੀਰਾ ਹੈ ਤਾਂ ਉਹ ਚੰਗੀ ਮਾਨਸਿਕ ਸਿਹਤ ਦਾ ਮਾਲਕ ਹੈ। ਨਾਕਾਰਾਤਮਕ ਵਤੀਰੇ ਵਾਲਾ ਵਿਅਕਤੀ ਕਈ ਮਾਨਸਿਕ ਵਿਕਾਰਾਂ ਵਿੱਚ ਉਲਝਿਆ ਹੋਇਆ ਹੁੰਦਾ ਹੈ। ਉਹ ਹਮੇਸ਼ਾਂ ਹੀ ਗੁੱਸੇ ਵਿੱਚ ਰਹੇਗਾ, ਉਸ ਦਾ ਸੁਭਾਅ ਚਿੜਚਿੜਾ ਹੋਵੇਗਾ ਅਤੇ ਉਹ ਹਮੇਸ਼ਾ ਹੀ ਘਬਰਾਇਆ ਰਹਿੰਦਾ ਹੈ। ਇਸ ਦੇ ਉਲਟ ਸਾਕਾਰਾਤਮਕ ਵਤੀਰੇ ਵਾਲਾ ਵਿਅਕਤੀ ਹਮੇਸ਼ਾ ਖ਼ੁਸ਼ ਰਹਿੰਦਾ ਹੈ। ਉਸ ਵਿੱਚ ਕੰਮ ਕਰਨ ਵਿੱਚ ਪਹਿਲਕਦਮੀ ਦੇ ਗੁਣ ਹੋਣਗੇ, ਉਸ ਦਾ ਸੁਭਾਅ ਮਿੱਠਾ ਅਤੇ ਮਿਲਣਸਾਰ ਹੋਵੇਗਾ, ਉਸ ਵਿੱਚ ਹਰੇਕ ਦੀ ਮਦਦ ਕਰਨ ਦਾ ਉਤਸ਼ਾਹ ਹੋਵੇਗਾ। ਉਸ ਵਿੱਚ ਸਹਿਣਸ਼ੀਲਤਾ, ਹਮਦਰਦੀ ਭਰਿਆ ਜਜ਼ਬਾ ਅਤੇ ਕੁਰਬਾਨੀ ਦਾ ਅਹਿਸਾਸ ਹੋਵੇਗਾ। ਇੱਕ ਅਫ਼ਸਰ ਜਿਸ ਦਾ ਸਾਕਾਰਾਤਮਕ ਵਤੀਰਾ ਹੈ, ਉਹ ਹਮੇਸ਼ਾ ਹੀ ਆਪਣੇ ਕਰਮਚਾਰੀਆਂ ਨੂੰ ਹੱਲਾਸ਼ੇਰੀ ਦੇਵੇਗਾ ਅਤੇ ਉਨ੍ਹਾਂ ਲਈ ਪ੍ਰੇਰਣਾ ਸਰੋਤ ਸਿੱਧ ਹੋਵੇਗਾ। ਉਹ ਉਨ੍ਹਾਂ ਦੇ ਛੋਟੇ-ਛੋਟੇ ਨੁਕਸਾਂ ਨੂੰ ਅਣਗੌਲੇ ਕਰਕੇ ਠੀਕ ਕੰਮ ਕਰਨ ਲਈ ਸੇਧ ਦੇਵੇਗਾ ਅਤੇ ਚੰਗਾ ਲੀਡਰ ਸਾਬਤ ਹੋਵੇਗਾ। ਅਜਿਹਾ ਵਿਅਕਤੀ ਹਰੇਕ ਤੋਂ ਪ੍ਰਸ਼ੰਸਾ ਪ੍ਰਾਪਤ ਕਰਦਾ ਹੈ ਅਤੇ ਉਸ ਨੂੰ ਸਮਾਜਿਕ ਪ੍ਰਵਾਨਗੀ ਮਿਲਦੀ ਹੈ; ਜਿਸ ਨਾਲ ਉਸ ਦਾ ਸਵੈਮਾਣ ਅਤੇ ਸਵੈ-ਸਤਿਕਾਰ ਵੀ ਵਧਦਾ ਹੈ ਅਤੇ ਉਹ ਸਮਾਜਿਕ ਤੌਰ 'ਤੇ ਵੀ ਸਮਾਯੋਜਿਤ ਹੋਵੇਗਾ। ਅਜਿਹੇ ਵਿਅਕਤੀ ਦਾ ਵਿਅਕਤੀਤਵ ਸੰਪੂਰਨ ਤੌਰ 'ਤੇ ਵਿਕਸਿਤ ਹੋ ਚੁੱਕਾ ਹੋਵੇਗਾ। ਅਜਿਹਾ ਵਿਅਕਤੀ ਜ਼ਿੰਦਗੀ ਦੀਆਂ ਮੁਸ਼ਕਿਲ ਅਤੇ ਕਠਿਨ ਹਾਲਤਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਜਾਂਦਾ ਹੈ। ਉਸ ਦੇ ਮਨ ਦੀ ਸ਼ਾਂਤੀ, ਪ੍ਰਭਾਵਿਕਤਾ ਅਤੇ ਖ਼ੁਸ਼ੀ ਵਧਦੀ ਹੈ ਅਤੇ ਉਸ ਨੂੰ ਜ਼ਿੰਦਗੀ ਵਿੱਚ ਸੰਤੁਸ਼ਟੀ ਮਿਲਦੀ ਹੈ। ਉਸ ਵਿੱਚ ਮਾਨਸਿਕ ਯੋਗਤਾਵਾਂ ਜਿਵੇਂ ਕਿ ਸਿੱਖਣ ਦੀ ਪ੍ਰਕਿਰਿਆ, ਯਾਦਾਸ਼ਤ, ਧਾਰਨਾ ਸ਼ਕਤੀ, ਸੋਚਣ ਕਿਰਿਆ, ਤਰਕ ਸ਼ਕਤੀ, ਕਲਪਨਾ, ਪ੍ਰਤੱਖ-ਕਿਰਿਆ, ਸਵੈ-ਕੇਂਦਰਤਾ, ਸਮੱਸਿਆ ਸਮਾਧਾਨ ਅਤੇ ਜਲਦੀ ਨਿਰਣਾ ਲੈਣ ਦੀ ਸ਼ਕਤੀ ਆਦਿ ਵੀ ਹੁੰਦੀ ਹੈ। ਕਿਉਂਕਿ ਉਸ ਦੀ ਸੋਚ ਵਿੱਚ ਕੋਈ ਖੋਟ ਨਹੀਂ ਹੁੰਦੀ, ਇਸ ਲਈ ਦੂਜਿਆਂ ਨੂੰ ਠੀਕ ਸੇਧ ਦਿੰਦਾ ਹੈ। ਅਜਿਹੇ ਵਿਅਕਤੀ ਵਿੱਚ ਹਰੇਕ ਕੰਮ ਨੂੰ ਕਰਨ ਲਈ ਨਿਪੁੰਨਤਾ ਅਤੇ ਇਕਸਾਰਤਾ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਉਹ ਸਮਾਜਿਕ ਪ੍ਰਭਾਵਿਕਤਾ ਨੂੰ ਕਾਇਮ ਕਰਨ ਵਿੱਚ ਆਪਣਾ ਚੰਗਾ ਯੋਗਦਾਨ ਪਾਉਂਦਾ ਹੈ ਕਿਉਂਕਿ ਉਸ ਦੀਆਂ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਹੁੰਦੀਆਂ ਹਨ। ਸਾਕਾਰਾਤਮਕ ਵਤੀਰੇ ਵਾਲੇ ਵਿਅਕਤੀ ਹਮੇਸ਼ਾਂ ਖ਼ੁਸ਼, ਆਸ਼ਾਵਾਦੀ ਅਤੇ ਇਕਸਾਰਤਾ ਵਾਲੀ ਸ਼ਖ਼ਸੀਅਤ ਦੇ ਮਾਲਕ ਹੁੰਦੇ ਹਨ।

**ਸੰਪਰਕ : 94781-69464**

## ਬੱਚਿਆਂ ਦੀ ਖੇਡਾਂ 'ਚ ਰੁਚੀ ਜਗਾਓ

### ਸੁਖਰਾਜ ਸਿੰਘ ਚਹਿਲ

ਬੱਚਿਆਂ ਨੂੰ ਜੇਕਰ ਸਕੂਲ ਦੀ ਪੜ੍ਹਾਈ ਦੌਰਾਨ ਹੀ ਖੇਡਾਂ ਵੱਲ ਲਾ ਲਿਆ ਜਾਵੇ ਤਾਂ ਉਨ੍ਹਾਂ ਦਾ ਧਿਆਨ ਬੁਰਾਈਆਂ ਦੀ ਤਰਫ਼ ਨਹੀਂ ਜਾਂਦਾ। ਨਸ਼ਿਆਂ ਅਤੇ ਹੋਰ ਬੁਰਾਈਆਂ ਨੂੰ ਠੱਲ੍ਹ ਪਾਉਣ ਲਈ ਇਹ ਸਭ ਤੋਂ ਵੱਡਾ ਹਥਿਆਰ ਹੈ। ਪਰ ਹੁਣ ਬਹੁਗਿਣਤੀ ਬੱਚਿਆਂ/ਨੌਜਵਾਨਾਂ ਦੀ ਦਿਲਚਸਪੀ ਖੇਡਾਂ ਪ੍ਰਤੀ ਦਿਨੋਂ-ਦਿਨ ਘੱਟ ਰਹੀ ਹੈ। ਪਹਿਲਾਂ ਘਰੇਲੂ ਖੇਡਾਂ ਤੋਂ ਲੈ ਕੇ ਅੰਤਰਾਸ਼ਟਰੀ ਪੱਧਰ ਤਕ ਪੰਜਾਬੀਆਂ ਦੀ ਤੂਤੀ ਬੋਲਦੀ ਸੀ, ਪਰ ਹੁਣ ਪਹਿਲਾਂ ਵਾਂਗ ਚੰਗੀਆਂ ਸਿਹਤਾਂ ਵਾਲੇ ਖਿਡਾਰੀ ਨਹੀਂ ਮਿਲ ਰਹੇ। ਜਿਸਦਾ ਸਭ ਤੋਂ ਵੱਡਾ ਕਾਰਨ ਹੈ ਬੱਚਿਆਂ 'ਤੇ ਵੀਡਿਓ ਗੇਮਜ਼/ਸੋਸ਼ਲ ਮੀਡੀਆ ਅਤੇ ਨੌਜਵਾਨੀ 'ਤੇ ਨਸ਼ਿਆਂ ਦਾ ਵਧਦਾ ਪ੍ਰਭਾਵ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਜਿਹੜੇ ਗੱਭਰੂ ਅੱਜ ਨਸ਼ਿਆਂ ਦੀ ਦਲਦਲ ਵਿੱਚ ਧਸ ਚੁੱਕੇ ਹਨ, ਜਿਹੜੀ ਉਹ ਖ਼ੁਦ ਅਤੇ ਉਨ੍ਹਾਂ ਦੇ ਘਰ ਦੇ ਜੂਨ ਹੰਢਾ ਰਹੇ ਹਨ, ਜੇਕਰ ਅਜਿਹੇ ਨੌਜਵਾਨਾਂ ਨੂੰ ਪਹਿਲਾਂ ਤੋਂ ਹੀ ਖੇਡਾਂ ਨਾਲ ਜੋੜਿਆ ਹੁੰਦਾ ਤਾਂ ਸ਼ਾਇਦ ਅੱਜ ਇਹ ਦਿਨ ਨਾ ਦੇਖਣੇ ਪੈਂਦੇ ਕਿਉਂਕਿ ਉਨ੍ਹਾਂ ਨੌਜਵਾਨਾਂ ਦੇ ਅੰਦਰਲੀ ਊਰਜਾ ਨੂੰ ਬਾਹਰ ਲਿਆਉਣ ਲਈ ਸਹੀ ਅਗਵਾਈ ਨਾ ਮਿਲਣ ਕਰਕੇ ਅੱਜ ਅਜਿਹੇ ਹਾਲਾਤ ਪੈਦਾ ਹੋ ਗਏ ਹਨ। ਜੇਕਰ ਉਨ੍ਹਾਂ ਨੂੰ ਪਹਿਲਾਂ ਤੋਂ ਖੇਡਾਂ ਪ੍ਰਤੀ ਪ੍ਰੇਰਿਤ ਕੀਤਾ ਜਾਂਦਾ ਤਾਂ ਉਨ੍ਹਾਂ ਦੀ ਸਰੀਰਿਕ ਸ਼ਕਤੀ ਨੂੰ ਅਜਾਈਂ ਬਰਬਾਦ ਹੋਣ ਤੋਂ ਬਚਾਇਆ ਜਾ ਸਕਦਾ ਸੀ। ਉਹ ਆਪਣੀ ਊਰਜਾ ਨੂੰ ਖੇਡਾਂ 'ਚ ਲਾ ਕੇ ਬਾਹਰ ਲਿਆਉਂਦੇ ਤੇ ਨਸ਼ਿਆਂ ਤੋਂ ਵੀ ਬਚਦੇ ਅਤੇ ਖੇਡਾਂ ਰਾਹੀਂ ਆਪਣਾ, ਮਾਤਾ-ਪਿਤਾ, ਸਕੂਲ ਅਤੇ ਇਲਾਕੇ ਦਾ ਨਾਮ ਚਮਕਾ ਦਿੰਦੇ। ਇਹ ਸਭ ਤਾਂ ਹੀ ਸੰਭਵ ਹੁੰਦਾ ਜੇਕਰ ਉਨ੍ਹਾਂ ਦੀ ਸਕੂਲ ਸਮੇਂ ਤੋਂ ਛੋਟੇ ਹੁੰਦਿਆਂ ਹੀ ਖੇਡਾਂ ਪ੍ਰਤੀ ਰੁਚੀ ਪੈਦਾ ਕੀਤੀ ਜਾਂਦੀ। ਜਦੋਂ ਬੱਚੇ ਪਹਿਲਾਂ ਖੇਡਾਂ ਤੋਂ ਦੂਰ ਰਹਿੰਦੇ ਹਨ ਤਾਂ ਉਨ੍ਹਾਂ ਅੰਦਰ ਖੇਡਾਂ ਪ੍ਰਤੀ ਦਿਲਚਸਪੀ ਘਟ ਜਾਂਦੀ ਹੈ। ਜਦੋਂ ਵੱਡੇ ਹੁੰਦੇ ਹਨ ਤਾਂ ਬੁਰੀਆਂ ਸੰਗਤਾਂ ਦਾ ਸ਼ਿਕਾਰ ਹੋ ਕੇ ਆਪਣੀ ਉਸੇ ਊਰਜਾ ਨੂੰ ਨਸ਼ਿਆਂ ਵਿੱਚ ਲਾ ਕੇ ਆਪਣੀ ਅਤੇ ਘਰ ਵਾਲਿਆਂ ਦੀ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ। ਜਦੋਂ ਬੱਚਿਆਂ ਨੂੰ ਖੇਡਾਂ ਵਿੱਚ ਲਾਇਆ ਜਾਂਦਾ ਹੈ ਤਾਂ ਉਨ੍ਹਾਂ ਦੀ ਸਿਹਤ ਵੀ ਤੰਦਰੁਸਤ ਬਣਦੀ ਹੈ ਕਿਉਂਕਿ ਬੌਧਿਕ, ਮਾਨਸਿਕ ਅਤੇ ਸਰੀਰਿਕ ਵਿਕਾਸ ਖੇਡਾਂ ਨਾਲ ਹੀ ਸੰਭਵ ਹੁੰਦਾ ਹੈ। ਇਸ ਤੋਂ ਇਲਾਵਾ ਬੱਚੇ ਖੇਡਣ ਨਾਲ ਪੜ੍ਹਾਈ ਦਾ ਦਬਾਅ ਵੀ ਮਹਿਸੂਸ ਨਹੀਂ ਕਰਦੇ। ਅਕਸਰ ਇਹ ਵੀ ਮੁੱਦਾ ਉਠਦਾ ਰਹਿੰਦਾ ਹੈ ਕਿ ਨਸ਼ਿਆਂ ਦੇ ਵਧਦੇ ਪ੍ਰਭਾਵ ਪਿੱਛੇ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ। ਜੇਕਰ ਕੋਈ ਨੌਜਵਾਨ ਸ਼ੁਰੂ ਤੋਂ ਕਿਸੇ ਖੇਡ ਨਾਲ



ਜੁੜਿਆ ਹੁੰਦਾ ਹੈ ਤਾਂ ਉਹ ਚੰਗਾ ਪ੍ਰਦਰਸ਼ਨ ਕਰਦਾ ਹੋਇਆ ਅਗਾਂਹ ਵੱਧਦਾ ਹੈ। ਸਾਰਾ ਦਿਨ ਉਸਦਾ ਧਿਆਨ ਆਪਣੀ ਖੇਡ ਨੂੰ ਨਿਖਾਰਨ 'ਤੇ ਲੱਗਿਆ ਰਹਿੰਦਾ ਹੈ ਤਾਂ ਉਸਨੂੰ ਹੋਰ ਵਾਧੂ ਗੱਲਾਂ ਦਾ ਖਿਆਲ ਵੀ ਨਹੀਂ ਆਉਂਦਾ। ਖੇਡਾਂ ਰਾਹੀਂ ਆਪਣਾ ਸਿੱਕਾ ਜਮਾਉਣ ਵਾਲੇ ਖਿਡਾਰੀ ਜਦੋਂ ਜਿੱਤਾਂ ਪ੍ਰਾਪਤ ਕਰਦੇ ਹੋਏ ਦੇਸ਼ ਅਤੇ ਸੂਬਿਆਂ ਲਈ ਮਾਣ ਬਣਦੇ ਹਨ ਤਾਂ ਸਰਕਾਰਾਂ ਵੀ ਨੌਕਰੀਆਂ ਦੇਣ ਲਈ ਆਪ ਅੱਗੇ ਆਉਂਦੀਆਂ ਹਨ। ਜਿਹੜੇ ਖਿਡਾਰੀ ਹੁਣ ਤਕ ਅੰਤਰਰਾਸ਼ਟਰੀ ਪੱਧਰ ਤਕ ਖੇਡ ਕੇ ਚੰਗਾ ਨਾਮਣਾ ਖੱਟ ਚੁੱਕੇ ਹਨ ਉਹ ਸ਼ੁਰੂ ਤੋਂ ਸਕੂਲਾਂ ਦੀ ਹੀ ਉਪਜ ਹਨ। ਜਿਨ੍ਹਾਂ ਨੇ ਵਧੀਆ ਕੋਚ ਉਨ੍ਹਾਂ ਖਿਡਾਰੀਆਂ ਲਈ ਲਿਆਂਦੇ ਅਤੇ ਉਨ੍ਹਾਂ ਨੂੰ ਸਫਲਤਾਵਾਂ ਦੀਆਂ ਪੌੜੀਆਂ ਚੜ੍ਹਾ ਦਿੱਤਾ। ਹੁਣ ਵੀ ਕਈ ਸਕੂਲ ਹਨ ਜਿੱਥੇ ਵਧੀਆਂ ਖੇਡਾਂ ਲਈ ਸਹੂਲਤਾਂ ਦੇ ਕੇ ਆਪਣੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰ ਰਹੇ ਹਨ। ਸਕੂਲਾਂ ਨੂੰ ਚਾਹੀਦਾ ਹੈ ਕਿ ਉਹ ਵਧੀਆ ਸਹੂਲਤਾਂ ਦੇ ਕੇ ਵਿਦਿਆਰਥੀਆਂ ਲਈ ਚੰਗੇ ਕੋਚ ਮੁਹੱਈਆ ਕਰਵਾ ਕੇ ਬੱਚਿਆਂ ਨੂੰ ਖੇਡਾਂ ਦੀ ਚੇਟਕ ਲਾਉਣ ਤਾਂ ਕਿ ਖੇਡਾਂ ਰਾਹੀਂ ਸਾਰੇ ਵਿਦਿਆਰਥੀਆਂ ਦਾ ਭਵਿੱਖ ਰੁਸ਼ਨਾਇਆ ਜਾ ਸਕੇ। ਇਸ ਤੋਂ ਇਲਾਵਾ ਸਰਕਾਰਾਂ ਵੱਲੋਂ ਵੀ ਜਿਹੜੇ ਸਕੂਲ ਆਪਣੇ ਪੱਧਰ 'ਤੇ ਵਧੀਆ ਖਿਡਾਰੀ ਤਿਆਰ ਕਰ ਰਹੇ ਹਨ ਉਨ੍ਹਾਂ ਨੂੰ ਖ਼ਾਸ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਜਿਹੜੇ ਵਿਦਿਆਰਥੀ ਖੇਡਾਂ ਵਿੱਚ ਅੱਵਲ ਆਉਂਦੇ ਹਨ ਉਨ੍ਹਾਂ ਨੂੰ ਵੀ ਖ਼ਾਸ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।

**ਸੰਪਰਕ: 97810-48055**

## ਬੱਚੇ ਦੀ ਸਹਿਣਸ਼ੀਲਤਾ ਦੇਖ ਕੇ ਹੀ ਝਿੜਕੋ

ਇਹ ਤਾਂ ਸਭ ਜਾਣਦੇ ਹੀ ਹਨ ਮੋਬਾਈਲ ਦੀ ਕ੍ਰਾਂਤੀ ਨੇ ਸਾਰੀ ਦੁਨੀਆ ਦਾ ਜੀਵਨ ਉਥਲ-ਪੁਥਲ ਕਰਕੇ ਰੱਖ ਦਿੱਤਾ ਹੈ। ਮੋਬਾਈਲ ਦੀ ਹੱਦ ਤੋਂ ਜ਼ਿਆਦਾ ਵਰਤੋਂ ਨੇ ਤਾਂ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਨੂੰ ਆਪਣੀ ਪਕੜ ਚ ਇਸ ਤਰ੍ਹਾਂ ਜਕੜ ਲਿਆ ਹੈ ਕਿ ਜਿਸ ਚੋਂ ਨਿਕਲਣਾ ਬੜਾ ਮੁਸ਼ਕਿਲ ਹੋ ਗਿਆ ਹੈ। ਬੱਚਿਆਂ ਤੇ ਇਸ ਦਾ ਬਹੁਤ ਹੀ ਮਾਰੂ ਅਸਰ ਹੋ ਰਿਹਾ ਹੈ। ਬੱਚਿਆਂ ਵਿਚ ਸਹਿਣਸ਼ੀਲਤਾ ਤਾਂ ਬਿਲਕੁਲ ਖ਼ਤਮ ਹੁੰਦੀ ਜਾ ਰਹੀ ਹੈ। ਤੁਸੀਂ ਆਮ ਹੀ ਅਖ਼ਬਾਰਾਂ 'ਚ ਪੜ੍ਹਦੇ ਹੋ ਕਿ ਫਲਾਣੀ ਜਗ੍ਹਾ ਬੱਚੇ ਨੂੰ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਦਿਆਂ ਉਸ ਦੇ ਮਾਂ-ਪਿਓ ਨੇ ਝਿੜਕਿਆ ਤਾਂ ਕਈ ਬੱਚੇ ਗ਼ਲਤ ਕਦਮ ਚੁੱਕ ਲੈਂਦੇ ਹਨ। ਉਹ ਇਹ ਗੱਲ ਜ਼ਰਾ ਵੀ ਨਹੀਂ ਸੋਚਦੇ ਕਿ ਜੇ ਮਾਂ-ਪਿਉ ਕਿਸੇ ਗੱਲੋਂ ਵਰਜਦੇ ਹਨ ਤਾਂ ਇਸ ਚ ਉਨ੍ਹਾਂ ਦਾ ਹੀ ਫ਼ਾਇਦਾ ਹੈ। ਪਰ ਸਹਿਣਸ਼ੀਲਤਾ ਦੀ ਘਾਟ ਕਰਕੇ ਉਹ ਇਕ ਵੀ ਝਿੜਕ ਨਾ ਸਹਾਰਦੇ ਹੋਏ ਮੌਤ ਨੂੰ ਗਲੇ ਲਗਾ ਲੈਂਦੇ ਹਨ। ਉਹ ਸਮਾਂ ਜਾਂਦਾ ਰਿਹਾ ਜਦੋਂ ਮਾਂ-ਪਿਓ ਆਪਣੇ ਬੱਚੇ ਦੀ ਗ਼ਲਤੀ ਸੁਧਾਰਨ ਲਈ ਉਸ ਨੂੰ ਸਖ਼ਤ ਸ਼ਬਦਾਂ 'ਚ ਝਿੜਕ ਦਿੰਦੇ ਸਨ, ਉਦੋਂ ਬੱਚੇ ਵੀ ਸਮਝਦੇ ਸਨ ਕਿ ਇਹ ਸਭ ਉਨ੍ਹਾਂ ਦੇ ਫਾਇਦੇ ਲਈ ਹੀ ਹੈ। ਪਰ ਹੁਣ ਸਾਰਾ ਕੁਝ ਉਲਟ ਹੋ ਕੇ ਰਹਿ ਗਿਆ ਹੈ। ਹੁਣ ਤਾਂ ਬੱਚੇ ਨੂੰ ਝਿੜਕਣ ਤੋਂ ਪਹਿਲਾਂ ਦੇਖ ਲੈਣਾ ਚਾਹੀਦਾ ਹੈ ਕਿ ਕੀ ਬੱਚੇ ਵਿਚ ਇਸ ਝਿੜਕ ਨੂੰ ਬਰਦਾਸ਼ਤ ਕਰਨ ਦਾ ਮਾਦਾ ਵੀ ਹੈ। ਅੱਜਕਲ੍ਹ ਹਰ ਪਰਿਵਾਰ ਦੇ ਇਕ ਜਾਂ ਦੋ ਹੀ ਬੱਚੇ ਹੋਇਆ ਕਰਦੇ ਹਨ। ਇਸ ਕਰਕੇ ਇਸ ਗੱਲ ਵੱਲ ਖ਼ਾਸ ਧਿਆਨ ਦਿੱਤਾ ਜਾਵੇ ਕਿ ਬੱਚੇ ਲਈ ਉਨ੍ਹਾਂ ਦੀ ਘੂਰ ਜਾਂ ਝਿੜਕ ਕੀ ਗੁਲ ਖਿਲਾ ਸਕਦੀ ਹੈ। ਬੱਚੇ ਦੀ ਸਹਿਣਸ਼ੀਲਤਾ ਦੇਖ ਕੇ ਹੀ ਉਸ ਨੂੰ ਝਿੜਕੋ, ਇਹ ਹੀ ਉਨ੍ਹਾਂ ਦੇ ਹਿਤ ਚ ਰਹੇਗਾ।

# ਪਟਿਆਲਾ ਦੇ ਅਧਿਆਪਕ ਨੇ ਕੌਮੀ ਅਧਿਆਪਕ ਪੁਰਸਕਾਰ 2026 ਜਿੱਤ ਕੇ ਪੰਜਾਬ ਦਾ ਨਾਂਅ ਕੀਤਾ ਰੌਸ਼ਨ

## ➢ ਹਰਜੋਤ ਸਿੰਘ ਬੈਂਸ ਵੱਲੋਂ ਅਧਿਆਪਕ ਦਿਨੇਸ਼ ਕੁਮਾਰ ਨੂੰ ਉਪਲਬਧੀ ਲਈ ਵਧਾਈ ➢ ਦਿਨੇਸ਼ ਨੂੰ ਸਮੁੱਚੇ ਅਧਿਆਪਕ ਭਾਈਚਾਰੇ ਲਈ ਪ੍ਰੇਰਨਾ ਸਰੋਤ ਦੱਸਿਆ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਵਿਕਟੋਰੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਅਧਿਆਪਕ ਸ੍ਰੀ ਦਿਨੇਸ਼ ਕੁਮਾਰ ਨੇ ਸਿੱਖਿਆ ਖੇਤਰ ਵਿੱਚ ਮਿਸਾਲੀ ਯੋਗਦਾਨ ਲਈ ਵੱਕਾਰੀ ਕੌਮੀ ਅਧਿਆਪਕ ਪੁਰਸਕਾਰ, 2026 ਜਿੱਤ ਕੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਹ ਪੁਰਸਕਾਰ, ਜੋ ਕਿ ਦੇਸ਼ ਭਰ ਵਿੱਚ ਅਧਿਆਪਕਾਂ ਲਈ ਸਰਵਉੱਚ ਸਨਮਾਨਾਂ ਵਿੱਚੋਂ ਇੱਕ ਹੈ, ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਕਾਰਗੁਜ਼ਾਰੀ, ਨਵੀਨ ਵਿਚਾਰਾਂ ਅਤੇ ਸਮਰਪਿਤ ਭਾਵਨਾ ਨੂੰ ਮਾਨਤਾ ਦਿੰਦਿਆਂ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਦਿੱਤਾ ਜਾਂਦਾ ਹੈ।



ਸ੍ਰੀ ਦਿਨੇਸ਼ ਕੁਮਾਰ ਨੂੰ ਹਾਰਦਿਕ ਵਧਾਈ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਨੂੰ ਸੂਬੇ ਦੇ ਸਮੁੱਚੇ ਅਧਿਆਪਕ ਭਾਈਚਾਰੇ ਲਈ ਪ੍ਰੇਰਨਾ ਸਰੋਤ ਦੱਸਿਆ।

ਸਿੱਖਿਆ ਮੰਤਰੀ ਨੇ ਕਿਹਾ, ਰਾਸ਼ਟਰੀ ਪੱਧਰ 'ਤੇ ਸ੍ਰੀ ਦਿਨੇਸ਼ ਕੁਮਾਰ ਦਾ ਇਹ ਸਨਮਾਨ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਅਤੇ ਸਾਡੇ ਅਧਿਆਪਕਾਂ ਦੇ ਅਣਥੱਕ ਯਤਨਾਂ ਦਾ ਪ੍ਰਮਾਣ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਧਿਆਪਕਾਂ ਨੂੰ ਸਮਰੱਥ ਬਣਾਉਣ ਅਤੇ ਸੂਬੇ ਦੇ ਵਿਦਿਅਕ ਢਾਂਚੇ ਦੀ ਨੁਹਾਰ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਸ. ਹਰਜੋਤ ਸਿੰਘ ਬੈਂਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰਾਪਤੀ ਸਮੁੱਚੇ ਅਧਿਆਪਕ ਵਰਗ ਦਾ ਮਨੋਬਲ ਉੱਚਾ ਕਰੇਗੀ ਅਤੇ ਹੋਰ ਅਧਿਆਪਕਾਂ ਨੂੰ ਵੀ ਬੇਮਿਸਾਲ ਕਾਰਗੁਜ਼ਾਰੀ ਦਿਖਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਅਜਿਹੇ ਸਨਮਾਨ ਪੰਜਾਬ ਸਰਕਾਰ ਦੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਅਤੇ ਅਧਿਆਪਕਾਂ ਨੂੰ ਇੱਕ ਪ੍ਰਗਤੀਸ਼ੀਲ ਸਮਾਜ ਦੇ ਅਸਲ ਨਿਰਮਾਤਾ ਵਜੋਂ ਮਾਨਤਾ ਦੇਣ ਦੇ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰਦੇ ਹਨ।

## ਮਾਮਲਾ: ਭੂ-ਮਾਫੀਆ ਵੱਲੋਂ ਜਮੀਨ ਹੜੱਪਣ ਦੀ ਨੀਅਤ ਨਾਲ ਮਰੀ ਹੋਈ ਔਰਤ ਨੂੰ ਖੁਦਕਾਸ਼ਤ ਦਿਖਾਉਣ ਦਾ

# ਹਲਕਾ ਪਟਵਾਰੀ ਨਾਲ ਮਿਲ ਕੇ ਭੂ-ਮਾਫੀਆ ਨੇ ਕਰਵਾਈਆਂ ਸਨ ਗਿਰਦਾਵਰੀਆਂ 'ਟੈਂਪਰ'; ਅਦਾਲਤ ਨੇ 'ਕਬਜ਼ੇ ਵਾਲੀਆਂ' ਪਟੀਸ਼ਨਾਂ ਕੀਤੀਆਂ ਖਾਰਜ

## ਭੂ-ਮਾਫੀਆ ਵੱਲੋਂ 100 ਬਿੱਘੇ ਦੇ ਕੀਤੇ ਗਬਨ 'ਤੇ ਡੀ. ਸੀ. ਪਟਿਆਲਾ ਦੀ ਕਾਰਵਾਈ ਜ਼ੀਰੋ

**ਪਟਿਆਲਾ, 25 ਅਗਸਤ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਨਾਲ ਲੱਗਦੇ ਪਿੰਡ ਸੂਲਰ ਦੀ ਬੇਸ਼ਕੀਮਤੀ ਜਮੀਨ ਨੂੰ ਹੜੱਪਣ ਦੀ ਨੀਅਤ ਨਾਲ ਭੂ-ਮਾਫੀਆ ਗਿਰੋਹ ਨੇ ਮਿਲੀਭੁਗਤ ਨਾਲ 19 ਸਾਲ ਪਹਿਲਾਂ ਮਰੀ ਹੋਈ ਔਰਤ ਨੂੰ ਪਿੰਡ ਸੂਲਰ ਵਿਖੇ ਸਥਿਤ 30 ਬਿੱਘੇ 11 ਬਿਸਵੇ ਰਕਬੇ 'ਤੇ ਖੁਦਕਾਸ਼ਤ ਦਿਖਾ ਕੇ ਹਲਕਾ ਪਟਵਾਰੀ ਦੀ ਮਿਲੀਭੁਗਤ ਨਾਲ ਗਿਰਦਾਵਰੀਆਂ ਟੈਂਪਰ ਕਰਵਾਈਆਂ ਸਨ। ਇਨ੍ਹਾਂ ਗਿਰਦਾਵਰੀਆਂ ਦੇ ਆਧਾਰ 'ਤੇ ਦੋਵੇਂ ਧਿਰਾਂ ਮਾਣਯੋਗ ਹਾਈਕੋਰਟ ਅਦਾਲਤ ਵਿਚ ਪਹੁੰਚ ਗਈਆਂ, ਜਿਥੇ ਮਾਣਯੋਗ ਹਾਈਕੋਰਟ ਨੇ ਇਸ ਕੇਸ ਨੂੰ ਵਾਪਸ ਰਿਮਾਂਡ ਡਾਕਟਰ ਸ਼ਿਲਪੀ ਗੁਪਤਾ ਸਿਵਲ ਜੱਜ (ਸੀਨੀਅਰ ਡਵੀਜਨ) ਪਟਿਆਲਾ ਨੂੰ ਭੇਜ ਦਿੱਤਾ। ਜ਼ਿਕਰਯੋਗ ਹੈ ਕਿ ਇਸ ਸਮੁੱਚੇ ਮਾਮਲੇ ਨੂੰ ਸਾਹਮਣੇ ਲਿਆਉਣ ਵਾਲੇ ਕਰਮਜੀਤ ਸਿੰਘ ਨੂੰ ਇਸ ਭੂ-ਮਾਫੀਆ ਗਿਰੋਹ ਵਾਲੇ ਗੈਂਗਸਟਰਾਂ ਤੋਂ ਮਰਵਾਉਣ ਦਾ ਕੋਝਾ ਯਤਨ ਵੀ ਕੀਤਾ ਗਿਆ। ਜਿਸ ਨੂੰ ਲੈ ਕੇ 6 ਵਿਅਕਤੀਆਂ ਖਿਲਾਫ ਇਰਾਦਾ ਕਤਲ ਦਾ ਮੁਕੱਦਮਾ ਵੀ ਦਰਜ ਹੋਇਆ ਹੈ। ਪਰ ਇਹ ਪਹਿਲੀ ਵਾਰ ਦੇਖਣ ਵਿਚ ਆਇਆ ਹੈ ਕਿ ਜਿਹੜੇ ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਅੱਧਾ ਦਰਜਨ ਦੇ ਲਗਭਗ ਪਰਚੇ ਦਰਜੇ ਹੋਣ, ਉਹ ਵਿਅਕਤੀ ਸਿਵਲ ਤੇ ਪੁਲਸ ਪ੍ਰਸ਼ਾਸ਼ਨ ਦੀ ਮਿਲੀਭੁਗਤ ਕਾਰਨ ਪੁਲਸ ਦੀ ਗ੍ਰਿਫਤ 'ਚੋਂ ਬਾਹਰ ਘੁੰਮ ਰਹੇ ਹਨ। ਉਥੇ ਹੀ ਜਮੀਨ ਹੜੱਪਣ ਵਾਲੇ ਭੂ-ਮਾਫੀਆ ਗਿਰੋਹ ਵੱਲੋਂ ਗਿਰਦਾਵਰੀਆਂ ਟੈਂਪਰ ਕਰਨ ਦਾ ਮਾਮਲਾ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਤੇ ਹੋਰਨਾਂ ਉਚ ਅਧਿਕਾਰੀਆਂ ਦੇ ਧਿਆਨ ਵਿਚ ਸੀ ਪਰ ਸਿਵਲ ਪ੍ਰਸਾਸ਼ਨ ਵੱਲੋਂ ਹਲਕਾ ਪਟਵਾਰੀ ਅਤੇ ਜਮੀਨ ਹੜੱਪਣ ਵਾਲੇ ਗਿਰੋਹ ਨੂੰ ਬਚਾਉਂਦਿਆਂ ਕੋਈ ਕਾਰਵਾਈ ਨਹੀਂ ਕੀਤੀ। ਜਿਸ ਦੀਆਂ ਫਾਈਲਾਂ ਪਿਛਲੇ ਦੋ ਮਹੀਨੇ ਤੋਂ ਡੀ. ਆਰ. ਓ. ਅਤੇ ਹੋਰਨਾਂ ਅਧਿਕਾਰੀਆਂ ਦੇ ਟੇਬਲਾਂ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਜਿਸ ਸੰਬੰਧੀ ਸ਼ਿਕਾਇਤਕਰਤਾ ਵੱਲੋਂ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਜਦੋਂ ਲੋਕ ਪ੍ਰਸ਼ਾਸ਼ਨਿਕ ਅਧਿਕਾਰੀਆਂ ਖਿਲਾਫ ਆਪਣਾ ਹੱਕ ਲੈਣ ਲਈ ਸੜਕਾਂ 'ਤੇ ਉਤਰਦੇ ਹਨ ਤੇ ਸਰਕਾਰ ਦੀ ਕਿਰਕਿਰੀ ਹੁੰਦੀ ਹੈ, ਉਦੋਂ ਹੀ ਇਹ ਅਧਿਕਾਰੀ ਆਪਣੀ ਨੀਂਦ ਤੋਂ ਜਾਗਦੇ ਹਨ। ਪਰ ਲੰਘੀ 18 ਅਗਸਤ 2026 ਨੂੰ ਮਾਣਯੋਗ ਸਿਵਲ ਜੱਜ (ਸੀਨੀਅਰ ਡਵੀਜਨ) ਨੇ ਮਾਣਯੋਗ ਹਾਈਕੋਰਟ ਤੋਂ ਵਿਚਾਰ ਅਧੀਨ ਲਈ ਆਏ ਕੇਸ ਦੀ ਸੁਣਵਾਈ ਕਰਦਿਆਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਜਮੀਨ ਦੀ ਰਜਿਸਟਰੀ ਹੋ ਜਾਂਦੀ ਹੈ ਤਾਂ ਉਦੋਂ ਤੋਂ ਹੀ ਖਰੀਦਦਾਰ ਜਮੀਨ ਦਾ ਮਾਲਕ ਮੰਨਿਆ ਜਾਂਦਾ ਹੈ। ਜਿਸ ਸੰਬੰਧੀ ਭੂ-ਮਾਫੀਆ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਇੱਕੋ ਦਿਨ ਵਿਚ, ਇੱਕ ਜਮੀਨ ਦੀਆਂ ਦੋ ਅਲੱਗ-ਅਲੱਗ ਗਿਰਦਾਵਰੀਆਂ ਕਿਸ ਪ੍ਰਕਾਰ ਹੋ ਸਕਦੀਆਂ ਹਨ ਅਤੇ 19 ਸਾਲ ਪਹਿਲਾਂ ਮਰੀ ਹੋਈ ਔਰਤ ਸਵ. ਸਤਵੰਤ ਕੌਰ ਪਤਨੀ ਸਵ. ਦਵਿੰਦਰ ਸਿੰਘ ਅਤੇ ਕੈਨੇਡਾ ਬੈਠੀ ਔਰਤ ਮਨਦੀਪ ਕੌਰ ਖੁਦਕਾਸ਼ਤ ਕਿਵੇਂ ਹੋ ਸਕਦੀਆਂ ਹਨ?

**ਭੂ-ਮਾਫੀਆ ਨਾਲ ਮਿਲ ਕੇ ਮਾਲ ਰਿਕਾਰਡ ਨੂੰ ਟੈਂਪਰ ਕਰਨ ਵਾਲਿਆਂ ਖਿਲਾਫ ਪੁਲਸ ਕਰੇ ਪਰਚਾ ਦਰਜ**

ਮਾਣਯੋਗ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦਿਆਂ ਜਿਥੇ ਸ਼ਿਕਾਇਤਕਰਤਾ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਗਈ, ਉਥੇ ਹੀ ਮਾਲ ਵਿਭਾਗ ਦੇ ਰਿਕਾਰਡ ਨੂੰ ਟੈਂਪਰ ਕਰਨ ਤੇ ਕਰਵਾਉਣ ਵਾਲੇ ਅਤੇ ਇਸ ਨਾਲ ਲਾਭ ਹਾਸਲ ਕਰਨ ਵਾਲਿਆਂ ਖਿਲਾਫ ਪਰਚਾ ਦਰਜ ਕਰਨ ਦੀ ਹਦਾਇਤ ਕੀਤੀ ਗਈ ਹੈ, ਜਿਨ੍ਹਾਂ ਵਿਚ ਮਨਦੀਪ ਕੌਰ ਕੈਨੇਡਾ, ਸੁਖਇੰਦਰ ਕੌਰ, ਇਨ੍ਹਾਂ ਦੀ ਟੀਮ ਦੇ ਮੈਂਬਰ ਤੇ ਲਾਭ ਹਾਸਲ ਕਰਨ ਵਾਲੇ ਅਤੇ ਮਾਲ ਵਿਭਾਗ ਦੇ ਰਿਕਾਰਡ ਨੂੰ ਟੈਂਪਰ ਕਰਨ ਅਤੇ ਜਾਅਲੀ ਗਿਰਦਾਵਰੀਆਂ ਤਿਆਰ ਕਰਨ ਵਾਲੇ ਪਟਵਾਰੀ ਤੇ ਕਾਨੂੰਨਗੋ ਵੀ ਸ਼ਾਮਲ ਹਨ। ਜਿਥੇ ਮਾਣਯੋਗ ਅਦਾਲਤ ਨੇ ਜਾਰੀ ਕੀਤੇ ਹੁਕਮਾਂ ਵਿਚ ਐਸ. ਐਚ. ਓ. ਥਾਣਾ ਲਾਹੌਰੀ ਗੇਟ, ਪਟਿਆਲਾ ਨੂੰ ਇਨ੍ਹਾਂ ਖਿਲਾਫ ਐਫ. ਆਈ. ਆਰ. ਦਰਜ ਕਰਨ ਦੀ ਹਦਾਇਤ ਜਾਰੀ ਕੀਤੀ ਹੈ।

**ਭੂ-ਮਾਫੀਆ ਵੱਲੋਂ 100 ਬਿੱਘੇ ਦੇ ਕੀਤੇ ਗਬਨ 'ਤੇ ਡੀ. ਸੀ. ਪਟਿਆਲਾ ਦੀ ਕਾਰਵਾਈ ਜ਼ੀਰੋ: ਕਰਮਜੀਤ ਸਿੰਘ**

ਸ਼ਿਕਾਇਤਕਰਤਾ ਕਰਮਜੀਤ ਸਿੰਘ ਨੇ ਦੱਸਿਆ ਕਿ ਐਨ. ਆਰ. ਆਈ. ਪਰਿਵਾਰ ਦੀ ਕਰੋੜਾਂ ਰੁਪਏ ਦੀ ਮਾਲਕੀ ਵਾਲੀ 100 ਬਿੱਘੇ ਤੋਂ ਵੱਧ ਜਮੀਨ ਨੂੰ ਸਰਕਾਰੀ ਰਿਪੋਰਟਾਂ ਮੁਤਾਬਕ ਜਾਅਲੀ ਵਸੀਕਾ ਨੰਬਰ ਰਾਹੀਂ ਚੈਰੀਟੇਬਲ ਟਰੱਸਟਾਂ ਦੇ ਨਾਮ ਜਮੀਨ ਲਗਵਾ ਕੇ ਜਾਅਲੀ ਤਬਾਦਲੇ ਕਰਕੇ ਵੇਚ ਦਿੱਤਾ ਗਿਆ। ਜਦੋਂ ਇਸ ਮਾਮਲੇ ਦੀ ਆਰ. ਟੀ. ਆਈ. ਰਾਹੀਂ ਜਾਣਕਾਰੀ ਪ੍ਰਾਪਤ ਹੋਈ, ਉਸ ਮੁਤਾਬਕ ਭੂ-ਮਾਫੀਆ ਗਿਰੋਹ ਨੇ ਉਕਤ ਹੜੱਪੀ ਜਮੀਨ ਨੂੰ ਅਣ-ਅਧਿਕਾਰਤ ਕਲੋਨੀਆਂ ਰਾਹੀਂ ਪਲਾਟ ਕੱਟਕੇ ਵੇਚ ਦਿੱਤਾ। ਜਿਸ ਵਿਚ ਕਰੋੜਾਂ ਰੁਪਏ ਦੇ ਹੇਰ ਫੇਰ ਹੋਣ ਦੇ ਬਾਵਜੂਦ ਪ੍ਰਸਾਸ਼ਨ ਦੇ ਨੱਕ ਹੇਠਾਂ ਪਟਿਆਲਾ ਜਿਲ੍ਹੇ ਦਾ ਸਭ ਤੋਂ ਵੱਡਾ ਘਪਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ, ਜਿਸ ਦਾ ਪਰਦਾਫਾਸ਼ ਹੋਣ ਦੇ ਬਾਵਜੂਦ ਵੀ ਰਾਜਨੀਤਿਕ ਦਬਾਅ ਦੇ ਚੱਲਦਿਆਂ ਉਚ ਅਧਿਕਾਰੀਆਂ ਵੱਲੋਂ ਲੋੜੀਂਦੀ ਕਾਰਵਾਈ ਨੂੰ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ ਅਤੇ ਭੂ-ਮਾਫੀਆ ਵੱਲੋਂ ਕੀਤੇ ਗਬਨ 'ਤੇ ਡਿਪਟੀ ਕਮਿਸ਼ਨਰ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਭੂ-ਮਾਫੀਆ ਗਿਰੋਹ ਨੇ ਗੂੰਗੇ-ਬੋਲੇ ਅਤੇ ਯਤੀਮ ਬੱਚਿਆਂ ਦੀ ਭਲਾਈ ਲਈ ਬਣੇ ਟਰੱਸਟਾਂ ਦੀ ਆੜ੍ਹ ਵਿਚ ਐਨ. ਆਰ. ਆਈ. ਦੀ ਜਮੀਨ ਨੂੰ ਹੜੱਪ ਕੇ ਕਲੋਨੀ ਕੱਟ ਦਿੱਤੀ, ਜਿਸ ਸਿਵਲ ਤੇ ਪੁਲਸ ਪ੍ਰਸ਼ਾਸ਼ਨ ਚੁੱਪੀ ਧਾਰੀ ਬੈਠਾ ਹੈ। ਬੀਤੇ ਦਿਨੀਂ ਪਿੰਡ ਸੂਲਰ ਦੇ ਮਾਲ ਰਿਕਾਰਡ ਵਿਚ ਹੋਈਆਂ ਵੱਡੀਆਂ ਧਾਂਦਲੀਆਂ ਨੂੰ ਆਪਣੀ ਜਾਨ ਦਾਅ 'ਤੇ ਲਾ ਕੇ ਉਜਾਗਰ ਕਰਨ ਵਾਲੇ ਸ਼ਿਕਾਇਤਕਰਤਾ ਕਰਮਜੀਤ ਸਿੰਘ ਨੇ ਮਾਣਯੋਗ ਅਦਾਲਤ ਦਾ ਧੰਨਵਾਦ ਕਰਦਿਆਂ ਸਿਵਲ ਜੱਜ (ਸੀਨੀਅਰ ਡਵੀਜਨ) ਪਟਿਆਲਾ ਵੱਲੋਂ ਗਿਰਦਾਵਰੀਆਂ ਟੈਂਪਰ ਕਰਨ, ਜਾਅਲੀ ਗਿਰਦਾਵਰੀਆਂ ਤਿਆਰ ਕਰਕੇ ਕਬਜ਼ੇ ਵਾਲੀਆਂ ਪਟੀਸ਼ਨਾਂ ਜੋ ਮਾਣਯੋਗ ਹਾਈਕੋਰਟ ਵੱਲੋਂ ਵਾਪਸ ਰਿਮਾਂਡ ਆਈਆਂ ਸਨ, ਜਿਸ 'ਤੇ ਮਾਣਯੋਗ ਅਦਾਲਤ ਨੇ ਬਾਰੀਕੀ ਨਾਲ ਤੱਥਾਂ ਨੂੰ ਘੋਖਦੇ ਹੋਏ ਸਹੀ ਫੈਸਲਾ ਸੁਣਾਇਆ ਹੈ। ਇਸ ਤੋਂ ਇਲਾਵਾ ਭੂ-ਮਾਫੀਆ ਵੱਲੋਂ ਪਿੰਡ ਸੂਲਰ ਅਤੇ ਜਿਲ੍ਹਾ ਪਟਿਆਲਾ ਵਿਚ ਕੀਤੀਆਂ ਹੋਰ ਵੱਡੀਆਂ ਧਾਂਦਲੀਆਂ ਉਜਾਗਰ ਕਰਨ ਲਈ ਸੀ. ਬੀ. ਆਈ. ਤੋਂ ਜਾਂਚ ਕਰਵਾਉਣ ਲਈ ਪਹੁੰਚ ਕੀਤੀ ਜਾਵੇਗੀ।

# ਕੌਮੀ ਇਨਸਾਫ਼ ਮੋਰਚੇ ਦੇ ਸੱਦੇ 'ਤੇ ਮਾਲੇਰਕੋਟਲਾ ਮੁਕੰਮਲ ਬੰਦ; ਹਾਅ ਦਾ ਨਾਅਰਾ ਦੀ ਧਰਤੀ ਤੋਂ ਉੱਭਰੀ ਭਾਈਚਾਰਕ ਸਾਂਝ ਦੀ ਮਿਸਾਲ ਗਰੇਵਾਲ ਚੌਂਕ ਵਿਖੇ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਭਾਈਚਾਰੇ ਨੇ ਇਕੱਠੇ ਬੈਠ ਕੇ ਲਾਇਆ ਧਰਨਾ

**ਮਲੇਰਕੋਟਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਇਨਸਾਫ਼ ਮੋਰਚਾ ਮੋਹਾਲੀ ਦੇ ਸੱਦੇ 'ਤੇ ਅੱਜ ਮਾਲੇਰਕੋਟਲਾ ਸ਼ਹਿਰ ਜਿਆਦਾਤਰ ਬੰਦ ਹੀ ਰਿਹਾ। ਇਤਿਹਾਸਕ 'ਹਾਅ ਦਾ ਨਾਅਰਾ' ਦੀ ਪਵਿੱਤਰ ਧਰਤੀ ਤੋਂ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਦੀ ਇੱਕ ਵਿਲੱਖਣ ਤਸਵੀਰ ਦੇਖਣ ਨੂੰ ਮਿਲੀ, ਜਿੱਥੇ ਰਾਜਨੀਤੀ ਅਤੇ ਧਰਮ ਤੋਂ ਉੱਪਰ ਉੱਠ ਕੇ ਹਿੰਦੂ, ਮੁਸਲਿਮ, ਸਿੱਖ, ਈਸਾਈ ਸਮੇਤ ਸਮੂਹ ਵਰਗਾਂ ਦੇ ਲੋਕਾਂ ਨੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।




ਪ੍ਰਦਰਸ਼ਨਕਾਰੀਆਂ ਨੇ ਸਥਾਨਕ ਗਰੇਵਾਲ ਚੌਂਕ ਨੂੰ ਜਾਮ ਕਰਕੇ ਸਵੇਰੇ 7 ਵਜੇ ਤੋਂ ਦੁਪਹਿਰ 2 ਵਜੇ ਤੱਕ ਮੁਕੰਮਲ ਰੋਸ ਧਰਨਾ ਦਿੱਤਾ ਅਤੇ ਚੌਂਕ ਵਿੱਚ ਹੀ ਸਮੂਹਿਕ ਤੌਰ 'ਤੇ ਇਕੱਠੇ ਬੈਠ ਕੇ ਲੰਗਰ ਛਕਿਆ। ਇਸ ਮੌਕੇ 8ਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਕੌਰ ਨੇ ਸ਼ਰਧਾ ਨਾਲ ਜ਼ਫ਼ਰਨਾਮਾ ਸੁਣਾ ਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਮੋਰਚੇ ਦੇ ਪ੍ਰਬੰਧਕ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਐਡਵੋਕੇਟ ਮੁਹੰਮਦ ਜਮੀਲ ਨੇ ਦੱਸਿਆ ਕਿ ਕੌਮੀ ਇਨਸਾਫ਼ ਮੋਰਚਾ ਚੰਡੀਗੜ੍ਹ-ਮੋਹਾਲੀ ਦੀਆਂ ਬਰੂਹਾਂ 'ਤੇ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ, ਨਸ਼ਾ ਮੁਕਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ਼ ਲਈ ਬੀਤੀ 7 ਜਨਵਰੀ 2023 ਤੋਂ ਲਗਾਤਾਰ ਡਟਿਆ ਹੋਇਆ ਹੈ। ਉਨ੍ਹਾਂ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਮੋਰਚੇ ਵਿੱਚੋਂ ਰੋਜ਼ਾਨਾ ਇੱਕ 31 ਮੈਂਬਰੀ ਜੱਥਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਲਈ ਰਿਹਾਇਸ਼ ਵੱਲ ਜਾਂਦਾ ਹੈ, ਪਰ ਅੱਜ ਤੱਕ ਮੁੱਖ ਮੰਤਰੀ ਨੇ ਮੁਲਾਕਾਤ ਕਰਨ ਦਾ ਸਮਾਂ ਨਹੀਂ ਦਿੱਤਾ ਅਤੇ ਸੁਰੱਖਿਆ ਕਰਮੀ ਰਸਤੇ ਵਿੱਚ ਹੀ ਬੈਰੀਕੇਡ ਲਗਾ ਕੇ ਸੰਗਤ ਨੂੰ ਵਾਪਸ ਮੋੜ ਦਿੰਦੇ ਹਨ। ਬੀਤੀ 15 ਅਗਸਤ ਨੂੰ ਰਾਜ ਭਵਨ (ਗਵਰਨਰ ਹਾਊਸ) ਵੱਲ ਸ਼ਾਂਤਮਈ ਰੋਸ ਮਾਰਚ ਕਰ ਰਹੀ ਨਿਹੱਥੀ ਸੰਗਤ ਉੱਪਰ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲੇ ਦਾਗ਼ੇ ਜਾਣ ਦੇ ਸਖ਼ਤ ਵਿਰੋਧ ਵਜੋਂ ਇਹ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ। ਮਾਲੇਰਕੋਟਲਾ ਦੀਆਂ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਆਗੂਆਂ, ਰਾਜਸੀ ਧਿਰਾਂ, ਵਪਾਰੀਆਂ, ਦੁਕਾਨਦਾਰਾਂ, ਮਜ਼ਦੂਰ ਅਤੇ ਕਿਸਾਨ ਯੂਨੀਅਨਾਂ ਨੇ ਬੰਦ ਨੂੰ ਸਫ਼ਲ ਬਣਾਉਣ ਵਿੱਚ ਪੂਰਨ ਸਹਿਯੋਗ ਦਿੱਤਾ ਅਤੇ ਬਾਜ਼ਾਰ ਪੂਰੀ ਤਰ੍ਹਾਂ ਬੰਦ ਰਹੇ।

ਪੁਲਿਸ ਪ੍ਰਸ਼ਾਸਨ ਵੱਲੋਂ ਵੀ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਪੂਰਨ ਸਹਿਯੋਗ ਰਿਹਾ। ਇਸ ਰੋਸ ਪ੍ਰਦਰਸ਼ਨ ਵਿੱਚ ਬਲਜਿੰਦਰ ਸਿੰਘ ਲਸੋਈ (ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਵਾਰਿਸ ਪੰਜਾਬ ਦੇ), ਹਰਦੀਪ ਸਿੰਘ ਨਾਰੀਕੇ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ), ਮਹਿਮੂਦ ਅਹਿਮਦ ਥਿੰਦ (ਸੂਬਾ ਪ੍ਰਧਾਨ ਇੰਡੀਅਨ ਯੂਨੀਅਨ ਮੁਸਲਿਮ ਲੀਗ), ਡਾ. ਮੇਹਰਦੀਨ ਬਿੰਜੋਕੀ (ਸੂਬਾ ਕਾਰਜਕਾਰਨੀ ਮੈਂਬਰ ਵਾਰਿਸ ਪੰਜਾਬ ਦੇ), ਐਡਵੋਕੇਟ ਪਰਵੇਜ਼ ਅਖ਼ਤਰ ਧਾਲੀਵਾਲ (ਵਾਰਿਸ ਪੰਜਾਬ ਦੇ), ਚੌਧਰੀ ਸ਼ਮਸੁਦੀਨ, ਮਾਸਟਰ ਕਰਨੈਲ ਸਿੰਘ ਨਾਰੀਕੇ, ਇਲਯਾਸ ਜ਼ੁਬੈਰੀ (ਸਾਬਕਾ ਕੌਂਸਲਰ), ਮਕਸੂਦ ਉਲ ਹੱਕ (ਸਾਬਕਾ ਸੂਬਾ ਪ੍ਰਧਾਨ ਮੁਸਲਿਮ ਲੀਗ), ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ, ਅਮਰਜੀਤ ਸਿੰਘ ਰੋਹਣੋਂ (ਜ਼ਿਲ੍ਹਾ ਪ੍ਰਧਾਨ ਬੀ.ਕੇ.ਯੂ. ਡਕੌਂਦਾ), ਨਰਿੰਦਰ ਸਿੰਘ, ਮੁਅੱਜ਼ਮ ਅਲੀ, ਯਾਦਵਿੰਦਰ ਸਿੰਘ ਫ਼ੌਜੀ ਛੋਕਰਾਂ, ਰਾਜਵਿੰਦਰ ਸਿੰਘ ਦੱਲਣਵਾਲ, ਮੋਹਨ ਸਿੰਘ, ਗੁਰਦੀਪ ਸਿੰਘ, ਗੁਰਭੇਜ ਸਿੰਘ ਬੁਰਜ, ਗੁਰਪ੍ਰੀਤ ਸਿੰਘ ਕਾਲਾਬੂਲਾ, ਜਸਵੀਰ ਸਿੰਘ ਧੰਦੀਵਾਲ, ਗੁਰਪ੍ਰੀਤ ਸਿੰਘ ਮੂਲੋਵਾਲ, ਮੁਹੰਮਦ ਰੱਜ਼ਾਕ, ਮੁਹੰਮਦ ਨਦੀਮ, ਮੱਘਰ ਸਿੰਘ ਗੁਆਰਾ, ਪਰਮਿੰਦਰ ਸਿੰਘ ਗੁਆਰਾ ਅਤੇ ਬਲਵੀਰ ਸਿੰਘ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਪਾਸੋਂ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਕੈਦੀਆਂ ਨੂੰ ਛੱਡਣ ਦੀ ਜ਼ੋਰਦਾਰ ਮੰਗ ਕੀਤੀ। ਇਸ ਬੰਦ ਕਾਰਨ ਰਾਹਗੀਰਾਂ ਅਤੇ ਸਹਿਰ ਵਿੱਚ ਆਉਣ-ਜਾਣ ਵਾਲਿਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

## ਸਰਕਾਰ ਵੱਲੋਂ ਜੀ.ਆਈ.ਐਸ ਬੇਸਡ ਮਾਸਟਰ ਪਲਾਨ ਕੀਤਾ ਜਾ ਰਿਹੈ ਤਿਆਰ

# ਸਰਕਾਰ ਵੱਲੋਂ ਡਰੋਨ ਸਰਵੈ ਨਾਲ ਕੇਵਲ ਮੌਜੂਦਾ ਭੌਂ ਵਰਤੋਂ ਪਲਾਨ ਨਾਲ ਸਬੰਧਤ ਡਾਟਾ ਇਕੱਠਾ ਕੀਤਾ ਜਾ ਰਿਹੈ : ਸੀਨੀਅਰ ਟਾਊਨ ਪਲਾਨਰ

**ਬਠਿੰਡਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਬਠਿੰਡਾ ਦੇ ਮੌੜ ਖੇਤਰ ਵਿੱਚ ਨਗਰ ਅਤੇ ਗ੍ਰਾਮੀਣ ਯੋਜਨਾਬੰਦੀ ਵਿਭਾਗ ਵੱਲੋਂ ਜਿਓਗ੍ਰਾਫਿਕ ਇਨਫਰਮੇਸ਼ਨ ਸਿਸਟਮ (ਜੀ.ਆਈ.ਐੱਸ.) ਅਧਾਰਤ ਮਾਸਟਰ ਪਲਾਨ ਤਿਆਰ ਕਰਨ ਲਈ ਡਰੋਨ ਰਾਹੀਂ ਸਰਵੇਖਣ ਕਰਵਾਇਆ ਜਾ ਰਿਹਾ ਹੈ। ਜੀ.ਆਈ.ਐਸ ਆਧਾਰਤ ਮਾਸਟਰ ਪਲਾਨ ਤਿਆਰ ਹੋਣ ਨਾਲ ਇਹ ਡਾਟਾ ਸਰਕਾਰੀ ਸਕੀਮਾਂ ਤਿਆਰ ਕਰਨ ਦੇ ਨਾਲ-ਨਾਲ ਆਮ ਜਨਤਾ ਦੇ ਲਈ ਲਾਹੇਵੰਦ ਰਹੇਗਾ। ਡਾਟਾ ਇਕੱਤਰ ਕਰਨ ਉਪਰੰਤ ਇਸ ਦੀ ਪ੍ਰਕਾਸ਼ਨਾ ਵੀ ਕੀਤੀ ਜਾਵੇਗੀ ਅਤੇ ਆਮ ਜਨਤਾ ਪਾਸੋਂ ਇਸ ਸਬੰਧੀ ਇਤਰਾਜ਼ ਅਤੇ ਸੁਝਾਅ ਵੀ ਮੰਗੇ ਜਾਣਗੇ। ਇਸ ਉਪਰੰਤ ਹੀ ਮਾਸਟਰ ਪਲੈਨ ਫਾਈਨਲ ਕੀਤਾ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸੀਨੀਅਰ ਟਾਊਨ ਪਲਾਨਰ, ਨਗਰ ਅਤੇ ਗ੍ਰਾਮੀਣ ਯੋਜਨਾਬੰਦੀ ਵਿਭਾਗ, ਬਠਿੰਡਾ ਸ਼੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਪੰਜਾਬ ਵਿੱਚ ਮੌਜੂਦਾ ਭੂਮੀ ਵਰਤੋਂ ਪਲਾਨ (ਖੇਤੀਬਾੜੀ, ਵਪਾਰਕ, ਇਮਾਰਤਾਂ, ਜਲ ਸਰੋਤ, ਜੰਗਲ, ਸੜਕਾਂ ਆਦਿ ਲਈ ਸਥਾਨ) ਤਿਆਰ ਕਰਦਾ ਹੈ। ਇਸੇ ਆਧਾਰ 'ਤੇ ਕਿਸੇ ਖੇਤਰ ਦੇ ਮਾਸਟਰ ਪਲਾਨ ਤਿਆਰ ਕੀਤੇ ਜਾਂਦੇ ਹਨ। ਵਿਭਾਗ ਇਸੇ ਮਕਸਦ ਨਾਲ ਸੂਬੇ ਵਿੱਚ ਲੋੜ ਅਨੁਸਾਰ ਸਰਵੇਖਣ ਕਰ ਰਿਹਾ ਹੈ। ਇਸ ਵਿਭਾਗੀ ਵੱਲੋਂ ਮੌੜ ਨਗਰ ਕੌਂਸਲ ਅਤੇ ਇਸ ਦੇ ਨਾਲ ਲਗਦੇ ਕੁਝ ਪਿੰਡਾਂ ਨੂੰ ਸ਼ਾਮਲ ਕਰਦੇ ਹੋਏ ਮੌੜ ਖੇਤਰ ਦਾ ਮਾਸਟਰ ਪਲਾਨ ਵੀ ਤਿਆਰ ਕੀਤਾ ਜਾਣਾ ਹੈ, ਜਿਸ ਲਈ ਇਨ੍ਹਾਂ ਪਿੰਡਾ ਵਿਚ ਭੂਮੀ ਦੇ ਮੌਜੂਦਾ ਵਰਤੋਂ ਦੀ ਜਾਣਕਾਰੀ ਇੱਕਤਰ ਕੀਤੀ ਜਾ ਰਹੀ ਹੈ।

ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਪੈਦਲ ਜਾ ਕੇ ਲੈਂਡ-ਯੂਜ (ਭੂਮੀ ਵਰਤੋਂ) ਡਾਟਾ ਇਕੱਠਾ ਕਰਨ ਵਿਚ ਬਹੁਤ ਸਮਾਂ ਲਗਦਾ ਹੈ, ਇਸ ਲਈ ਮੌਜੂਦਾ ਟੈਕਨਾਲੋਜੀ ਦਾ ਸਹਾਰਾ ਲੈਂਦਿਆਂ ਡਰੋਨ ਸਰਵੇ ਚੁਣਿਆ ਗਿਆ ਹੈ। ਇਹ ਡਰੋਨ ਸਰਵੈ ਕਰਵਾਉਣ ਲਈ ਸਰਕਾਰ ਵੱਲੋਂ ਕੁਝ ਪ੍ਰਾਈਵੇਟ ਏਜੰਸੀਆਂ ਨੂੰ ਕੰਮ ਦਿੱਤਾ ਗਿਆ ਹੈ, ਜੋ ਸਰਵੇਖਣ ਕਰ ਰਹੀਆਂ ਹਨ। ਡਰੋਨ ਉਡਾਉਣ ਦੀ ਮਨਜ਼ੂਰੀ ਲਈ ਸਰਕਾਰ ਨੇ ਜੋ ਮਾਪਦੰਡ ਨਿਰਧਾਰਤ ਕੀਤੇ ਹੋਏ ਹਨ, ਉਨ੍ਹਾਂ ਹੇਠਾਂ ਡਰੋਨਾਂ ਦੀ ਵਰਤੋਂ ਦੀ ਇਜਾਜ਼ਤ ਜ਼ਿਲ੍ਹਾ ਮੈਜਿਸਟ੍ਰੇਟ ਬਠਿੰਡਾ ਦੇ ਦਫ਼ਤਰ ਤੋਂ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਪੰਜਾਬ ਵਿਚ ਕੁੱਲ 141 ਮਾਸਟਰ ਪਲਾਨ ਤਿਆਰ ਕੀਤੇ ਜਾਣੇ ਸਨ, ਜਿਨ੍ਹਾਂ ਵਿੱਚੋਂ ਲਗਭਗ 46 ਦੇ ਮਾਸਟਰ ਪਲਾਨ ਤਿਆਰ ਹੋਣ ਉਪਰੰਤ ਨੋਟੀਫਾਈਡ ਹੋ ਚੁੱਕੇ ਹਨ। ਜਿਹਨਾਂ ਵਿਚੋਂ ਇਸ ਇਲਾਕੇ ਦੇ ਮਾਸਟਰ ਪਲਾਨ ਬਠਿੰਡਾ, ਤਲਵੰਡੀ ਸਾਬੋ, ਰਾਮਾਂਮੰਡੀ, ਸ੍ਰੀ ਮੁਕਤਸਰ ਸਾਹਿਬ, ਮਾਨਸਾ, ਕੋਟਕਪੂਰਾ ਅਤੇ ਅਬੋਹਰ ਆਦਿ ਤਿਆਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਡਰੋਨਾ ਦਾ ਇਸਤੇਮਾਲ ਕੇਵਲ ਅਤੇ ਕੇਵਲ ਮੌਜੂਦਾ ਭੂਮੀ ਵਰਤਤੋਂ ਪਲਾਨ ਤਿਆਰ ਕਰਨ ਦੇ ਮਕਸਦ ਨਾਲ ਹੀ ਕੀਤਾ ਜਾ ਰਿਹਾ ਹੈ।

## ਮਲ੍ਹਾਰ ਉਤਸਵ ਦੀ ਦੂਜੀ ਸ਼ਾਮ ਸੁਰਾਂ ਦੇ ਰੰਗਾਂ ਨਾਲ ਸਜੀ

# ਸੁਧਾ ਰਘੁਰਾਮਨ ਨੇ ਕਰਨਾਟਕ ਸ਼ਾਸਤਰੀ ਸੰਗੀਤ ਨਾਲ ਮੋਹਿਆ ਮਨ, ਧਨਸ਼੍ਰੀ ਪੰਡਿਤ ਨੇ ਸਾਵਣ ਦੇ ਰੰਗ ਬਿਖੇਰੇ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ ਵੱਲੋਂ ਕਰਵਾਏ ਜਾ ਰਹੇ ਤਿੰਨ ਰੋਜ਼ਾ 'ਮਲ੍ਹਾਰ ਉਤਸਵ' ਦੀ ਦੂਜੀ ਸ਼ਾਮ ਭਾਰਤੀ ਸ਼ਾਸਤਰੀ ਅਤੇ ਅਰਧ-ਸ਼ਾਸਤਰੀ ਸੰਗੀਤ ਦੇ ਸੁਹਾਵਣੇ ਰੰਗਾਂ ਨਾਲ ਰੰਗੀ ਰਹੀ। ਸੈਕਟਰ-38 ਸਥਿਤ ਰਾਣੀ ਲਕਸ਼ਮੀ ਬਾਈ ਹਾਲ ਵਿੱਚ ਹੋਈ ਇਸ ਸੰਗੀਤਮਈ ਸ਼ਾਮ ਵਿੱਚ ਵਿਦੂਸ਼ੀ ਸੁਧਾ ਰਘੁਰਾਮਨ ਨੇ ਕਰਨਾਟਕ ਸ਼ਾਸਤਰੀ ਸੰਗੀਤ ਦੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਸਰੋਤਿਆਂ ਨੂੰ ਮੰਤਰਮੁਗਧ ਕੀਤਾ, ਜਦਕਿ ਵਿਦੂਸ਼ੀ ਧਨਸ਼੍ਰੀ ਪੰਡਿਤ ਨੇ ਸਾਵਣ, ਕਜਰੀ, ਠੁਮਰੀ ਅਤੇ ਦਾਦਰਾ ਰਾਹੀਂ ਬਰਸਾਤ ਰੁੱਤ ਦੇ ਭਾਵਾਂ ਨੂੰ ਬੇਹੱਦ ਖੂਬਸੂਰਤੀ ਨਾਲ ਸੁਰਬੱਧ ਕੀਤਾ।

ਸੁਧਾ ਰਘੁਰਾਮਨ ਨੇ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ ਰਾਗ ਅਮ੍ਰਿਤਵਰਸ਼ਿਣੀ ਵਿੱਚ ਰਚੀ ਕ੍ਰਿਤੀ ਨਾਲ ਕੀਤੀ, ਜਿਸ ਨੂੰ ਆਦੀ ਤਾਲਮ ਵਿੱਚ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਭਾਰਤੀਯਾਰ ਦੀ ਰਚਨਾ ਰਾਗਮਾਲਿਕਾ ਅਤੇ ਤਿਸ੍ਰਨਡੈ ਏਕਤਾਲਮ ਵਿੱਚ ਅਤੇ ਮੀਰਾ ਭਜਨ 'ਨੰਦ ਨੰਦਨ' ਰਾਗ ਸ਼ੁੱਧ ਸਾਰੰਗ ਅਤੇ ਆਦੀ ਤਾਲਮ ਵਿੱਚ ਪੇਸ਼ ਕੀਤਾ। ਅੰਤ ਵਿੱਚ ਤਿੱਲਾਨਾ ਅਤੇ ਅਭੰਗ ਦੀ ਪੇਸ਼ਕਾਰੀ ਨੇ ਸ਼ਾਮ ਨੂੰ ਲੈਅ, ਭਗਤੀ ਅਤੇ ਸੰਗੀਤਕ ਊਰਜਾ ਨਾਲ ਭਰ ਦਿੱਤਾ। ਧਨਸ਼੍ਰੀ ਪੰਡਿਤ ਨੇ ਆਪਣੀ ਪੇਸ਼ਕਾਰੀ ਦੀ ਸ਼ੁਰੂਆਤ 'ਘਿਰ ਰਹੀ ਕਾਲੀ ਘਟਾ' ਨਾਲ ਕੀਤੀ।

ਇਸ ਤੋਂ ਬਾਅਦ 'ਹਿੰਡੋਲਾ', 'ਅਬ ਕੇ ਸਾਵਨ ਘਰ ਆਜਾ', 'ਸਾਵਨ ਕੀ ਰਿਤੁ', 'ਮੋਰੇ ਬਲਮਾ ਨਹੀਂ ਆਏ', 'ਝੂਲਾ ਧੀਰੇ ਸੇ ਝੁਲਾਓ' ਅਤੇ 'ਦਿਨ ਬੀਤ ਗਏ ਬਾਲਮ' ਵਰਗੀਆਂ ਰਚਨਾਵਾਂ ਰਾਹੀਂ ਉਨ੍ਹਾਂ ਨੇ ਸਾਵਣ ਦੀ ਰਿਮਝਿਮ, ਵਿਛੋੜੇ ਦੀ ਤੜਪ, ਮਿਲਾਪ ਦੀ ਉਡੀਕ ਅਤੇ ਝੂਲੇ ਦੀ ਉਮੰਗ ਨੂੰ ਬੇਹੱਦ ਭਾਵਪੂਰਨ ਢੰਗ ਨਾਲ ਪੇਸ਼ ਕੀਤਾ।

ਦੋਵਾਂ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੇ ਭਾਰਤੀ ਸੰਗੀਤ ਦੀਆਂ ਵੱਖ-ਵੱਖ ਪਰੰਪਰਾਵਾਂ ਨੂੰ ਇੱਕੋ ਮੰਚ 'ਤੇ ਬੇਹੱਦ ਸੁੰਦਰ ਢੰਗ ਨਾਲ ਪੇਸ਼ ਕੀਤਾ। ਧਨਸ਼੍ਰੀ ਪੰਡਿਤ ਦੀ ਗਾਇਕੀ ਵਿੱਚ ਤਬਲੇ 'ਤੇ ਸਿਧਾਰਥ ਚੈਟਰਜੀ ਅਤੇ ਹਾਰਮੋਨੀਅਮ 'ਤੇ ਲਲਿਤ ਸਿਸੋਦੀਆ ਨੇ ਪ੍ਰਭਾਵਸ਼ਾਲੀ ਸੰਗਤ ਕੀਤੀ।

ਮਲ੍ਹਾਰ ਉਤਸਵ ਦੀ ਇਹ ਦੂਜੀ ਸ਼ਾਮ ਸ਼ਾਸਤਰੀ ਸੰਗੀਤ ਦੀ ਗੰਭੀਰਤਾ ਅਤੇ ਸਾਵਣ ਦੇ ਭਾਵਪੂਰਨ ਰੰਗਾਂ ਦੇ ਸੁੰਦਰ ਸੰਗਮ ਕਾਰਨ ਸੰਗੀਤ ਪ੍ਰੇਮੀਆਂ ਲਈ ਇੱਕ ਯਾਦਗਾਰ ਸ਼ਾਮ ਬਣ ਗਈ।

# ਧਨਾਸ ਵਿਖੇ ਪੀਐੱਮ ਸੂਰਯ ਘਰ ਯੋਜਨਾ ਲਈ ਜਾਗਰੂਕਤਾ ਕੈਂਪ ਆਯੋਜਿਤ




**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਰਿਨਿਊਏਬਲ ਐਨਰਜੀ ਐਂਡ ਸਾਇੰਸ ਐਂਡ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ (ਕ੍ਰੈਸਟ/CREST) ਦੁਆਰਾ ਧਨਾਸ, ਚੰਡੀਗੜ੍ਹ ਵਿਖੇ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਬਾਰੇ ਨਿਵਾਸੀਆਂ ਨੂੰ ਜਾਗਰੂਕ ਕਰਨ ਲਈ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ।

ਨਗਰ ਨਿਗਮ ਕੌਂਸਲਰ ਸ਼੍ਰੀ ਸਤਿੰਦਰ ਸਿੱਧੂ ਦੇ ਨਾਲ ਖੇਤਰ ਦੇ ਮੰਦਿਰਾਂ ਅਤੇ ਗੁਰੂਦੁਆਰਿਆਂ ਦੇ ਪ੍ਰਧਾਨਾਂ ਅਤੇ ਪ੍ਰਤੀਨਿਧੀਆਂ ਨੇ ਵੀ ਕੈਂਪ ਵਿੱਚ ਹਿੱਸਾ ਲਿਆ ਅਤੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦਾ ਲਾਭ ਉਠਾਉਣ ਅਤੇ ਰੂਫਟੌਪ ਸੌਰ ਊਰਜਾ ਅਪਣਾਉਣ ਲਈ ਪ੍ਰੋਤਸਾਹਿਤ ਕੀਤਾ।

ਕੈਂਪ ਦੇ ਦੌਰਾਨ ਕ੍ਰੈਸਟ ਦੇ ਪ੍ਰੋਜੈਕਟ ਡਾਇਰੈਕਟਰ ਸ਼੍ਰੀ ਰਜਨੀਸ਼ ਸ਼ਰਮਾ ਅਤੇ ਹੋਰ ਅਧਿਕਾਰੀਆਂ ਨੇ ਯੋਜਨਾ ਦੇ ਤਹਿਤ ਰੂਫਟੌਪ ਸੌਰ ਊਰਜਾ ਪਲਾਂਟ ਸਥਾਪਿਤ ਕਰਨ ਦੇ ਲਾਭਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਪ੍ਰਤੀਭਾਗੀਆਂ ਨੂੰ ਯੋਜਨਾ ਦੇ ਤਹਿਤ ਅਰਜ਼ੀ ਦੇਣ ਦੀ ਪ੍ਰਕਿਰਿਆ, ਰੂਫਟੌਪ ਸੋਲਰ ਪਲਾਂਟ ਦੀ ਸਥਾਪਨਾ, ਸਬਸਿਡੀ ਅਤੇ ਹੋਰ ਸਬੰਧਿਤ ਪਹਿਲੂਆਂ ਬਾਰੇ ਵੀ ਜਾਣੂ ਕਰਵਾਇਆ ਗਿਆ।

ਕੈਂਪ ਵਿੱਚ ਕੁੱਲ 12 ਸੂਚੀਬੱਧ ਵਿਕ੍ਰੇਤਾਵਾਂ ਨੇ ਹਿੱਸਾ ਲਿਆ ਅਤੇ ਨਿਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਰੂਫਟੌਪ ਸੋਲਰ ਐਨਰਜੀ ਸਿਸਟਮ, ਇੰਸਟਾਲੇਸ਼ਨ ਪ੍ਰਕਿਰਿਆ ਅਤੇ ਵਿਭਿੰਨ ਤਕਨੀਕੀ ਪਹਿਲੂਆਂ ਦੀ ਜਾਣਕਾਰੀ ਦਿੱਤੀ, ਜਿਸ ਨਾਲ ਇੱਛੁਕ ਉਪਭੋਗਤਾਵਾਂ ਨੂੰ ਯੋਜਨਾ ਅਤੇ ਉਪਲਬਧ ਵਿਕਲਪਾਂ ਨੂੰ ਸਮਝਣ ਵਿੱਚ ਸਹਾਇਤਾ ਮਿਲੀ।

ਪੰਜਾਬ ਐਂਡ ਸਿੰਧ ਬੈਂਕ ਅਤੇ ਪੰਜਾਬ ਨੈਸ਼ਨਲ ਬੈਂਕ (ਪੀਐੱਨਬੀ) ਦੇ ਪ੍ਰਤੀਨਿਧੀ ਵੀ ਕੈਂਪ ਵਿੱਚ ਉਪਸਥਿਤ ਰਹੇ। ਉਨ੍ਹਾਂ ਨੇ ਇੱਛੁਕ ਉਪਭੋਗਤਾਵਾਂ ਦੇ ਰਿਣ ਸਬੰਧੀ ਸਵਾਲਾਂ ਦਾ ਸਮਾਧਾਨ ਕੀਤਾ ਅਤੇ ਰੂਫਟੌਪ ਸੋਲਰ ਪਾਵਰ ਪਲਾਂਟਾਂ ਦੀ ਸਥਾਪਨਾ ਕਰਨ ਲਈ ਉਪਲਬਧ ਵਿੱਤੀ ਸੁਵਿਧਾਵਾਂ ਦੀ ਜਾਣਕਾਰੀ ਦਿੱਤੀ।

ਜਾਗਰੂਕਤਾ ਕੈਂਪ ਨੂੰ ਸਥਾਨਕ ਨਿਵਾਸੀਆਂ ਵੱਲੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ। ਅਨੇਕ ਲੋਕਾਂ ਨੇ ਯੋਜਨਾ ਦੇ ਤਹਿਤ ਰੂਫਟੌਪ ਸੋਲਰ ਪਾਵਰ ਸਿਸਟਮ ਸਥਾਪਿਤ ਕਰਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪ੍ਰਤੀਭਾਗੀਆਂ ਨੇ ਰਿਣ ਸੁਵਿਧਾ ਅਤੇ ਜੀਪੀਏ (ਜਨਰਲ ਪਾਵਰ ਆਵ ਅਟਾਰਨੀ) ਵਾਲੀਆਂ ਜਾਇਦਾਦਾਂ 'ਤੇ ਸਬਸਿਡੀ ਦੀ ਉਪਲਬਧਤਾ ਨਾਲ ਸਬੰਧਿਤ ਪ੍ਰਸ਼ਨ ਵੀ ਉਠਾਏ। ਕ੍ਰੈਸਟ ਦੁਆਰਾ ਵਿਸ਼ੇਸ਼ ਤੌਰ 'ਤੇ ਯੂ.ਟੀ. ਚੰਡੀਗੜ੍ਹ ਦੇ ਪੈਰੀਫਿਰਲ/ਗ੍ਰਾਮੀਣ ਖੇਤਰਾਂ ਵਿੱਚ ਲਗਾਤਾਰ ਜਾਗਰੂਕਤਾ ਅਤੇ ਆਊਟਰੀਚ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਦਾ ਉਦੇਸ਼ ਚੰਡੀਗੜ੍ਹ ਵਿੱਚ ਰੂਫਟੌਪ ਸੌਰ ਊਰਜਾ ਨੂੰ ਹੁਲਾਰਾ ਦੇਣਾ ਅਤੇ ਨਿਵਾਸੀਆਂ ਨੂੰ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦਾ ਲਾਭ ਪ੍ਰਾਪਤ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਨਾ ਹੈ।

# ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਵਿਕਾਸ ਕਾਰਜਾਂ ਤੇ ਭਲਾਈ ਸਕੀਮਾਂ ਦੀ ਕੀਤੀ ਸਮੀਖਿਆ



**ਹੁਸ਼ਿਆਰਪੁਰ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਦੇ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਵਿਕਾਸ ਪ੍ਰਾਜੈਕਟਾਂ ਦੇ ਕੰਮ ਦੀ ਰਫ਼ਤਾਰ ਹੋਰ ਤੇਜ਼ ਕਰਨ ਅਤੇ ਭਲਾਈ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਹਰ ਲਾਭਪਾਤਰੀ ਤੱਕ ਪੁੱਜਦਾ ਕਰਨ ਦੀ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿੱਚ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸਿੱਖਿਆ ਖੇਤਰ, ਪੇਂਡੂ ਵਿਕਾਸ ਅਤੇ ਸਮਾਜਿਕ ਸੁਰੱਖਿਆ ਨਾਲ ਸਬੰਧਤ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਸਕੀਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਅਤੇ ਮਨਜ਼ੂਰ ਹੋ ਚੁੱਕੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਵਿਧਾਇਕ ਨੂੰ ਦੱਸਿਆ ਕਿ ਪੰਜ ਸਿੱਖਿਆ ਬਲਾਕਾਂ ਦੇ ਕੁੱਲ 19,772 ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਇਸ ਉਪਰਾਲੇ ਤਹਿਤ ਕੁੱਲ 1.18 ਕਰੋੜ ਰੁਪਏ ਦੀ ਰਾਸ਼ੀ ਖ਼ਰਚੀ ਗਈ ਹੈ। ਡਾ. ਇਸ਼ਾਂਕ ਕੁਮਾਰ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਸਕੂਲ ਆਫ਼ ਹੈਪੀਨੈੱਸ ਪਹਿਲਕਦਮੀ ਤਹਿਤ ਮੋਨਾ ਕਲਾਂ, ਪੱਟੀ, ਮਹਿਨਾ ਅਤੇ ਚੱਬੇਵਾਲ ਦੇ ਚਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਚੋਣ ਕੀਤੀ ਗਈ ਹੈ। ਹਰੇਕ ਸਕੂਲ ਨੂੰ 10 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ, ਜਿਸ ਨਾਲ ਕੁੱਲ 40 ਲੱਖ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ 2025-26 ਦੇ ਰਿਪੇਅਰ ਅਤੇ ਮੇਨਟੇਨੈਂਸ ਪ੍ਰੋਗਰਾਮ ਤਹਿਤ 10 ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਲਗਭਗ 18.73 ਲੱਖ ਰੁਪਏ ਦੇ ਸਿਵਲ ਕੰਮ ਮਨਜ਼ੂਰ ਕੀਤੇ ਗਏ ਹਨ।

ਇਸ ਤੋਂ ਇਲਾਵਾ 25 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਨਵੀਆਂ ਚਾਰਦੀਵਾਰੀਆਂ ਬਣਾਉਣ ਲਈ ਵੀ ਚੋਣ ਕੀਤੀ ਗਈ ਹੈ, ਜਿਸ ਲਈ 87.45 ਲੱਖ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਵਿਧਾਇਕ ਨੇ ਅਧਿਕਾਰੀਆਂ ਨੂੰ ਇਨ੍ਹਾਂ ਕੰਮਾਂ ਦੀ ਗੁਣਵੱਤਾ ਦਾ ਖਾਸ ਖਿਆਲ ਰੱਖਣ ਅਤੇ ਨਿਰਧਾਰਤ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਡਾ. ਇਸ਼ਾਂਕ ਕੁਮਾਰ ਨੇ ਵਿਧਾਨ ਸਭਾ ਹਲਕੇ ਵਿੱਚ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਦੇ ਲਾਗੂ ਕਰਨ ਦੀ ਵੀ ਸਮੀਖਿਆ ਕੀਤੀ। ਸੰਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਵੱਖ-ਵੱਖ ਸਕੀਮਾਂ ਤਹਿਤ 28,083 ਲਾਭਪਾਤਰੀਆਂ ਨੂੰ ਲਾਭ ਮਿਲ ਰਿਹਾ ਹੈ ਜਿਨ੍ਹਾਂ ਵਿਚ 17,425 ਲਾਭਪਾਤਰੀ ਬੁਢਾਪਾ ਪੈਨਸ਼ਨ, 6,656 ਲਾਭਪਾਤਰੀ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ ਵਿੱਤੀ ਸਹਾਇਤਾ, 1,434 ਲਾਭਪਾਤਰੀ ਆਸ਼ਰਿਤ ਬੱਚਿਆਂ ਲਈ ਵਿੱਤੀ ਸਹਾਇਤਾ ਅਤੇ 2,568 ਲਾਭਪਾਤਰੀ ਦਿਵਿਆਂਗ ਵਿਅਕਤੀਆਂ ਲਈ ਵਿੱਤੀ ਸਹਾਇਤਾ ਤਹਿਤ ਲਾਭ ਪ੍ਰਾਪਤ ਕਰ ਰਹੇ ਹਨ। ਵਿਧਾਇਕ ਨੇ ਕਿਹਾ ਕਿ ਯੋਗ ਲਾਭਪਾਤਰੀਆਂ ਨੂੰ ਲਾਭ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣੀ ਚਾਹੀਦੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਲਾਈ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾਵੇ।

ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸਮੀਖਿਆ ਦਾ ਮੁੱਖ ਉਦੇਸ਼ ਵਿਕਾਸ ਪ੍ਰਾਜੈਕਟਾਂ ਅਤੇ ਭਲਾਈ ਸਕੀਮਾਂ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਦੀ ਪ੍ਰਗਤੀ ਵਿੱਚ ਆ ਰਹੀਆਂ ਰੁਕਾਵਟਾਂ ਦੀ ਸ਼ਨਾਖਤ ਕਰਕੇ ਢੁੱਕਵਾਂ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜ ਗੁਣਵੱਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਕਰਵਾਏ ਜਾਣੇ ਚਾਹੀਦੇ ਹਨ ਅਤੇ ਹਰ ਯੋਗ ਵਸਨੀਕ ਤੱਕ ਸਰਕਾਰੀ ਸਕੀਮਾਂ ਦਾ ਲਾਭ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਪਹੁੰਚਣਾ ਯਕੀਨੀ ਬਣਾਇਆ ਜਾਵੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਮੀਨਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਕਾਰਪੋਰੇਸ਼ਨ ਬਟਾਲਾ ਦੀ ਪਹਿਲੀ ਹਾਊਸ ਦੀ ਮੀਟਿੰਗ ਵਿੱਚ ਇਤਿਹਾਸਕ ਮਤੇ ਪਾਸ: ਸ਼ੈਰੀ ਕਲਸੀ



**ਬਟਾਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਪੋਰੇਸ਼ਨ ਬਟਾਲਾ ਹਾਊਸ ਦੀ ਪਹਿਲੀ ਮੀਟਿੰਗ ਵਿੱਚ ਬਟਾਲਾ ਸ਼ਹਿਰ ਦੇ ਵਿਕਾਸ ਤੇ ਤਰੱਕੀ ਲਈ ਇਤਿਹਾਸਕ ਮਤੇ ਪਾਸ ਕੀਤੇ ਗਏ। ਹਾਊਸ ਦੀ ਮੀਟਿੰਗ ਵਿੱਚ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕਾਰੋਪਰੇਸ਼ਨ ਦੇ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ, ਕਾਰਪੋਰੇਸ਼ਨ ਦੇ ਮੇਅਰ ਭੁਪਿੰਦਰ ਸਿੰਘ ਬਾਜਵਾ, ਸੀਨੀਅਰ ਡਿਪਟੀ ਮੇਅਰ ਸ਼੍ਰੀਮਤੀ ਸੁਖਰਾਜ ਕੌਰ ਅਤੇ ਡਿਪਟੀ ਮੇਅਰ ਸ਼੍ਰੀਮਤੀ ਨੀਲਮ ਚੌਹਾਨ ਸਮੇਤ ਸਮੂਹ ਕੌਂਸਲਰ ਮੌਜੂਦ ਸਨ।

ਹਾਊਸ ਦੀ ਮੀਟਿੰਗ ਦੌਰਾਨ ਵਿਧਾਇਕ ਸ਼ੈਰੀ ਕਲਸੀ, ਕਮਿਸ਼ਨਰ ਕਾਰਪੋਰੇਸ਼ਨ ਅਤੇ ਮੇਅਰ ਬਟਾਲਾ ਵੱਲੋਂ ਨਵੇਂ ਚੁਣੇ ਗਏ ਕੌਸ਼ਲਰਾਂ ਨੂੰ ਮੁਬਾਰਕਬਾਦ ਦਿੰਦਿਆ ਕਿਹਾ ਕਿ ਸਮੂਹ ਕੌਂਸਲਰਾਂ ਦੇ ਸਹਿਯੋਗ ਨਾਲ ਬਟਾਲਾ ਸ਼ਹਿਰ ਅੰਦਰ ਲੋਕਪੱਖੀ ਵਿਕਾਸ ਕਾਰਜ ਕਰਵਾਏ ਜਾਣਗੇ ਅਤੇ ਅਸੀ ਸਾਰੇ ਬਟਾਲਾ ਸ਼ਹਿਰ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਆਪਸੀ ਸਹਿਯੋਗ ਨਾਲ ਕੰਮ ਕਰਾਂਗੇ। ਹਾਊਸ ਮੀਟਿੰਗ ਵਿੱਚ ਵੱਖ-ਵੱਖ 27 ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

ਇਸ ਮੌਕੇ ਗੱਲਬਾਤ ਕਰਦਿਆ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਸ਼ਹਿਰ ਦੀ ਸਭ ਤੋਂ ਵੱਡੀ ਸਮੱਸਿਆ ਕੂੜੇ ਦੇ ਸੁੱਟਣ ਲਈ ਜਗ੍ਹਾ ਦਾ ਨਾ ਹੋਣਾ ਹੈ ਅਤੇ ਪਿਛਲੇ ਕਰੀਬ 7 ਦਹਾਕਿਆਂ ਤੋਂ ਬਟਾਲਾ ਵਾਸੀ ਇਸ ਸਮੱਸਿਆਂ ਨਾਲ ਜੂਝ ਰਹੇ ਹਨ। ਪਰ ਆਮ ਆਦਮੀ ਪਾਰਟੀ ਬਟਾਲਾ ਵਾਸੀਆਂ ਨੂੰ ਇਸ ਸਮੱਸਿਆਂ ਤੋਂ ਨਿਜਾਤ ਦਿਵਾਏਗੀ। ਉਨ੍ਹਾਂ ਦੱਸਿਆ ਕਿ ਅੱਜ ਹਾਊਸ ਦੀ ਮੀਟਿੰਗ ਵਿੱਚ ਖਜੂਰੀ ਗੇਟ ਨੇੜੇ ਮਲਹੋਤਰਾ ਪੈਟਰੋਲ ਪੰਪ ਕੋਲ ਸਥਿਤ ਨਗਰ ਨਿਗਮ ਬਟਾਲਾ ਦੀ ਮਲਕੀਅਤ ਵਾਲੀ ਜ਼ਮੀਨ ਸ਼ਹਿਰ ਦੀ ਪ੍ਰਮੁੱਖ ਜਗ੍ਹਾ 'ਤੇ ਸਥਿਤ ਹੈ। ਇਸ ਜ਼ਮੀਨ ਦੀ ਸੇਲ ਕਰਕੇ ਸ਼ਹਿਰ ਤੋਂ ਬਾਹਰ ਵੱਡੇ ਰਕਬੇ ਦੀ ਜ਼ਮੀਨ ਖਰੀਦੀ ਜਾਵੇਗੀ, ਜਿੱਥੇ ਸ਼ਹਿਰ ਦੇ ਕੂੜੇ ਦੀ ਸੈਗਰੀਕੇਸ਼ਨ (ਅਲੱਗ-ਅਲੱਗ ਛਾਂਟੀ) ਅਤੇ ਠੋਸ ਕੂੜਾ ਪ੍ਰਬੰਧਨ ਦਾ ਉਚਿਤ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਕਤ ਜ਼ਮੀਨ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਰਕਮ ਨਗਰ ਨਿਗਮ ਦੀ ਵਿੱਤੀ ਸਥਿਤੀ ਮਜ਼ਬੂਤ ਕਰਨ, ਬਕਾਇਆ ਦੇਣਦਾਰੀਆਂ ਦੇ ਨਿਪਟਾਰੇ ਅਤੇ ਸ਼ਹਿਰ ਦੇ ਵਿਕਾਸ ਅਤੇ ਲੋਕ ਹਿੱਤ ਦੇ ਹੋਰ ਕੰਮਾਂ 'ਤੇ ਖਰਚ ਕੀਤਾ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਹਾਊਸ ਵਲੋਂ ਇਤਿਹਾਸਕ ਫੈਸਲਾ ਲੈਂਦਿਆ ਅੱਜ ਆਊਟਸੋਰਸ ਕਰਮਚਾਰੀਆਂ ਨੂੰ ਕੰਟਰੈਕਟ ਵਿੱਚ ਕਰਨ ਦਾ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵਿਖੇ 19 ਕਲਰਕ ਕਮ-ਡਾਟਾ ਐਂਟਰੀ ਓਪਰੇਟਰਾਂ, ਸੈਨੇਟਰੀ ਕਲਰਕ, ਸੇਵਾਦਾਰ, ਮਾਲੀ, ਇਲੈਕਟ੍ਰੀਸ਼ਨ ਕਰਮਚਾਰੀ ਅਤੇ ਫਾਇਰ ਬ੍ਰਿਗੇਡ ਵਿੱਚ ਕੰਮ ਕਰ ਰਹੇ ਆਊਟਸੋਰਸ ਕਰਮਚਾਰੀਆਂ ਨੂੰ ਕੰਟਰੈਕਟ ਵਿੱਚ ਕਰਨ ਅਤੇ ਆਊਟਸੋਰਸ ਤੇ ਕੰਮ ਕਰ ਰਹੇ ਟਾਟਾ ਏਸੀ ਡਰਾਈਵਰਾਂ ਨੂੰ ਡੀ.ਸੀ ਰੇਟ 'ਤੇ ਕਰਨ ਸਬੰਧੀ ਮਤਾ ਪਾਸ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਤਰਸ ਦੇ ਅਧਾਰ 'ਤੇ ਸਫਾਈ ਸੇਵਕ ਦੀ ਨੌਕਰੀ ਦੇਣ ਸਬੰਧੀ ਮਤੇ ਪਾਸ ਕੀਤੇ ਗਏ ਹਨ। ਇਸ ਤੋਂ ਇਲਾਵਾ ਗੁਰਦੁਆਰਾ ਸ਼੍ਰੀ ਕੰਧ ਸਾਹਿਬ ਨੂੰ ਜਾਂਦੇ ਰਸਤਿਆਂ 'ਤੇ ਸਟਰੀਟ ਲਾਈਟਾਂ ਲਗਾਉਣ, ਨਵੇ ਇਤਿਹਾਸਕ ਐਂਟਰੀ ਗੇਟ ਬਣਾਉਣ, ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜ ਕਰਵਾਉਣ ਸਮੇਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ ਵੱਖ-ਵੱਖ ਵਿਕਾਸ ਕਾਰਜ ਕਰਵਾਉਣ ਲਈ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਪੱਤਰਕਾਰਾ ਨਾਲ ਗੱਲ ਕਰਦਿਆ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕ ਹਿੱਤ ਵਿੱਚ ਵੱਡੇ ਕੰਮ ਕੀਤੇ ਗਏ ਹਨ। । ਉਸੇ ਲੜੀ ਨੂੰ ਅੱਗੇ ਵਧਾਉਂਦਿਆਂ ਅੱਜ ਨਗਰ ਨਿਗਮ ਬਟਾਲਾ ਦੇ ਹਾਊਸ ਦੀ ਪਹਿਲੀ ਮੀਟਿੰਗ ਵਿੱਚ ਲੋਕ ਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ। ਉਨ੍ਹਾਂ ਸਮੂਹ ਕੌਂਸਲਰਾਂ ਨੂੰ ਬਟਾਲਾ ਸ਼ਹਿਰ ਦੇ ਵਿਕਾਸ, ਤਰੱਕੀ, ਖ਼ੂਬਸੂਰਤੀ ਅਤੇ ਲੋਕਾਂ ਦੀ ਭਲਾਈ ਲਈ ਦਿਨ ਰਾਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਧਰਤੀ ਬਟਾਲਾ 'ਤੇ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਲਈ ਸਾਡੀ ਜਿੰਮਵਾਰੀ ਬਣਦੀ ਹੈ ਕਿ ਅਸੀ ਬਟਾਲਾ ਸਹਿਰ ਦੇ ਵਿਕਾਸ ਲਈ ਵੱਧ ਤੋਂ ਵੱਧ ਮਿਹਨਤ ਕਰੀਏ ਅਤੇ ਲੋਕਾਂ ਦੀ ਭਲਾਈ ਲਈ ਕਾਰਜ ਕਰੀਏ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਜਦੋਂ ਦੀ ਬਟਾਲਾ ਵਾਸੀਆਂ ਨੇ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਸਾਰਿਆਂ ਦੇ ਸਹਿਯੋਗ ਨਾਲ ਬਟਾਲਾ ਸ਼ਹਿਰ ਨੂੰ ਵਿਕਾਸ ਪੱਖੋਂ ਸੂਬੇ ਦਾ ਖ਼ੂਬਸੂਰਤ ਅਤੇ ਵਿਕਾਸਮੁਖੀ ਸ਼ਹਿਰ ਬਣਾਇਆ ਜਾਵੇਗਾ।

# ਜਲੰਧਰ ਜਿਮਖਾਨਾ ਚੋਣਾਂ: ਇਕ ਵ੍ਹਾਰ ਫਿਰ ਗਰੁੱਪ ਬਣਾਉਣ ਦੀ ਕੋਸ਼ਿਸ਼ ਕਰਨਗੇ ਪ੍ਰੋਗਰੈਸਿਵ ਦੇ ਧੁਰੰਦਰ

ਕੌਮੀ ਪੱਤ੍ਰਿਕਾ

ਜਲੰਧਰ 25 ਅਗਸਤ। ਜਿਮਖਾਨਾ ਕਲੱਬ ਦੀਆਂ ਚੋਣਾਂ ਲਗਾਤਾਰ ਪੇਚੀਦਾ ਹੁੰਦੀਆਂ ਜਾ ਰਹੀਆਂ ਹਨ। ਕੁਝ ਹਫ਼ਤੇ ਪਹਿਲਾਂ ਜਦੋਂ ਅਚੀਵਰਜ਼ ਗਰੁੱਪ ਨੇ ਉਪਰਲੇ ਅਹੁਦਿਆਂ ਲਈ ਆਪਣੇ ਚਾਰ ਉਮੀਦਵਾਰ ਐਲਾਨੇ ਸਨ, ਉਦੋਂ ਅਜਿਹਾ ਲੱਗ ਰਿਹਾ ਸੀ ਕਿ ਇਸ ਵਾਰ ਚੋਣ ਮੁਕਾਬਲਾ ਇਕਤਰਫ਼ਾ ਰਹੇਗਾ ਅਤੇ ਸ਼ਾਇਦ ਚੋਣਾਂ ਸਰਬਸੰਮਤੀ ਨਾਲ ਹੀ ਮੁਕੰਮਲ ਹੋ ਜਾਣਗੀਆਂ ਪਰ ਇਸ ਤੋਂ ਬਾਅਦ ਕਲੱਬ ਦਾ ਚੋਣ ਮਾਹੌਲ ਲਗਾਤਾਰ ਬਦਲਦਾ ਚਲਾ ਗਿਆ। ਕਲੱਬ ਮੈਂਬਰਾਂ ਵਿਚਕਾਰ ਆਪਸੀ ਸਹਿਮਤੀ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਜਿੱਥੇ ਚਰਚਾਵਾਂ ਦਾ ਦੌਰ ਸ਼ੁਰੂ ਹੋਇਆ, ਉੱਥੇ ਹੀ ਚੋਣਾਂ ਤੋਂ ਹਟਣ ਦਾ ਐਲਾਨ ਕਰ ਚੁੱਕਾ ਪ੍ਰੋਗਰੈਸਿਵ ਗਰੁੱਪ ਵੀ ਦੋਬਾਰਾ ਸਰਗਰਮ (ਐਕਟਿਵ) ਹੋਣ ਦੀਆਂ ਕੋਸ਼ਿਸ਼ਾਂ ਵਿਚ ਜੁਟ ਗਿਆ। ਇਸੇ ਲੜੀ ਤਹਿਤ ਪਿਛਲੇ ਦਿਨੀਂ ਪ੍ਰੋਗਰੈਸਿਵ ਦੇ ਕੱਦਾਵਰ ਮੈਂਬਰ ਪੱਪੂ ਖੋਸਲਾ ਦੇ ਘਰ ਇਕ ਮੀਟਿੰਗ ਹੋਈ, ਜਿਸ ਵਿਚ ਦਰਜਨ ਤੋਂ ਵੱਧ ਫਾਊਂਡਰ ਮੈਂਬਰ ਸ਼ਾਮਲ ਹੋਏ। ਮੀਟਿੰਗ ਵਿਚ ਗਰੁੱਪ ਦੇ ਗਠਨ ਅਤੇ ਸੰਭਾਵੀ ਉਮੀਦਵਾਰਾਂ ਨੂੰ ਲੈ ਕੇ ਚਰਚਾ ਹੋਈ ਪਰ ਕੋਈ ਠੋਸ ਫ਼ੈਸਲਾ ਨਹੀਂ ਹੋ



ਸਕਿਆ। ਉਸ ਮੀਟਿੰਗ ਮਗਰੋਂ ਪ੍ਰੋਗਰੈਸਿਵ ਗਰੁੱਪ ਦੇ ਮੁੱਖ ਮੈਂਬਰ ਵੀ ਬਹੁਤੇ ਸਰਗਰਮ ਨਜ਼ਰ ਨਹੀਂ ਆਏ, ਜਿਸ ਨਾਲ ਇਹ ਮੰਨਿਆ ਜਾਣ ਲੱਗਾ ਕਿ ਸ਼ਾਇਦ ਪ੍ਰੋਗਰੈਸਿਵ ਗਰੁੱਪ ਫਿਰ ਚੋਣ ਮੈਦਾਨ ਤੋਂ ਦੂਰ ਹੀ ਰਹੇਗਾ ਪਰ ਸ਼ੁੱਕਰਵਾਰ ਨੂੰ ਇਕ ਵਾਰ ਫਿਰ ਗਰੁੱਪ ਵਿਚ ਹਲਚਲ ਵਿਖਾਈ ਦਿੱਤੀ ਅਤੇ ਗਰੁੱਪ ਦੇ ਗਠਨ ਨੂੰ ਲੈ ਕੇ ਚਰਚਾਵਾਂ ਨੇ ਜ਼ੋਰ ਫੜ ਲਿਆ। ਹੁਣ 15 ਅਗਸਤ ਨੂੰ ਦੁਪਹਿਰੇ ਪ੍ਰੋਗਰੈਸਿਵ ਗਰੁੱਪ ਦੀ ਕੋਰ ਕਮੇਟੀ ਦੀ ਮੀਟਿੰਗ ਹੋਣ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਮੀਟਿੰਗ ਵਿਚ ਗਰੁੱਪ ਦੇ ਸੰਭਾਵੀ ਮੈਂਬਰਾਂ ਅਤੇ ਉਮੀਦਵਾਰਾਂ ਨੂੰ ਲੈ ਕੇ ਅੰਤਿਮ ਫ਼ੈਸਲਾ ਕੀਤਾ ਜਾ ਸਕਦਾ ਹੈ। ਮੀਟਿੰਗ ਤੋਂ ਬਾਅਦ ਪ੍ਰੋਗਰੈਸਿਵ ਵੱਲੋਂ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਵੀ ਸੰਭਵ ਹੈ। ਚਰਚਾ ਹੈ ਕਿ ਪ੍ਰੋਗਰੈਸਿਵ ਗਰੁੱਪ ਦਲਜੀਤ ਸਿੰਘ ਛਾਬੜਾ, ਪ੍ਰੋਫੈਸਰ ਵਿਪਨ ਝਾਂਜੀ, ਅਨੂ ਮਾਟਾ, ਮੇਜਰ ਕੋਛੜ ਸਮੇਤ ਕੁਝ ਹੋਰ ਚਿਹਰਿਆਂ 'ਤੇ ਦਾਅ ਲਾਉਣ 'ਤੇ ਵਿਚਾਰ ਕਰ ਸਕਦਾ ਹੈ। ਹਾਲਾਂਕਿ ਇਸ ਵਾਰ ਪ੍ਰੋਗਰੈਸਿਵ ਦੀ ਕੋਰ ਕਮੇਟੀ ਵਿਚ ਆਪਸੀ ਤਾਲਮੇਲ ਦੀ ਕਮੀ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹੋ ਵਜ?ਹਾ ਹੈ ਕਿ ਕਈ ਮਜ਼ਬੂਤ ਦਾਅਵੇਦਾਰ ਵੀ ਅਜੇ ਸ਼ਸ਼ੋਪੰਜ ਵਿਚ ਹਨ ਕਿ ਚੋਣ ਮੈਦਾਨ ਵਿਚ ਕਿਸ ਰਸਤੇ 'ਤੇ ਅੱਗੇ ਵਧਿਆ ਜਾਵੇ। ਹੁਣ 15 ਅਗਸਤ ਦੀ ਮੀਟਿੰਗ ਕਾਫ਼ੀ ਅਹਿਮ ਮੰਨੀ ਜਾ ਰਹੀ ਹੈ। ਗਰੁੱਪ ਦੇ ਗਠਨ ਦਾ ਫ਼ੈਸਲਾ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਕੋਰ ਕਮੇਟੀ ਦੇ ਕਿੰਨੇ ਮੈਂਬਰ ਮੀਟਿੰਗ ਵਿਚ ਪਹੁੰਚਦੇ ਹਨ, ਕਿਸ ਤਰ੍ਹਾਂ ਆਪਣੀ ਰਾਏ ਰੱਖਦੇ ਹਨ ਅਤੇ ਕੌਣ-ਕੌਣ ਸੰਭਾਵੀ ਉਮੀਦਵਾਰ ਪ੍ਰੋਗਰੈਸਿਵ ਦੇ ਬੈਨਰ ਹੇਠ ਚੋਣ ਲੜਨ ਲਈ ਤਿਆਰ ਹੁੰਦੇ ਹਨ। ਫਿਲਹਾਲ ਸਭ ਦੀਆਂ ਨਜ਼ਰਾਂ ਪ੍ਰੋਗਰੈਸਿਵ ਦੀ ਇਸ ਮੀਟਿੰਗ 'ਤੇ ਟਿਕੀਆਂ ਹੋਈਆਂ ਹਨ। ਜੇਕਰ ਗਰੁੱਪ ਆਪਣੇ ਕੱਦਾਵਰਾਂ ਨੂੰ ਇਕਜੁੱਟ ਕਰਨ ਵਿਚ ਸਫਲ ਰਹਿੰਦਾ ਹੈ ਅਤੇ ਉਮੀਦਵਾਰਾਂ 'ਤੇ ਸਹਿਮਤੀ ਬਣ ਜਾਂਦੀ ਹੈ ਤਾਂ ਜਿਮਖਾਨਾ ਕਲੱਬ ਦਾ ਚੋਣ ਮੁਕਾਬਲਾ ਹੋਰ ਦਿਲਚਸਪ ਹੋ ਸਕਦਾ ਹੈ। ਉੱਥੇ ਹੀ ਜੇਕਰ ਮੀਟਿੰਗ ਵਿਚ ਫਿਰ ਤੋਂ ਸਹਿਮਤੀ ਨਹੀਂ ਬਣਦੀ ਤਾਂ ਪ੍ਰੋਗਰੈਸਿਵ ਦੀ ਚੋਣ ਮੈਦਾਨ ਵਿਚ ਵਾਪਸੀ 'ਤੇ ਸਵਾਲ ਬਣੇ ਰਹਿਣਗੇ।

## ਸਕੂਲੀ ਵਿਦਿਆਰਥਣਾਂ ਦੀ ਵੀਡੀਓ ਦਾ ਅਸਰ !

ਮੁੰਬਈ 25 ਅਗਸਤ। ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ 'ਚ ਜਦੋਂ ਤਿੰਨ ਸਕੂਲੀ ਵਿਦਿਆਰਥਣਾਂ ਨੇ ਸਕੂਲ ਦੇ ਰਸਤਿਆਂ 'ਚ ਟੋਇਆ ਵਾਲੀ ਸੜਕ ਦਾ ਇਕ ਵੀਡੀਓ ਬਣਾਇਆ ਤਾਂ ਉਨ੍ਹਾਂ ਨੂੰ ਅੰਦਾਜਾ ਨਹੀਂ ਸੀ ਕਿ ਉਨ੍ਹਾਂ ਨੂੰ ਇੰਨੀ ਜ਼ਬਰਦਸਤ ਪ੍ਰਤੀਕਿਰਿਆ ਮਿਲੇਗੀ। ਵੀਡੀਓ 'ਚ ਇਕ ਸਕੂਲੀ ਵਿਦਿਆਰਥਣ 'ਰਿਪੋਰਟਰ' ਦੀ ਭੂਮਿਕਾ ਨਿਭਾਉਂਦੇ ਹੋਏ ਆਪਣੀ ਸਹੇਲੀ ਦਾ ਇੰਟਰਵਿਊ ਲੈਂਦੀ ਦਿੱਸਦੀ ਹੈ। ਵੀਡੀਓ 'ਚ ਇਹ ਵਿਦਿਆਰਥਣਾਂ ਕਰਜਤ ਤਹਿਸੀਲ 'ਚ ਖਾਂਡਪੇ-ਕੋਂਡੀਵਾੜੇ ਸੜਕ ਦੀ ਖ਼ਰਾਬ ਹਾਲਤ ਬਾਰੇ ਗੱਲ ਕਰਦੀ ਹੋਈ ਦਿੱਸਦੀ ਹੈ, ਜਦੋਂ ਕਿ ਤੀਜੀ ਵਿਦਿਆਰਥਣ ਕੈਮਰਾਮੈਨ ਬਣ ਕੇ ਆਪਣੇ ਮੋਬਾਈਲ ਫੋਨ 'ਤੇ ਗੱਲਬਾਤ ਨੂੰ ਰਿਕਾਰਡ ਕਰਦੀ ਹੈ। ਵੀਡੀਓ 'ਚ ਸੜਕ ਦੇ ਵਿਚੋ-ਵਿਚ ਖੜ੍ਹੀਆਂ ਤਿੰਨੋਂ ਵਿਦਿਆਰਥਣਾਂ 'ਚੋਂ ਇਕ ਵਿਦਿਆਰਥਣ ਇਕ ਬੰਦ ਛੱਤਰੀ ਨੂੰ ਮਾਈਕ ਤਰ੍ਹਾਂ ਫੜ੍ਹੇ ਹੋਏ ਸਵਾਲ ਕਰਦੀ ਹੈ,"ਕੀ ਸੜਕ 'ਤੇ ਟੋਏ ਹਨ ਜਾਂ ਟੋਇਆ 'ਚ ਸੜਕ ਹੈ?" ਵੀਡੀਓ 'ਚ ਆਖ਼ਰ 'ਚ ਵਿਦਿਆਰਥਣ ਇਹ ਕਹਿੰਦੇ ਹੋਏ ਸੁਣੀ ਜਾ ਸਕਦੀ ਹੈ,"ਮੈਂ ਹਾਂ ਰਿਪੋਰਟ ਨੇਹਾ ਘਾਰੇ ਅਤੇ ਮੇਰੇ ਨਾਲ ਹੈ ਕੈਮਰਾਮੈਨ ਮਾਨਸੀ ਪਵਾਰ।" ਟੋਇਆ ਵਾਲੀ ਇਸ ਸੜਕ ਨੂੰ ਲੈ ਕੇ ਸਕੂਲੀ ਵਿਦਿਆਰਥਣਾਂ ਦੇ ਇਸ ਅਨੋਖੇ ਅੰਦਾਜ ਨੇ ਜਲਦ ਹੀ ਸਾਰਿਆਂ ਦਾ ਧਿਆਨ ਖਿੱਚਿਆ, ਜਿਸ ਤੋਂ ਬਾਅਦ ਸਥਾਨਕ ਵਿਧਾਇਕ ਮਹੇਂਦਰ ਥੋਰਵੇ ਨੇ ਲਗਭਗ ਰਾਤੋ-ਰਾਤ ਟੋਏ ਭਰਵਾ ਦਿੱਤੇ।

# ਬੀਬੀ ਵਜਿੰਦਰ ਕੌਰ ਵੇਰਕਾ ਸ਼ਰੋਮਣੀ ਅਕਾਲੀ ਦਲ ਦੇ ਕੋਮੀ ਮੀਤ ਪ੍ਰਧਾਨ ਨਿਯੁਕਤ

ਅੰਮ੍ਰਿਤਸਰ 25 ਅਗਸਤ। ਇਸਤਰੀ ਅਕਾਲੀ ਦਲ ਦੇ ਲਗਾਤਾਰ 5 ਵਾਰ ਸ਼ਹਿਰੀ ਪ੍ਰਧਾਨ ਤੇ ਕੋਮੀ ਜਨਰਲ ਸਕੱਤਰ ਬਣਨ ਸਮੇਤ ਹੋਰ ਵੱਖ-ਵੱਖ ਅਹੁੱਦਿਆਂ 'ਤੇ ਰਹਿ ਕੇ ਪਾਰਟੀ ਦੀ ਸੇਵਾ ਨਿਭਾਉਣ ਦਾ ਮਾਣ ਹਾਸਲ ਕਰਨ ਵਾਲੇ ਟਕਸਾਲੀ ਆਗੂ ਬੀਬੀ ਵਜਿੰਦਰ ਕੌਰ ਵੇਰਕਾ ਨੂੰ ਸ਼?ਰੋਮਣੀ ਅਕਾਲੀ ਦਲ ਦਾ ਕੋਮੀ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧ 'ਚ ਗੱਲਬਾਤ ਕਰਦਿਆਂ ਬੀਬੀ ਵਜਿੰਦਰ ਕੌਰ ਵੇਰਕਾ ਨੇ ਕਿਹਾ ਕਿ ਮੈਨੂੰ ਸ਼?ਰੋਮਣੀ ਅਕਾਲੀ ਦਲ ਦੀ ਕੋਮੀ ਮੀਤ ਪ੍ਰਧਾਨ ਨਿਯੁਕਤ ਕਰਕੇ ਜੋ ਮਾਣ ਤੇ ਸਤਿਕਾਰ ਬਖਸ਼ਿਆ ਗਿਆ ਹੈ ਉਸ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ.ਦਲਜੀਤ ਸਿੰਘ ਚੀਮਾ ਅਤੇ ਸ਼?ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿੱਪ ਦੀ ਮੈਂ ਸ਼ੁੱਕਰਗੁਜਾਰ ਹਾਂ । ਉਨ੍ਹਾਂ ਕਿਹਾ ਭਰੋਸਾ ਦਿਵਾਉਦੀ ਹਾਂ ਕਿ ਇਸ ਜ਼ਿੰਮੇਵਾਰੀ ਨੂੰ



ਪਹਿਲਾਂ ਦੀ ਤਰ੍ਹਾਂ ਹੀ ਪੂਰੀ ਮਿਹਨਤ ਅਤੇ ਦ੍ਰਿੜਤਾ ਨਾਲ ਨਿਭਾਵਾਂਗੀ। ਬੀਬੀ ਵਜਿੰਦਰ ਕੌਰ ਵੇਰਕਾ ਨੇ ਕਿਹਾ ਕਿ ਸ਼?ਰੋਮਣੀ ਅਕਾਲੀ ਦਲ ਨੂੰ ਅਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਮੀਨੀ ਪੱਧਰ 'ਤੇ ਹੋਰ ਵਧੇਰੇ ਮਜਬੂਤ ਕੀਤਾ ਜਾਵੇਗਾ ਤਾਂ ਜੋ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਜਾ ਸਕੇ। ਬੀਬੀ ਵਜਿੰਦਰ ਕੌਰ ਵੇਰਕਾ ਨੇ ਕਿਹਾ ਕਿ ਸੂਬੇ ਦੇ ਸਰੋਤਾਂ ਦੀ ਬੇਦਰਦੀ ਨਾਲ ਲੁੱਟ ਕਰਨ ਵਾਲੀਆਂ ਨੈਸ਼ਨਲ ਪਾਰਟੀਆਂ ਤੋਂ ਲੋਕਾਂ ਨੂੰ ਹੁਣ ਕਿਨਾਰਾ ਕਰਕੇ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕਰਨ ਵਾਲੀ ਖੇਤਰੀ ਪਾਰਟੀ ਸ਼?ਰੋਮਣੀ ਅਕਾਲੀ ਦਲ ਨਾਲ ਜੁੜਨਾ ਚਾਹੀਦਾ ਹੈ।

# ਲੁਧਿਆਣਾ ਦੇ ਹੋਟਲ 'ਚ ਕੰਮ ਕਰਨ ਗਈ ਕੁੜੀ ਨੂੰ ਇਸ ਹਾਲ 'ਚ ਵੇਖ ਮਾਪਿਆਂ ਦੇ ਉੱਡੇ ਹੋਸ਼

ਫਿਲੌਰ 25 ਅਗਸਤ। ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਨੰਗਲ ਦੀ ਰਹਿਣ ਵਾਲੀ ਨੌਜਵਾਨ ਕੁੜੀ (23), ਘਰੋਂ ਕੰਮ 'ਤੇ ਗਈ ਸੀ। ਸ਼ਾਮ ਨੂੰ ਸ਼ੱਕੀ ਹਾਲਾਤ 'ਚ ਕੁੜੀ ਦੀ ਲਾਸ਼ ਬੱਸ ਸਟੈਂਡ ਤੋਂ ਸਿਰਫ਼ 500 ਮੀਟਰ ਦੂਰ ਪਈ ਮਿਲੀ, ਜਿਸ ਨੂੰ ਕਾਤਲ ਨੇ ਇੰਨੀ ਬੁਰੀ ਤਰ੍ਹਾਂ ਮੌਤ ਦੇ ਘਾਟ ਉਤਾਰਿਆ ਕਿ ਉਸ ਦੀ ਪਛਾਣ ਮਿਟਾਉਣ ਲਈ ਉਸ ਦਾ ਚਿਹਰਾ ਬਿਲਕੁਲ ਖ਼ਤਮ ਕਰ ਦਿੱਤਾ। ਅਨੂੰ ਦੇ ਕਤਲ ਮਗਰੋਂ ਕੁਝ ਔਰਤਾਂ ਉਸ ਦੇ ਘਰ ਆਈਆਂ ਅਤੇ ਜੋ ਫੋਨ ਨੰਬਰ ਪਰਿਵਾਰ ਵਾਲਿਆਂ ਨੂੰ ਦੇ ਕੇ ਗਈਆਂ, ਉਹ ਫੋਨ ਦੋਬਾਰਾ ਹੁਣ ਤੱਕ ਕਦੇ ਆਨ ਹੀ ਨਹੀਂ ਹੋਇਆ, ਜਿਸ ਕਾਰਨ ਉਹ ਦੋਵੇਂ ਔਰਤਾਂ ਵੀ ਇਸ ਕਤਲ 'ਚ ਸ਼ਾਮਲ ਦੱਸੀਆਂ ਜਾ ਰਹੀਆਂ ਹਨ, ਜੋ ਪਿੰਡ ਦੇ ਸੀ. ਸੀ. ਟੀ. ਵੀ. ਕੈਮਰੇ ਵਿੱਚ ਕੈਦ ਹੋ ਗਈਆਂ ਹਨ। ਮਿਲੀ ਜਾਣਕਾਰੀ ਮੁਤਾਬਕ ਕੁੜੀ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਦੀ ਕੁੜੀ ਨੇ ਹੋਟਲ ਮੈਨੇਜਮੈਂਟ ਦਾ ਕੋਰਸ ਕੀਤਾ ਸੀ ਅਤੇ ਲੁਧਿਆਣਾ ਸ਼ਹਿਰ ਦੇ ਇਕ ਵੱਡੇ ਨਾਮੀ ਹੋਟਲ 'ਚ ਕੰਮ ਕਰਨ ਲੱਗ ਪਈ। ਉਹ ਰੋਜ਼ਾਨਾ ਘਰੋਂ ਸਵੇਰੇ 7 ਵਜੇ ਕੰਮ 'ਤੇ ਜਾਂਦੀ ਸੀ ਤੇ ਸ਼ਾਮ ਢਲਦਿਆਂ ਹੀ ਸਾਢੇ 7 ਵਜੇ ਆਪਣੇ ਘਰ ਵਾਪਸ ਆਉਂਦੀ ਸੀ। ਬੀਤੇ ਦਿਨ ਸ਼ਾਮ ਨੂੰ ਹੋਟਲ ਤੋਂ ਨਿਕਲਣ ਵੇਲੇ ਉਸ ਨੇ ਆਪਣੇ ਭਰਾ ਨੂੰ ਫੋਨ ਕੀਤਾ ਕਿ ਉਸ ਦੀ ਸਿਹਤ ਅੱਜ ਠੀਕ ਨਹੀਂ ਹੈ, ਉਹ ਜਿਵੇਂ ਹੀ ਲੁਧਿਆਣਾ ਤੋਂ ਫਿਲੌਰ ਬੱਸ ਸਟੈਂਡ 'ਤੇ ਉਤਰੇਗੀ ਤਾਂ ਉਹ ਅੱਗੇ ਉਸ ਨੂੰ ਲੈਣ ਆ ਜਾਵੇ। ਉਸ ਤੋਂ ਬਾਅਦ ਉਸ ਦਾ ਭਰਾ ਉਸ ਨੂੰ ਲੈਣ ਚਲਾ ਗਿਆ, ਉਹ ਜਦੋਂ ਨਹੀਂ ਆਈ ਤਾਂ ਉਸ ਦੇ ਭਰਾ ਨੇ ਉਸ ਨੂੰ ਫੋਨ ਕੀਤਾ ਤਾਂ ਪਹਿਲਾਂ ਲਗਾਤਾਰ ਉਸ ਦਾ ਫੋਨ ਬਿਜ਼ੀ ਆਉਂਦਾ ਰਿਹਾ ਅਤੇ ਉਸ ਤੋਂ ਬਾਅਦ ਅਚਾਨਕ ਉਸ ਦਾ ਫੋਨ ਬੰਦ ਹੋ ਗਿਆ ਤਾਂ ਉਸ ਦਾ ਭਰਾ ਘਰ ਵਾਪਸ ਆ ਗਿਆ। ਉਸ ਦੇ ਪਰਿਵਾਰ ਵਾਲਿਆਂ ਨੂੰ ਇਹ ਗੱਲ ਹਜ਼ਮ ਨਹੀਂ ਹੋਈ ਕਿਉਂਕਿ ਬੇਟੀ ਨੇ ਪਹਿਲਾਂ ਹੀ ਫੋਨ ਕਰਕੇ ਕਿਹਾ ਸੀ ਕਿ ਉਸ ਦੀ ਸਿਹਤ ਠੀਕ ਨਹੀਂ ਹੈ ਤਾਂ ਉਹ ਅਤੇ ਉਸ ਦਾ ਪਿਤਾ ਫਿਲੌਰ ਬੱਸ ਸਟੈਂਡ 'ਤੇ ਦੋਬਾਰਾ ਉਸ ਦੀ ਭਾਲ 'ਚ ਆ ਗਏ। ਜਦੋਂ ਉਨ੍ਹਾਂ ਨੇ ਬੱਸ ਸਟੈਂਡ ਤੋਂ 500 ਮੀਟਰ ਦੂਰ ਲੋਕਾਂ ਦੀ ਭੀੜ ਵੇਖੀ ਤਾਂ ਉੱਥੇ ਜਾ ਕੇ ਵੇਖਿਆ ਤਾਂ ਉਹ ਹੈਰਾਨ ਰਹਿ ਗਏ ਕਿ ਜਿਸ ਮ੍ਰਿਤਕ ਕੁੜੀ ਦੀ ਲਾਸ਼ ਉੱਥੇ ਪਈ ਸੀ, ਜਿਸ ਦਾ ਚਿਹਰਾ ਬਿਲਕੁੱਲ ਪਛਾਣ ਮਿਟਾਉਣ ਲਈ ਖ਼ਤਮ ਕਰ ਦਿੱਤਾ ਗਿਆ ਸੀ, ਉਹ ਕੋਈ ਅਣਜਾਣ ਨਹੀਂ ਸਗੋਂ ਉਨ੍ਹਾਂ ਦੀ ਆਪਣੀ ਬੇਟੀ ਸੀ। ਉਨ੍ਹਾਂ ਨੇ ਉਸ ਦੀ ਪਛਾਣ ਕੱਪੜਿਆਂ ਤੋਂ ਕੀਤੀ, ਉਸ ਦਾ ਪਰਸ ਖੋਲ੍ਹ ਕੇ ਵੇਖਿਆ ਤਾਂ ਉਸ 'ਚ 1700 ਰੁਪਏ ਅਤੇ ਉਸ ਦੇ ਏ. ਟੀ. ਐੱਮ. ਕਾਰਡ ਪਏ ਸਨ। ਮ੍ਰਿਤਕ ਕੁੜੀ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਲੁਧਿਆਣਾ ਦੇ ਹੋਟਲ 'ਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ, ਅੱਜ ਤੱਕ ਕਦੇ ਵੀ ਕੋਈ ਵੀ ਹੋਟਲ ਦੇ ਸਬੰਧ 'ਚ ਉਨ੍ਹਾਂ ਦੇ ਘਰ ਨਹੀਂ ਆਇਆ। ਜਿਵੇਂ ਹੀ ਉਨ੍ਹਾਂ ਦੀ ਕੁੜੀ ਦੀ ਮੌਤ ਹੁੰਦੀ ਹੈ ਅਤੇ ਜਿਸ ਵੇਲੇ ਉਹ ਆਪਣੀ ਕੁੜੀ ਨੂੰ ਲੱਭ ਰਹੇ ਹੁੰਦੇ ਹਨ, ਉਦੋਂ ਇਕ ਔਰਤ ਅਤੇ ਇਕ ਲੜਕੀ ਉਨ੍ਹਾਂ ਦੇ ਘਰ ਪਹੁੰਚਦੀਆਂ ਹਨ ਜੋਕਿ ਇਕ ਲਗਜ਼ਰੀ ਕਾਰ 'ਚ ਆਈਆਂ ਸਨ। ਉਹ ਆ ਕੇ ਉਨ੍ਹਾਂ ਕੋਲੋਂ ਉਨ੍ਹਾਂ ਦੀ ਕੁੜੀ ਅਨੂੰ ਬਾਰੇ ਪੁੱਛਦੀਆਂ ਹਨ, ਉਦੋਂ ਤੱਕ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦੀ ਕੁੜੀ ਦਾ ਕਤਲ ਹੋ ਚੁੱਕਾ ਹੈ। ਉਹ ਉਨ੍ਹਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਦੀ ਬੇਟੀ ਹੁਣ ਤੱਕ ਘਰ ਨਹੀਂ ਆਈ ਅਤੇ ਉਨ੍ਹਾਂ ਨੂੰ ਕੀ ਕੰਮ ਹੈ ਤਾਂ ਉਨ੍ਹਾਂ ਵਿਚੋਂ ਇਕ ਔਰਤ ਨੇ ਕਿਹਾ ਕਿ ਜਿਸ ਹੋਟਲ 'ਚ ਉਨ੍ਹਾਂ ਦੀ ਕੁੜੀ ਕੰਮ ਕਰਦੀ ਹੈ, ਉੱਥੇ ਉਨ੍ਹਾਂ ਨੇ ਕਮਰਾ ਬੁੱਕ ਕਰਵਾਉਣਾ ਸੀ, ਉਸ ਦਾ ਨੰਬਰ ਨਹੀਂ ਮਿਲ ਰਿਹਾ ਸੀ, ਇਸ ਲਈ ਉਹ ਉਨ੍ਹਾਂ ਦੇ ਘਰ ਆਈ ਹੈ। ਉਨ੍ਹਾਂ ਪੁੱਛਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਦਾ ਪਤਾ ਕਿਸ ਨੇ ਦਿੱਤਾ ਤਾਂ ਇਸ ਦਾ ਉਨ੍ਹਾਂ ਨੇ ਕੋਈ ਸਹੀ ਜਵਾਬ ਨਹੀਂ ਦਿੱਤਾ। ਜੋ ਫੋਨ ਨੰਬਰ ਉਹ ਦੇ ਕੇ ਗਈਆਂ ਸਨ, ਉਹ ਅਤੇ ਪਿੰਡ ਦਾ ਸਰਪੰਚ ਲਗਾਤਾਰ ਕੱਲ੍ਹ ਤੋਂ ਉਹ ਨੰਬਰ ਮਿਲਾ ਰਹੇ ਹਨ ਉਹ ਨੰਬਰ ਸਵਿੱਚ ਆਫ਼ ਆ ਰਿਹਾ ਹੈ।

# ਫਿਰੋਜ਼ਪੁਰ 'ਚ ਡਿਊਟੀ ਦੌਰਾਨ ਅਗਨੀਵੀਰ ਫ਼ੌਜੀ ਦੀ ਮੌਤ ! 3 ਸਾਲ ਪਹਿਲਾਂ ਹੋਇਆ ਸੀ ਭਰਤੀ

ਕੌਮੀ ਪੱਤ੍ਰਿਕਾ

ਬਰਨਾਲਾ 25 ਅਗਸਤ। ਬਰਨਾਲਾ ਦੇ ਭਦੌੜ ਵਿਧਾਨ ਸਭਾ ਹਲਕੇ ਦੇ ਪਿੰਡ ਕਾਹਨੇ ਕੇ 'ਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ, ਜਦੋਂ ਗ਼ਰੀਬ ਪਰਿਵਾਰ ਨਾਲ ਸਬੰਧਤ 23 ਸਾਲਾ ਅਗਨੀਵੀਰ ਫ਼ੌਜੀ ਕੁਲਵਿੰਦਰ ਸਿੰਘ ਫਿਰੋਜ਼ਪੁਰ 'ਚ ਡਿਊਟੀ ਦੌਰਾਨ ਮੌਤ ਹੋ ਗਈ। ਕੁਲਵਿੰਦਰ ਸਿੰਘ ਦੀ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਕੁਲਵਿੰਦਰ ਸਿੰਘ ਤਿੰਨ ਸਾਲ ਪਹਿਲਾਂ ਫ਼ੌਜ ਦੀ 113 ਇੰਜੀਨੀਅਰ ਯੂਨਿਟ 'ਚ ਭਰਤੀ ਹੋਇਆ ਸੀ। ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਸੁਧਾਰਣ ਦਾ ਸੁਫ਼ਨਾ ਲੈ ਕੇ ਦੇਸ਼ ਦੀ ਸੇਵਾ ਕਰ ਰਿਹਾ ਸੀ। ਉਸ ਦੀ ਬੇਵਕਤੀ ਮੌਤ ਨਾਲ ਪਰਿਵਾਰ 'ਚ ਮਾਤਮ ਛਾ ਗਿਆ ਹੈ। ਤਿਰੰਗੇ 'ਚ ਲਿਪਟੀ ਸ਼ਹੀਦ ਕੁਲਵਿੰਦਰ ਸਿੰਘ ਦੀ ਮ੍ਰਿਤਕ ਦੇਹ ਜੱਦੀ ਪਿੰਡ ਕਾਹਨੇਕੇ ਪਹੁੰਚੀ। ਫ਼ੌਜ ਅਧਿਕਾਰੀ ਲੈਫਟੀਨੈਂਟ ਸ਼ਿਵ ਲੋਚਨ ਅਤੇ ਫ਼ੌਜ ਦੀ ਟੁਕੜੀ ਨੇ ਉਸ ਨੂੰ ਪੂਰੇ ਫ਼ੌਜੀ ਸਨਮਾਨਾਂ ਨਾਲ ਅੰਤਿਮ ਸਲਾਮੀ ਦਿੱਤੀ। ਇਸ ਤੋਂ ਬਾਅਦ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ। ਫ਼ੌਜੀ ਕੁਲਵਿੰਦਰ ਸਿੰਘ



ਦੇ ਪਿਤਾ ਜਗਸੀਰ ਸਿੰਘ ਨੇ ਦੱਸਿਆ ਕਿ ਪਰਿਵਾਰ ਦੀ ਆਰਥਿਕ ਹਾਲਤ ਬੇਹੱਦ ਕਮਜ਼ੋਰ ਹੈ। ਉਨ੍ਹਾਂ ਦਾ ਪੁੱਤਰ ਪਰਿਵਾਰ ਦੀ ਗ਼ਰੀਬੀ ਦੂਰ ਕਰਨ ਅਤੇ ਘਰ ਦਾ ਗੁਜ਼ਾਰਾ ਤੋਰਨ ਲਈ ਫ਼ੌਜ 'ਚ ਭਰਤੀ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਬੀਤੇ ਦਿਨ ਆਪਣੇ ਪੁੱਤਰ ਦੇ ਬੀਮਾਰ ਹੋਣ ਖ਼ਬਰ ਮਿਲੀ ਤਾਂ ਵਿੱਤੀ ਤੰਗੀ ਕਾਰਨ ਉਨ੍ਹਾਂ ਕੋਲ ਫਿਰੋਜ਼ਪੁਰ ਜਾਣ ਲਈ ਉਸ ਨੂੰ ਮਿਲਣ ਲਈ ਜਾਣ ਦਾ ਕਿਰਾਇਆ ਵੀ ਨਹੀਂ ਸੀ। ਪਰਿਵਾਰ ਰੋਜ਼ਾਨਾ ਦਿਹਾੜੀ-ਮਜ਼ਦੂਰੀ ਕਰਕੇ ਖ਼ਰਚਾ ਚਲਾਉਂਦਾ ਹੈ। ਪਰਿਵਾਰ ਮੁਤਾਬਕ ਕੁਲਵਿੰਦਰ ਸਿੰਘ ਇਕਲੌਤਾ ਕਮਾਉਣ ਵਾਲਾ ਸੀ। ਉਸ ਦੇ ਪਿੱਛੇ ਉਸ ਦੇ ਮਾਤਾ-ਪਿਤਾ ਤੇ ਇਕ ਛੋਟਾ ਭਰਾ ਹੈ। ਪਰਿਵਾਰ ਨੇ ਪੰਜਾਬ ਅਤੇ ਕੇਂਦਰ ਦੋਵਾਂ ਸਰਕਾਰਾਂ ਤੋਂ ਵਿੱਤੀ ਸਹਾਇਤਾ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਪਰਿਵਾਰ ਦੇ ਇਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਵੀ ਮੰਗ ਕੀਤੀ ਹੈ। ਫ਼ੌਜ ਦੇ ਅਧਿਕਾਰੀ ਲੈਫਟੀਨੈਂਟ ਸ਼ਿਵ ਲੋਚਨ ਨੇ ਆਪਣੀ ਯੂਨਿਟ ਦੇ ਜਵਾਨਾਂ ਸਮੇਤ ਕੁਲਵਿੰਦਰ ਸਿੰਘ ਨੂੰ ਸੈਨਿਕ ਸਨਮਾਨ ਨਾਲ ਅੰਤਿਮ ਸਲਾਮੀ ਦਿੱਤੀ। ਉਨ੍ਹਾਂ ਸ਼ਹੀਦ ਦੇ ਪਰਿਵਾਰ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਦੇਸ਼ ਦੀ ਰੱਖਿਆ ਕਰਦੇ ਹੋਏ ਫੌਜ ਦੇ ਜਵਾਨ ਹਮੇਸ਼ਾ ਸਰਵਉੱਚ ਬਲਿਦਾਨ ਲਈ ਤਿਆਰ ਰਹਿੰਦੇ ਹਨ। ਇਸ ਦੌਰਾਨ ਥਾਣਾ ਰੂੜੇਕੇ ਕਲਾਂ ਦੇ ਐੱਸ. ਐੱਚ. ਓ. ਗੁਰਮਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਦੁੱਖਦਾਈ ਘਟਨਾ 'ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਪੰਜਾਬ ਅਤੇ ਕੇਂਦਰ ਸਰਕਾਰਾਂ ਸ਼ਹੀਦ ਅਗਨੀਵੀਰ ਦੇ ਪਰਿਵਾਰ ਨੂੰ ਢੁੱਕਵੀਂ ਵਿੱਤੀ ਸਹਾਇਤਾ ਪ੍ਰਦਾਨ ਕਰਨ। ਪਿੰਡ ਵਾਸੀ ਹਰਜੀਤ ਕੌਰ ਤੇ ਖ਼ੁਸ਼ਵਿੰਦਰ ਸਿੰਘ ਨੇ ਕਿਹਾ ਕਿ ਪਰਿਵਾਰ ਦੀ ਵਿੱਤੀ ਸਥਿਤੀ ਨੂੰ ਵੇਖਦੇ ਹੋਏ ਸਰਕਾਰ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ।

# ਬਠਿੰਡਾ ਜ਼ਿਲ੍ਹੇ 'ਚ 9 ਅਕਤੂਬਰ ਤੱਕ ਲੱਗੀਆਂ ਵੱਡੀਆਂ ਪਾਬੰਦੀਆਂ, ਪੜ੍ਹੋ ਕਿਨ੍ਹਾਂ ਕੰਮਾਂ 'ਤੇ ਲੱਗੀ ਰੋਕ

ਕੌਮੀ ਪੱਤ੍ਰਿਕਾ

ਬਠਿੰਡਾ 25 ਅਗਸਤ। ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮੈਜਿਸਟ?ਰੇਟ ਰਾਜੇਸ਼ ਧੀਮਾਨ ਨੇ ਜ਼ਿਲ੍ਹੇ 'ਚ ਮੌਜੂਦ ਹਵਾਈ ਅੱਡੇ ਦੇ ਘੇਰੇ ਤੋਂ ਦੋ ਕਿਲੋਮੀਟਰ ਅੰਦਰ ਲਾਲਟੇਨ ਪਤੰਗਾਂ, ਇੱਛਾ ਪਤੰਗਾਂ ਆਦਿ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਇਹ ਹੋਰ ਹੁਕਮ ਅਨੁਸਾਰ ਜ਼ਿਲ੍ਹੇ ਅੰਦਰ ਅਮਨ-ਕਾਨੂੰਨ ਵਿਵਸਥਾ ਅਤੇ ਸਮਾਜਿਕ ਸ਼ਾਂਤੀ ਨੂੰ ਮੁੱਖ ਰੱਖਦੇ ਹੋਏ ਹਰ ਪੀ. ਜੀ. ਮਾਲਕ ਆਪਣੀ ਪੀ. ਜੀ. ਨੂੰ ਰਜਿਸਟਰ ਕਰਵਾਉਂਦੇ ਹੋਏ ਪੀ. ਜੀ. 'ਚ ਰਹਿਣ ਵਾਲੇ ਬੱਚਿਆਂ, ਕਿਰਾਏਦਾਰਾਂ ਦੀ ਸਬੰਧਿਤ ਪੁਲਸ ਥਾਣੇ ਸਾਂਝ ਕੇਂਦਰ ਰਾਹੀਂ ਰਜਿਸਟ?ਰੇਸ਼ਨ ਵੈਰੀਫਿਕੇਸ਼ਨ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ। ਹੁਕਮ ਮੁਤਾਬਕ ਪੀ. ਜੀ. ਮਾਲਕਾਂ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਉਹ ਆਪਣੇ ਪੀ. ਜੀ. 'ਚ ਰਹਿਣ ਵਾਲੇ ਵਿਦਿਆਰਥੀਆਂ, ਕਿਰਾਏਦਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੱਗ ਬੁਝਾਊ ਯੰਤਰ ਅਤੇ ਸੀ. ਸੀ. ਟੀ. ਵੀ. ਕੈਮਰੇ ਜ਼ਰੂਰ ਲਗਾਉਣ। ਜਾਰੀ ਹੋਰ ਹੁਕਮਾਂ ਮੁਤਾਬਕ ਜ਼ਿਲ੍ਹੇ 'ਚ ਵਿਆਹਾਂ, ਸ਼ਾਦੀਆਂ ਅਤੇ ਹੋਰ ਸਮਾਗਮਾਂ ਆਦਿ 'ਤੇ ਪਟਾਕੇ, ਆਤਿਸ਼ਬਾਜ਼ੀ ਚਲਾਉਣ ਤੇ ਆਰਮ ਫਾਇਰ ਦੀ ਵਰਤੋਂ ਕਰਨ ਉੱਪਰ ਮੁਕੰਮਲ ਪਾਬੰਦੀ ਲਗਾਈ ਗਈ ਹੈ। ਇਕ ਹੋਰ ਹੁਕਮ ਰਾਹੀਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰੂ ਗੋਬਿੰਦ ਸਿੰਘ ਰਿਫਾਈਨਰੀ ਰਾਮਾਂ, ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਬਠਿੰਡਾ, ਆਈ.ਓ., ਬੀ.ਪੀ.ਸੀ.ਐੱਲ., ਐੱਚ.ਪੀ.ਸੀ. ਐੱਲ., ਬਲਾਕ ਪੀ. ਓ. ਐੱਲ. ਟਰਮਿਨਲ, ਫੂਸ ਮੰਡੀ ਮਾਨਸਾ ਰੋਡ ਬਠਿੰਡਾ, 2-ਜੀ ਬਾਇਓ ਇਥਾਨੌਲ ਪਲਾਂਟ, ਅੰਬੂਜਾ ਸੀਮੇਂਟ ਪਲਾਂਟ, ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਸਿਵਲ ਏਅਰਪੋਰਟ ਵਿਰਕ ਕਲਾਂ, ਨਾਇਲੋਨ, ਪਲਾਸਟਿਕ ਜਾਂ ਸਿੰਥੈਟਿਕ ਮਟੀਰੀਅਲ ਤੋਂ ਬਣੇ




ਏਅਰਫੋਰਸ ਭਿਸੀਆਣਾ, ਗੋਲ ਦਿਆਲਪੁਰਾ, ਆਰ. ਟੀ. ਬਠਿੰਡਾ, ਐੱਸ. ਵੀ. ਗਹਿਰੀ ਬੁੱਟਰ ਦੇ ਆਸ-ਪਾਸ ਦੇ ਏਰੀਏ 'ਚ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਪਤੰਗ ਉਡਾਉਣ ਵਾਲੇ ਧਾਗੇ (ਚਾਇਨਾ ਡੋਰ) 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਇਕ ਹੋਰ ਜਾਰੀ ਹੁਕਮ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਅਣ-ਅਧਿਕਾਰਤ ਸੀਮਨ ਦਾ ਭੰਡਾਰ ਕਰਨ, ਟਰਾਂਸਪਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪਾਬੰਦੀ ਲਗਾਈ ਜਾਂਦੀ ਹੈ। ਜ਼ਿਲ੍ਹਾ ਮੈਜਿਸਟ?ਰੇਟ ਨੇ ਜਾਰੀ ਹੁਕਮ ਮੁਤਾਬਕ ਪੁਰਾਣੀ ਤਹਿਸੀਲ ਕੰਪਲੈਕਸ ਬਠਿੰਡਾ ਵਿਖੇ ਸਰਕਾਰੀ ਜਗ?ਹਾ ਤੇ ਗੈਰ ਕਾਨੂੰਨੀ ਢੰਗ ਨਾਲ ਬਣਾਏ ਜਾ ਰਹੇ ਦੁਕਾਨਾਂ/ ਬੂਥ ਚੈਂਬਰ, ਖੋਖਿਆਂ ਆਦਿ ਦੀ ਉਸਾਰੀ ਕਰਨ 'ਤੇ ਰੋਕ ਲਗਾਈ ਗਈ ਹੈ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਟਰੈਕਟਰ ਤੇ ਸਬੰਧਤ ਸੰਦਾਂ ਆਦਿ ਦੇ ਖਤਰਨਾਕ ਪ੍ਰਦਰਸ਼ਨ/ ਸਟੰਟ ਕਰਨ ਨੂੰ ਆਯੋਜਿਤ ਕਰਨ 'ਤੇ ਪੂਰਨ ਰੋਕ ਲਗਾਈ ਗਈ ਹੈ। ਹੁਕਮ ਅਨੁਸਾਰ ਜਨਤਾ ਦਾ ਕੋਈ ਵੀ ਮੈਂਬਰ ਸ਼ੋਸਲ ਮੀਡੀਆਂ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਕਰਨ ਵਾਲੀ ਕੋਈ ਤਸਵੀਰ ਜਾਂ ਵੀਡੀਓ ਅਪਲੋਡ ਨਹੀਂ ਕਰੇਗਾ ਅਤੇ ਨਾ ਹੀ ਹਥਿਆਰਾਂ ਦੀ ਵਰਤੋਂ ਦੀ ਵਡਿਆਈ ਕਰਨ ਵਾਲਾ ਕੋਈ ਟੈਕਸਟ ਪੋਸਟ ਪਾਵੇਗਾ ਤੇ ਨਾ ਸ਼ੇਅਰ ਕਰੇਗਾ।

# ਪਠਾਨਕੋਟ 'ਚ ਬਿਜਲੀ ਕੱਟਾਂ ਕਾਰਨ ਮਚੀ ਹਾਹਾਕਾਰ, ਵਾਰਡ 13 ਦੇ ਵਾਸੀਆਂ ਨੇ ਕੀਤਾ ਰੋਸ ਪ੍ਰਦਰਸ਼ਨ

ਪਠਾਨਕੋਟ 25 ਅਗਸਤ। ਪਠਾਨਕੋਟ ਦੇ ਵਾਰਡ ਨੰਬਰ 13 'ਚ ਪਿਛਲੇ 10 ਤੋਂ 12 ਦਿਨਾਂ ਤੋਂ ਲਗਾਤਾਰ ਬਿਜਲੀ ਦੇ ਲੱਗ ਰਹੇ ਕੱਟਾਂ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਬਿਜਲੀ ਦੀ ਸਮੱਸਿਆ ਤੋਂ ਪਰੇਸ਼ਾਨ ਹੋ ਕੇ ਵਾਰਡ ਵਾਸੀ ਸੜਕਾਂ 'ਤੇ ਉਤਰ ਆਏ ਅਤੇ ਆਪਣਾ ਰੋਸ ਜ਼ਾਹਰ ਕੀਤਾ। ਲੋਕਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੱਕ ਬਿਜਲੀ ਬੰਦ ਰਹਿਣ ਕਾਰਨ ਉਨ੍ਹਾਂ ਦਾ ਰੋਜ਼ਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਥਾਨਕ ਲੋਕਾਂ ਮੁਤਾਬਕ ਬਿਜਲੀ ਨਾ ਹੋਣ ਕਾਰਨ ਸਭ ਤੋਂ ਵੱਡੀ ਸਮੱਸਿਆ ਪਾਣੀ ਦੀ ਪੈਦਾ ਹੋ ਰਹੀ ਹੈ। ਬਿਜਲੀ ਬੰਦ ਹੋਣ ਕਾਰਨ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੁੰਦੀ ਹੈ, ਜਿਸ ਕਾਰਨ ਘਰਾਂ ਵਿੱਚ ਪਾਣੀ ਦੀ ਕਿੱਲਤ ਬਣੀ ਹੋਈ ਹੈ। ਲੋਕਾਂ ਦਾ ਕਹਿਣਾ ਹੈ ਕਿ ਕਈ ਵਾਰ ਬਿਜਲੀ ਦੇਰ ਰਾਤ ਤੱਕ ਬੰਦ ਰਹਿੰਦੀ ਹੈ, ਜਿਸ ਕਾਰਨ ਬੱਚਿਆਂ ਅਤੇ ਬਜ਼ੁਰਗਾਂ ਨੂੰ ਖਾਸ ਤੌਰ 'ਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਵਾਰਡ ਵਾਸੀਆਂ ਨੇ ਦੱਸਿਆ ਕਿ



ਗਰਮੀ ਦੇ ਮੌਸਮ ਵਿੱਚ ਬਿਜਲੀ ਦੇ ਲੰਬੇ ਕੱਟਾਂ ਕਾਰਨ ਬੱਚੇ ਰਾਤਾਂ ਨੂੰ ਸੌਂ ਨਹੀਂ ਪਾ ਰਹੇ, ਜਦਕਿ ਕਈ ਬੱਚਿਆਂ ਲਈ ਸਕੂਲ ਜਾਣਾ ਵੀ ਮੁਸ਼ਕਲ ਹੋ ਰਿਹਾ ਹੈ। ਬਿਜਲੀ ਨਾ ਹੋਣ ਕਾਰਨ ਪੜ੍ਹਾਈ ਵੀ ਪ੍ਰਭਾਵਿਤ ਹੋ ਰਹੀ ਹੈ। ਇਸ ਦੇ ਨਾਲ ਹੀ ਲੋਕਾਂ ਨੇ ਦੱਸਿਆ ਕਿ ਰਾਤ ਸਮੇਂ ਇਲਾਕੇ ਵਿੱਚ ਹਨੇਰਾ ਛਾ ਜਾਣ ਕਾਰਨ ਬਜ਼ੁਰਗਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲ ਆ ਰਹੀ ਹੈ ਅਤੇ ਕਈ ਬਜ਼ੁਰਗ ਹਨੇਰੇ ਕਾਰਨ ਹਾਦਸਿਆਂ ਦਾ ਸ਼ਿਕਾਰ ਵੀ ਹੋ ਚੁੱਕੇ ਹਨ। ਵਾਰਡ ਵਾਸੀਆਂ ਨੇ ਬਿਜਲੀ ਵਿਭਾਗ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਅਤੇ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇ, ਤਾਂ ਜੋ ਲੋਕਾਂ ਨੂੰ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਇਸ ਪ੍ਰੇਸ਼ਾਨੀ ਤੋਂ ਰਾਹਤ ਮਿਲ ਸਕੇ।

# ਪਾਵਰਕਾਮ 'ਚ ਪੈ ਗਿਆ ਵੱਡਾ ਪੰਗਾ, ਇਤਿਹਾਸ 'ਚ ਪਹਿਲੀ ਵਾਰ ਹੋਇਆ ਇਹ ਕੰਮ

ਕੌਮੀ ਪੱਤ੍ਰਿਕਾ

ਪਟਿਆਲਾ, ਸਨੌਰ 25 ਅਗਸਤ। ਲੰਬੇ ਸਮੇਂ ਤੋਂ ਚੀਫ਼ ਇੰਜੀਨੀਅਰ ਸਾਊਥ ਦੀ ਕੁਰਸੀ 'ਤੇ ਕਬਜ਼ਾ ਜਮਾ ਕੇ ਬੈਠੇ ਚੀਫ਼ ਇੰਜੀਨੀਅਰ ਆਰ. ਕੇ. ਮਿੱਤਲ ਖ਼?ਲਾਫ਼ ਪਟਿਆਲਾ ਜ਼ਿਲੇ ਦੇ 50 ਤੋਂ ਵੱਧ ਇੰਜੀਨੀਅਰਾਂ, ਜਿਨ੍ਹਾਂ 'ਚ ਐੱਸ. ਡੀ. ਓ. ਤੇ ਐਕਸੀਅਨ ਸ਼ਾਮਲ ਹਨ, ਨੇ ਬਗ਼ਾਵਤ ਵਾਲਾ ਮੋਰਚਾ ਖੋਲ੍ਹ ਦਿੱਤਾ ਹੈ। ਇਨ੍ਹਾਂ ਇੰਜੀਨੀਅਰਾਂ ਨੇ ਪਾਵਰਕਾਮ ਦੇ ਸੀ. ਐੱਮ. ਡੀ. ਨੂੰ ਇਕ ਪੱਤਰ ਭੇਜ ਕੇ ਬੇਨਤੀ ਕੀਤੀ ਹੈ ਕਿ ਚੀਫ਼ ਇੰਜੀਨੀਅਰ ਵੱਲੋਂ ਹੇਠਲੇ ਇੰਜੀਨੀਅਰਾਂ 'ਤੇ ਕੀਤੇ ਜਾ ਰਹੇ ਅੱਤਿਆਚਾਰ ਤੇ ਅਣ-ਉਚਿਤ ਵਿਵਹਾਰ ਕਾਰਨ ਇੰਜੀਨੀਅਰ ਮਾਨਸਿਕ ਪ੍ਰੇਸ਼ਾਨੀ 'ਚੋਂ ਲੰਘ ਰਹੇ ਹਨ, ਜਿਸ ਦਾ ਅਸਰ ਸਮੁੱਚੇ ਜ਼ਿਲੇ ਦੇ ਕੰਮਕਾਜ 'ਤੇ ਪੈ ਰਿਹਾ ਹੈ। ਇੰਜੀਨੀਅਰਾਂ ਅਤੇ ਹੋਰ ਅਧਿਕਾਰੀਆਂ ਦੀ ਮਾਣਮੱਤੀ ਐਸੋਸੀਏਸ਼ਨ 'ਪ੍ਰੋਗਰੈਸਿਵ ਅਲਾਇੰਸ ਆਫ਼ ਪਾਵਰ ਆਫ਼?ਸਰਜ਼' ਦੇ ਸੂਬਾ ਪ੍ਰਧਾਨ ਇੰਜੀਨੀਅਰ ਜਸਦੇਵ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਬਕਾਇਦਾ ਤੌਰ 'ਤੇ ਮੀਟਿੰਗ ਕਰਕੇ ਚੀਫ਼ ਇੰਜੀਨੀਅਰ ਖ਼?ਲਾਫ਼ ਮਤਾ ਪਾਸ ਕੀਤਾ ਗਿਆ ਹੈ। ਪਾਵਰਕਾਮ ਦੇ ਇਤਿਹਾਸ 'ਚ ਪਹਿਲੀ ਵਾਰ ਹੋ ਰਿਹਾ ਹੈ ਕਿ 50 ਤੋਂ ਵੱਧ ਇੰਜੀਨੀਅਰ ਇਕ ਚੀਫ਼ ਇੰਜੀਨੀਅਰ ਦੇ ਖ਼?ਲਾਫ਼ ਪਾਵਰਕਾਮ ਦੇ ਸੀ. ਐੱਮ. ਡੀ. ਨੂੰ ਪੱਤਰ ਲਿਖ ਰਹੇ ਹੋਣ। ਐਸੋਸੀਏਸ਼ਨ ਦੀ ਮੀਟਿੰਗ 'ਚ ਹੋਰ ਬਹੁਤ ਸਾਰੇ ਇੰਜੀਨੀਅਰ ਸ਼ਾਮਲ ਰਹੇ। ਇਸ ਮੌਕੇ ਬਕਾਇਦਾ ਤੌਰ 'ਤੇ ਸੀ. ਐੱਮ. ਡੀ. ਨੂੰ ਚੀਫ਼ ਇੰਜੀਨੀਅਰ ਖ਼?ਲਾਫ਼ ਭੇਜੇ ਗਏ ਮੈਮੋਰੰਡਮ 'ਚ ਬਹੁਤ ਸਾਰੇ ਬਰੀਕੀ ਨਾਲ ਮੁੱਦੇ ਚੁੱਕੇ ਗਏ ਹਨ ਤੇ ਸੀ. ਐੱਮ. ਡੀ. ਨੂੰ ਬੇਨਤੀ ਕੀਤੀ ਗਈ ਹੈ ਕਿ ਜੇਕਰ ਚੀਫ਼ ਇੰਜੀਨੀਅਰ ਸਾਊਥ ਦਾ ਤਬਾਦਲਾ ਨਾ ਕੀਤਾ ਗਿਆ ਤਾਂ ਇਸ ਚੀਫ਼ ਇੰਜੀਨੀਅਰ ਦਾ ਸਮੁੱਚੇ ਇੰਜੀਨੀਅਰ ਬਾਈਕਾਟ ਕਰਨਗੇ। ਇੱਥੇ ਹੀ ਬੱਸ ਨਹੀਂ, ਜੇਕਰ 25 ਅਗਸਤ ਤੱਕ ਕੋਈ ਕਾਰਵਾਈ ਨਾ ਹੋਈ ਤਾਂ 25 ਅਗਸਤ ਤੋਂ ਬਾਅਦ ਪਟਿਆਲਾ ਸਰਕਲ ਵਾਲੇ ਗਰੁੱਪ ਤੋਂ ਬਿਨਾਂ ਸਾਰੇ ਵਟਸਐਪ ਗਰੁੱਪਾਂ ਨੂੰ ਵੀ ਛੱਡ ਦਿੱਤਾ ਜਾਵੇਗਾ। ਇੰਜੀਨੀਅਰਾਂ ਨੇ ਸਪੱਸ਼ਟ ਕੀਤਾ ਹੈ ਕਿ ਇਸੇ ਤਰ੍ਹਾਂ 5 ਵਜੇ ਤੋਂ ਬਾਅਦ ਕਿਸੇ ਤਰ੍ਹਾਂ ਦੀ ਜਾਣਕਾਰੀ ਅਧਿਕਾਰੀ ਸ਼ੇਅਰ ਨਹੀਂ ਕਰਨਗੇ। ਅਧਿਕਾਰੀਆਂ ਨੇ ਮਤਾ ਪਾਸ ਕਰਕੇ ਚੇਅਰਮੈਨ ਨੂੰ ਅਪੀਲ ਕੀਤੀ ਹੈ ਕਿ ਇਸ ਨੂੰ ਬਦਲਿਆ ਜਾਵੇ ਨਹੀਂ ਤਾਂ 25 ਅਗਸਤ ਨੂੰ ਆਰ. ਕੇ. ਮਿੱਤਲ ਦੇ ਦਫ਼ਤਰ ਦਾ ਘਿਰਾਓ ਹੋਵੇਗਾ। ਸਮੁੱਚੇ ਇੰਜੀਨੀਅਰ ਛੁੱਟੀ ਲੈ ਕੇ ਚੀਫ਼ ਇੰਜੀਨੀਅਰ ਦਾ ਪਿੱਟ-ਸਿਆਪਾ ਕਰਨਗੇ। ਇਸ ਤੋਂ ਬਾਅਦ ਸੰਘਰਸ਼ ਹੋਰ ਤਿੱਖਾ ਹੋਵੇਗਾ। ਇੰਜੀਨੀਅਰਾਂ ਨੇ ਆਖਿਆ ਕਿ ਕੰਮ ਦੇ ਨਾਲ-ਨਾਲ ਅਧਿਕਾਰੀਆਂ ਦੀ ਇੱਜ਼ਤ ਤੇ ਸਵੈਮਾਣ ਸਭ ਤੋਂ ਪਹਿਲਾਂ ਜ਼ਰੂਰੀ ਹੈ ਪਰ ਚੀਫ਼ ਇੰਜੀਨੀਅਰ ਆਪਣੇ ਹੇਠਲੇ ਇੰਜੀਨੀਅਰਾਂ ਨੂੰ ਜਲੀਲ ਕਰ ਰਹੇ ਹਨ। ਐਸੋਸੀਏਸ਼ਨ 'ਪ੍ਰੋਗਰੈਸਿਵ ਅਲਾਇੰਸ ਆਫ਼ ਪਾਵਰ ਆਫ਼?ਸਰਜ਼' ਨੇ ਸੀ. ਐੱਮ. ਡੀ. ਨੂੰ ਲਿਖੇ ਪੱਤਰ 'ਚ ਇਹ ਯਾਦ ਦਿਵਾਇਆ ਹੈ ਕਿ ਚੀਫ਼ ਇੰਜੀਨੀਅਰ ਇਹ ਭੁੱਲ ਗਏ ਹਨ ਕਿ ਉਹ ਵੀ ਕਦੇ ਐੱਸ. ਡੀ. ਓ. ਸਨ। ਫਿਰ ਉਹ ਐਕਸੀਅਨ ਬਣੇ ਤੇ ਇਸ ਚੀਫ਼ ਇੰਜੀਨੀਅਰ ਦੇ ਅਹੁਦੇ ਤੱਕ ਪੁੱਜੇ ਹਨ। ਇੰਜੀਨੀਅਰਾਂ ਨੇ ਆਖਿਆ ਕਿ ਚੀਫ਼ ਇੰਜੀਨੀਅਰ ਨੂੰ ਇਹ ਪਤਾ ਹੀ ਨਹੀਂ ਕਿ ਐੱਸ. ਡੀ. ਓ. ਜੋ ਕਿ ਕਲਾਸ-1 ਅਫ਼ਸਰ ਹੁੰਦਾ ਹੈ, ਉਸ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ। ਇਹ ਚੀਫ਼ ਇੰਜੀਨੀਅਰ ਬਹੁਤ ਬਦਤਮੀਜ਼ੀ ਨਾਲ ਪੇਸ਼ ਆਉਂਦਾ ਹੈ, ਜਿਸ ਕਾਰਨ ਸਾਰੇ ਅਧਿਕਾਰੀ ਬੁਰੀ ਤਰ੍ਹਾਂ ਦੁਖੀ ਤੇ ਕਲਪੇ ਪਏ ਹਨ। ਪਾਵਰਕਾਮ ਦੇ ਦਫ਼ਤਰਾਂ 'ਚ ਇਸ ਸਮੇਂ ਸਟਾਫ਼ ਦੀ ਬੇਹੱਦ ਘਾਟ ਹੈ। ਕਈ ਸਬ-ਡਵੀਜ਼ਨਾਂ 'ਚ ਤਾਂ ਸਿਰਫ਼ 30 ਫ਼ੀਸਦੀ ਸਟਾਫ਼ ਹੈ। ਉੱਧਰੋਂ ਪੈਡੀ ਸੀਜ਼ਨ ਤੇ ਗਰਮੀ ਦਾ ਸੀਜ਼ਨ ਹੋਣ ਕਾਰਨ ਹੇਠਲੇ ਮੁਲਾਜ਼ਮਾਂ ਤੋਂ 16-16 ਘੰਟੇ ਕੰਮ ਲਿਆ ਜਾ ਰਿਹਾ ਹੈ। ਅਜਿਹੇ 'ਚ ਮੁਲਾਜ਼ਮ ਪੈਡੀ ਸੀਜ਼ਨ ਨੂੰ ਦੇਖਣ ਜਾਂ ਫਿਰ ਚੀਫ਼ ਇੰਜੀਨੀਅਰ ਵੱਲੋਂ



ਲਗਾਏ ਹੁਕਮਾਂ ਨੂੰ ਲਾਗੂ ਕਰਵਾਉਣ, ਇਹ ਵੱਡੇ ਵਿਵਾਦ ਦਾ ਵਿਸ਼ਾ ਹੈ। ਚੀਫ਼ ਇੰਜੀਨੀਅਰ ਦੇ ਦਫ਼ਤਰ 'ਚ ਹੀ ਇਕ ਦਰਜਨ ਤੋਂ ਵੱਧ ਟੈਕਨੀਕਲ ਅਧਿਕਾਰੀ ਕੁਰਸੀਆਂ 'ਤੇ ਤਾਇਨਾਤ ਹਨ, ਜਿਨ੍ਹਾਂ ਨੂੰ ਚੀਫ਼ ਇੰਜੀਨੀਅਰ ਫ਼ੀਲਡ 'ਚ ਭੇਜਣ ਲਈ ਤਿਆਰ ਨਹੀਂ ਅਤੇ ਇਹ ਸਾਰੇ ਏ. ਸੀ. ਦਫ਼ਤਰਾਂ ਦੀ ਹਵਾ ਖਾ ਰਹੇ ਹਨ। ਐਸੋਸੀਏਸ਼ਨ 'ਪ੍ਰੋਗਰੈਸਿਵ ਅਲਾਇੰਸ ਆਫ਼ ਪਾਵਰ ਆਫ਼?ਸਰਜ਼' ਦੇ ਨੇਤਾਵਾਂ ਨੇ ਆਖਿਆ ਕਿ ਪਾਵਰਕਾਮ ਦੇ ਸੀ. ਐੱਮ. ਡੀ. ਕਮ-ਚੇਅਰਮੈਨ ਬਸੰਤ ਗਰਗ ਜਿਹੜੇ ਕਿ ਸੀਨੀਅਰ ਆਈ. ਏ. ਐੱਸ. ਅਧਿਕਾਰੀ ਹਨ, ਹਰ ਕਿਸੇ ਨਾਲ ਹੇਠਲੇ ਪੱਧਰ ਦੇ ਅਧਿਕਾਰੀਆਂ ਨਾਲ ਵੀ ਬੇਹੱਦ ਸਤਿਕਾਰ ਨਾਲ ਗੱਲ ਕਰਦੇ ਹਨ। ਉਨ੍ਹਾਂ ਆਖਿਆ ਕਿ ਜਦੋਂ ਕਿਸੇ ਸੰਸਥਾ ਦਾ ਚੇਅਰਮੈਨ ਹੀ ਹਰ ਕਿਸੇ ਨੂੰ ਸਤਿਕਾਰ ਦਿੰਦਾ ਹੋਵੇ ਪਰ ਉਸੇ ਸ਼ਹਿਰ 'ਚ ਬੈਠਾ ਇਕ ਚੀਫ਼ ਇੰਜੀਨੀਅਰ ਹਰ ਇੰਜੀਨੀਅਰ ਨਾਲ ਬਦਤਮੀਜ਼ੀ ਨਾਲ ਪੇਸ਼ ਆਉਂਦਾ ਹੋਵੇ, ਇਹ ਬਹੁਤ ਵੱਡਾ ਮੁੱਦਾ ਬਣ ਜਾਂਦਾ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਬਕਾਇਦਾ ਤੌਰ 'ਤੇ ਚੇਅਰਮੈਨ ਸਾਹਿਬ ਨੂੰ ਪੂਰੇ ਵਿਸਥਾਰ ਸਹਿਤ ਪੱਤਰ ਲਿਖਿਆ ਗਿਆ ਹੈ। ਅਸੀਂ ਆਸ ਕਰਦੇ ਹਾਂ ਕਿ ਚੇਅਰਮੈਨ ਸਾਹਿਬ ਚੀਫ਼ ਇੰਜੀਨੀਅਰ ਖ਼?ਲਾਫ਼ ਸਖ਼ਤ ਕਾਰਵਾਈ ਕਰਨਗੇ। ਇਸ ਸਬੰਧੀ ਜਦੋਂ ਚੀਫ਼ ਇੰਜੀਨੀਅਰ ਆਰ. ਕੇ. ਮਿੱਤਲ ਨਾਲ ਸੰਪਰਕ ਬਣਾਇਆ ਤਾਂ ਉਨ੍ਹਾਂ ਆਖਿਆ ਕਿ ਕੰਮ ਨਾ ਕਰਨ ਵਾਲੇ ਅਧਿਕਾਰੀ ਹੀ ਮੇਰੇ ਖ਼?ਲਾਫ਼ ਸ਼ਿਕਾਇਤਾਂ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਮੈਂ ਕੰਮ ਕਰਨ ਲਈ ਕਹਿੰਦਾ ਹਾਂ। ਡਿਫ਼ਾਲਟਿੰਗ ਅਮਾਊਂਟਾਂ ਕਵਰ ਕਰਨ ਲਈ ਕਹਿ ਰਿਹਾ ਹਾਂ, ਇਸ ਲਈ ਇਹ ਮੇਰੇ ਖ਼?ਲਾਫ਼ ਬੋਲ ਰਹੇ ਹਨ ਪਰ ਮੈਂ ਆਪਣਾ ਕੰਮ ਜਾਰੀ ਰੱਖਾਂਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਪਾਵਰਕਾਮ ਦੇ ਦਫ਼ਤਰਾਂ 'ਚ ਕੀ ਇਕੱਲਾ ਡਿਫ਼ਾਲਟਿੰਗ ਅਮਾਊਂਟ ਦਾ ਹੀ ਕੰਮ ਹੈ, ਹੋਰ ਕੋਈ ਕੰਮ ਨਹੀਂ? ਇਸ ਸਬੰਧੀ ਉਹ ਠੋਸ ਜਵਾਬ ਨਾ ਦੇ ਸਕੇ।